# ਮਹਾਰਾਜਾ ਰਣਜੀਤ ਸਿੰਘ

## ਰਾਜ ਵਿਵਸਥਾ, ਅਰਥਚਾਰਾ ਅਤੇ ਸਮਾਜ

ਜੇ. ਐਸ. ਗਰੇਵਾਲ

ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

# ਮਹਾਰਾਜਾ ਰਣਜੀਤ ਸਿੰਘ

## ਰਾਜ ਵਿਵਸਥਾ, ਅਰਥਚਾਰਾ ਅਤੇ ਸਮਾਜ

*ਅਨੁਵਾਦਕ*
ਪ੍ਰੇਮ ਅਵਤਾਰ ਰੈਣਾ

ਜੇ. ਐਸ. ਗਰੇਵਾਲ

ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

©
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
2002

ISBN : 81-7770-026-X

*ਪ੍ਰਕਾਸ਼ਕ*
**ਡਾ. ਆਰ.ਐਸ. ਬਾਵਾ,**
ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

*ਛਾਪਕ*
**ਜਗਜੀਤ ਸਿੰਘ ਵਾਲੀਆ,**
ਡਾਇਰੈਕਟਰ, ਪ੍ਰੈਸ ਤੇ ਪ੍ਰਕਾਸ਼ਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

*ਛਪਾਈ*
ਪ੍ਰਿੰਟਵੈਲ, ਅੰਮ੍ਰਿਤਸਰ

ਕੀਮਤ : 300/- ਰੁਪਏ (ਡੀਲਕਸ)
200/- ਰੁਪਏ (ਪੱਕੀ ਬਾਈਂਡਿੰਗ)

# ਮੁਖਬੰਧ

ਪੰਜਾਬ ਦੇ ਇਕੋ ਇਕ ਸਮਰੱਥ ਹੁਕਮਰਾਨ ਹੋਣ ਦੇ ਨਾਤੇ, ਮਹਾਰਾਜਾ ਰਣਜੀਤ ਸਿੰਘ ਦਾ ਭਾਰਤ ਦੇ ਇਤਿਹਾਸ ਵਿਚ ਇਕ ਵਿਲੱਖਣ ਸਥਾਨ ਹੈ। ਉਸ ਨੇ ਬਿਖਰੀਆਂ ਹੋਈਆਂ ਛੋਟੀਆਂ ਛੋਟੀਆਂ ਮਿਸਲਾਂ ਨੂੰ ਇਕੱਠੇ ਕਰਕੇ ਇਕ ਨਵੇਂ ਰਾਜ ਦੀ ਨੀਂਹ ਰੱਖੀ ਅਤੇ ਇਕ ਸ਼ਕਤੀਸ਼ਾਲੀ ਰਾਜ ਵਿਚ ਪ੍ਰਵਰਤਿਤ ਕਰਕੇ ਏਸ਼ੀਆ ਵਿਚੋਂ ਸਭ ਤੋਂ ਵੱਧ ਤਾਕਤਵਰ ਸੁਦੇਸ਼ੀ ਫੌਜ ਸਾਜੀ। ਉਸ ਦੀ ਖੁਲ੍ਹਦਿਲੀ ਅਤੇ ਉਦਾਰਤਾ ਨੇ ਪੰਜਾਬੀ ਸਮਾਜ ਦੇ ਵਿਭਿੰਨ ਵਰਗਾਂ ਨੂੰ ਆਪਣੇ ਵਲੇਵੇਂ ਵਿਚ ਲੈ ਲਿਆ। ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ ਅਤੇ ਪ੍ਰਸ਼ਾਸਨ ਵਿਚ ਸ਼ਿਰਕਤ, ਉਸ ਦੀ ਰਾਜਸੀ ਸੂਝ-ਬੂਝ ਅਤੇ ਸਿਆਣਪ ਦੀ ਲਖਾਇਕ ਸੀ। ਉਹ ਸੱਚਮੁਚ ਹੀ ਪੰਜਾਬ ਦੇ ਸਾਰੇ ਲੋਕਾਂ ਦਾ 'ਮਹਾਰਾਜਾ' ਸੀ।

ਇਕ ਯੂਨੀਵਰਸਟੀ ਲਈ ਧਰਤੀ ਦੇ ਇਸ ਮਹਾਨ ਸਪੂਤ ਨੂੰ ਸ਼ਰਧਾਂਜਲੀ ਭੇਂਟ ਕਰਨ ਦਾ ਸਰਬੋਤਮ ਢੰਗ, ਉਸ ਬਾਰੇ ਖੋਜ-ਕਾਰਜ ਨੂੰ ਉਤਸ਼ਾਹਿਤ ਕਰਨਾ ਹੀ ਹੈ। ਇਸੇ ਪ੍ਰਕਰਨ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਦੌਰ ਨਾਲ ਸੰਬੰਧਤ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। 'ਮਹਾਰਾਜਾ ਰਣਜੀਤ ਸਿੰਘ : ਰਾਜ ਵਿਵਸਥਾ, ਅਰਥਚਾਰਾ ਅਤੇ ਸਮਾਜ' ਪੁਸਤਕ ਦੀ ਵਿਲੱਖਣਤਾ ਇਹ ਹੈ ਕਿ ਇਹ ਪੁਸਤਕ ਨੌਜਵਾਨ ਪਾਠਕਾਂ ਅਤੇ ਖੋਜਕਾਰਾਂ ਲਈ ਇਕੋ ਜਿਹੀ ਲਾਹੇਵੰਦੀ ਹੈ। ਇਸ ਵਿਚ ਵਾਰਤਕ ਅਤੇ ਵਿਸ਼ਲੇਸ਼ਣ ਦਾ ਅਜਿਹਾ ਸੁਮੇਲ ਪੇਸ਼ ਕੀਤਾ ਗਿਆ ਹੈ, ਜਿਸ ਦੇ ਫਲਸਰੂਪ ਪਾਠਕ, ਪੰਜਾਬੀ ਸਮਾਜ ਦੀਆਂ ਭਿੰਨਤਾਈਆਂ ਅਤੇ ਇਤਿਹਾਸਕ ਅਮਲਾਂ (ਪ੍ਰਕ੍ਰਿਆਵਾਂ) ਦੀਆਂ ਪੇਚੀਦਗੀਆਂ ਨੂੰ ਸਮਝਣ ਦੇ ਯੋਗ ਹੋ ਜਾਂਦੇ ਹਨ। ਪ੍ਰੋਫੈਸਰ ਜੇ.ਐਸ. ਗਰੇਵਾਲ ਅਨੁਭਵ-ਸਿੱਧ ਪ੍ਰਮਾਣਾਂ ਦੇ ਘੇਰੇ ਵਿਚ ਵਿਚਰਦੇ ਹੋਏ ਸੰਬੰਧਤ ਵਿਸ਼ੇ ਬਾਰੇ ਅਤਿ ਆਧੁਨਿਕ ਖੋਜ ਦਾ ਲੇਖਾ-ਜੋਖਾ ਕਰਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਲਈ ਇਹ ਪੁਸਤਕ ਲਿਖਣ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਪੁਸਤਕ ਵਿਦਿਆਰਥੀਆਂ ਤੇ ਖੋਜਾਰਥੀਆਂ ਲਈ ਲਾਹੇਵੰਦ ਸਿੱਧ ਹੋਵੇਗੀ।

ਸ.ਪ. ਸਿੰਘ
*ਵਾਈਸ-ਚਾਂਸਲਰ*

ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

# ਤਤਕਰਾ


ਭੂਮਿਕਾ

1. ਸਿੱਖ ਪਿਛੋਕੜ 1
2. ਕੰਵਰ ਰਣਜੀਤ ਸਿੰਘ 10
3. ਇਕ ਸ਼ਾਸਕ ਵਜੋਂ ਪ੍ਰਸਿੱਧ ਹੋਣਾ 17
4. ਇਕ-ਮਾਤਰ ਅਧਿਰਾਜਪਤੀ ਵਜੋਂ ਉਭਰਨਾ 25
5. ਸਾਮਰਾਜ—ਕਾਇਮੀ ਦੀ ਰਾਹ 'ਤੇ 31
6. ਚੜ੍ਹਤ ਦੀਆਂ ਸਿਖਰਾਂ 41
7. ਰਾਜਨੀਤਕ-ਪ੍ਰਸ਼ਾਸਨੀ ਸੰਗਠਨ 50
8. ਕਿਰਸਾਣੀ ਅਤੇ ਸ਼ਹਿਰੀ ਆਰਥਕਤਾ 61
9. ਸਮਾਜਕ ਵਿਵਸਥਾ 72

ਪੁਸਤਕ-ਸੂਚੀ 85

# ਭੂਮਿਕਾ

ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ 1982 ਵਿਚ ਯੁਵਾ ਪਾਠਕਾਂ ਲਈ 'ਮਹਾਰਾਜਾ ਰਣਜੀਤ ਸਿੰਘ' ਨਾਮੀ ਪੁਸਤਕ ਪ੍ਰਕਾਸ਼ਿਤ ਕੀਤੀ ਸੀ। ਇਸ ਨੂੰ ਇਤਿਹਾਸ ਦੇ ਸੰਜੀਦਾ ਅਤੇ ਵਿਚਾਰਸ਼ੀਲ ਵਿਦਿਆਰਥੀਆਂ ਤੋਂ ਭਾਰੀ ਪਸ਼ੰਸਾ ਪ੍ਰਾਪਤ ਹੋਈ। ਇਸ ਲਈ ਰਾਜਨੀਤਕ-ਪ੍ਰਸ਼ਾਸਨੀ ਸੰਗਠਨ, ਕਿਰਸਾਣੀ ਅਤੇ ਸ਼ਹਿਰੀ ਆਰਥਕਤਾ ਅਤੇ ਸਮਾਜੀ-ਵਿਵਸਥਾ ਬਾਰੇ ਅਧਿਆਵਾਂ ਨਾਲ ਇਸ ਸੋਧੀ ਐਡੀਸ਼ਨ ਨੂੰ ਵਿਸਤਾਰਿਆ ਗਿਆ ਹੈ। ਪਹਿਲੇ ਐਡੀਸ਼ਨ ਵਾਂਙ, ਇਸ ਵਿਚ ਹਵਾਲੇ ਅਤੇ ਟਿੱਪਣੀਆਂ (ਨੋਟਸ) ਨਹੀਂ ਦਿਤੀਆਂ ਗਈਆਂ ਪਰ ਉਸ ਤੋਂ ਬਾਅਦ ਵਿਚ ਹੋਈ ਇਤਿਹਾਸਕ ਖੋਜ ਅਤੇ ਉਘੇ ਸਮਕਾਲੀ ਸਰੋਤਾਂ ਨੂੰ ਜ਼ਰੂਰ ਧਿਆਨ ਵਿਚ ਰਖਿਆ ਗਿਆ ਹੈ। ਅਸਲ ਵਿਚ, ਇਸ ਪੁਸਤਕ ਵਿਚ ਮੁਸ਼ਕਲ ਨਾਲ ਹੀ ਕੋਈ ਕਥਨ ਅਜਿਹਾ ਹੋਏਗਾ, ਜਿਸ ਦਾ ਕੋਈ ਪ੍ਰਮਾਣਕ ਸਰੋਤ ਨਾ ਹੋਵੇ। ਰਣਜੀਤ ਸਿੰਘ ਬਾਰੇ ਆਵਸ਼ਕ, ਮੂਲਕ ਸੂਝ ਸੱਚਮੁੱਚ ਹੀ, ਇਸ ਅਨੁਭਵ-ਸਿੱਧ ਪ੍ਰਮਾਣ ਤੋਂ ਹੀ ਪ੍ਰਗਟ ਹੁੰਦੀ, ਉਗਮਦੀ ਹੈ।

ਇਸ ਪੁਸਤਕ ਦਾ ਨਵੀਂ ਐਡੀਸ਼ਨ ਛਾਪਣ ਦਾ ਫੈਸਲਾ ਲੈਣ ਲਈ ਮੈਂ ਵਾਈਸ-ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਧੰਨਵਾਦੀ ਹਾਂ। ਇਸ ਐਡੀਸ਼ਨ ਦੀ ਤਿਆਰੀ ਵਿਚ ਮਦਦ ਲਈ ਮੈਂ ਕਈ ਸਕਾਲਰਾਂ ਦਾ, ਵਿਸ਼ੇਸ਼ ਕਰ ਪ੍ਰੋਫੈਸਰ ਇੰਦੂ ਬਾਂਗਾ, ਡਾ. ਰੀਟਾ ਗਰੇਵਾਲ, ਡਾ. ਵੀਨਾ ਸਚਦੇਵਾ, ਮਿਸ ਸ਼ੀਨਾ ਪਾਲ ਅਤੇ ਮਿਸ ਕੁਲਦੀਪ ਗਰੇਵਾਲ ਦਾ ਧੰਨਵਾਦੀ ਹਾਂ। ਇਹ ਪੁਸਤਕ ਮੇਰੀ ਪਤਨੀ ਹਰਜਿੰਦਰ ਨੂੰ ਸਮਰਪਿਤ ਹੈ, ਜੋ ਮੇਰੇ ਲਈ ਹਮੇਸ਼ਾਂ ਜ਼ਾਤੀ ਸ਼ਕਤੀ ਦਾ ਸਰੋਤ ਰਹੀ ਹੈ।

*ਸੱਚਮੁੱਚ, ਰਣਜੀਤ ਸਿੰਘ ਨੇ ਵਿਪ੍ਰੀਤ ਕਣਾਂ ਅਤੇ ਖਿੰਡਰੇ ਤੱਤਾਂ ਨੂੰ ਇਕਜੁਟਤਾ ਅਤੇ ਏਕਤਾ ਪ੍ਰਦਾਨ ਕਰਨ ਲਈ ਅਤੇ ਵਧ ਰਹੀ ਸਿੱਖ ਕੌਮ ਨੂੰ ਇਕ ਵਿਵਸਥਤ ਰਾਜ ਜਾਂ ਭਾਈਚਾਰੇ/ਪਰਜਾਤੰਤਰ ਵਿਚ ਢਾਲਣ ਲਈ ਸਿਆਣਪ-ਭਰਪੂਰ ਵਿਉਂਤਬਧ ਕਾਰਜ ਕੀਤਾ। ਇਹ ਓਦਾਂ ਹੀ ਸੀ ਜਿਵੇਂ ਕਿ 'ਗੋਬਿੰਦ' ਨੇ ਇਕ ਫ਼ਿਰਕੇ ਨੂੰ ਜਨ-ਸਮੂਹ ਵਿਚ ਵਿਗਸਤ ਕੀਤਾ ਸੀ, ਅਤੇ ਨਾਨਕ ਦੀਆਂ ਸਾਰਵਜਨਕ ਸੰਸਥਾਵਾਂ ਨੂੰ ਅਮਲੀ ਰੂਪ ਅਤੇ ਮੰਤਵ ਪ੍ਰਦਾਨ ਕੀਤਾ ਸੀ।*

ਜੋਜ਼ਫ ਡੇਵੇ ਕਨਿੰਘਮ : *ਏ ਹਿਸਟਰੀ ਔਫ ਦਾ ਸਿੱਖਸ*

# 1.

# ਸਿੱਖ ਪਿਛੋਕੜ

ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਪ੍ਰਚਲੱਤ ਸਮੁੱਚੇ ਧਾਰਮਕ ਵਿਸ਼ਵਾਸਾਂ ਅਤੇ ਵਿਹਾਰਾਂ (ਪਧਤੀਆਂ) ਦਾ ਖੰਡਨ ਕੀਤਾ, ਅਜਿਹਾ ਉਨ੍ਹਾਂ ਨੇ ਸਿਰਫ ਬਦਲਵੇਂ ਵਿਸ਼ਵਾਸਾਂ ਅਤੇ ਵਿਹਾਰਾਂ ਦੇ ਵਿਕਲਪ ਦੇ ਸਮਰਥਨ ਹਿਤ ਹੀ ਕੀਤਾ। ਉਨ੍ਹਾਂ ਨੇ ਆਪਣੇ ਸਮੇਂ ਦੇ ਸਮਾਜ ਪ੍ਰਬੰਧ ਦੀ ਨਿਖੇਧੀ ਸਿਰਫ 'ਸਿੱਖ ਪੰਥ' ਦੀ ਸਿਰਜਣਾ ਕਰਨ ਹਿਤ ਹੀ ਕੀਤੀ। ਸੋਲ੍ਹਵੀਂ ਸਦੀ ਦੌਰਾਨ ਇਸ ਨਵੇਂ ਸਮਾਜਕ ਪ੍ਰਬੰਧ (ਅਰਥਾਤ, ਪੰਥ) 'ਚ ਵਾਧਾ ਹੋਇਆ ਅਤੇ ਉਸ ਆਪਣੀਆਂ ਵਿੱਲਖਣ ਸੰਸਥਾਵਾਂ ਵਿਗਸਤ ਕੀਤੀਆਂ। ਗੁਰੂ ਨਾਨਕ ਸਾਹਿਬ ਨੇ ਸਮਕਾਲੀ ਹਾਕਮਾਂ ਨੂੰ ਇਨਸਾਫ-ਦੁਸ਼ਮਣ ਅਤੇ ਅਤਿਆਚਾਰੀ ਕਹਿ ਕੇ ਭੰਡਿਆ, ਫਿਟਕਾਰਿਆ। ਵੇਲੇ ਦੇ ਹੁਕਮਰਾਨ ਦੇ ਆਦੇਸ਼ਾਂ ਅਨੁਸਾਰ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ, ਇਸ ਤੋਂ ਸਿੱਖ ਪੰਥ ਪ੍ਰਤੀ ਰਾਜ ਦਾ ਅਨਿਆਂ ਤਤਕਾਲ ਸਪਸ਼ਟ ਹੋ ਗਿਆ।

ਗੁਰੂ ਅਰਜਨ ਸਾਹਿਬ ਦੇ ਸਪੁੱਤਰ ਅਤੇ ਉੱਤਰਾਧਿਕਾਰੀ ਗੁਰੂ ਹਰਗੋਬਿੰਦ ਸਾਹਿਬ ਨੇ ਭਵਿਖ ਵਿਚ ਅਜਿਹੀਆਂ ਸੰਭਾਵੀ ਘਟਨਾਵਾਂ ਵਿਰੁਧ ਸੁਰੱਖਿਆ ਲਈ ਤਿਆਰੀ ਕੀਤੀ ਅਤੇ ਮੁਗਲ ਪ੍ਰਸ਼ਾਸਕਾਂ ਨਾਲ ਹਥਿਆਰਬੰਦ ਹੋ, ਲੋਹਾ ਲਿਆ। ਭਾਈ ਗੁਰਦਾਸ ਨੇ ਉਨ੍ਹਾਂ ਦੇ ਮੀਰੀ ਪੀਰੀ ਦੇ ਮਾਲਕ ਵਜੋਂ 'ਗੁਰ ਭਾਰੀ' ਹੋਣ ਦੀ ਗੱਲ ਕੀਤੀ ਹੈ। ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਆਜ਼ਾਦੀ ਅਤੇ ਆਤਮ-ਨਿਰਭਰਤਾ ਦਾ ਪੈਂਤੜਾ ਕਦੇ ਵੀ ਨਾ ਤਿਆਗਿਆ। ਇਹ 1675 ਵਿਚ ਗੁਰੂ ਤੇਗ ਬਹਾਦਰ ਦੀ ਜ਼ਮੀਰ ਦੀ ਆਜ਼ਾਦੀ ਲਈ ਸ਼ਹੀਦੀ ਦਾ ਇਕ ਪਿਛੋਕੜ ਸੀ। ਉਨ੍ਹਾਂ ਦੇ ਸਪੁੱਤਰ ਅਤੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਨੇ ਸਤਾਰ੍ਹਵੀਂ ਸਦੀ ਦੀ ਆਖਰੀ ਚੌਥਾਈ ਵਿਚ ਪਹਾੜੀ ਰਾਜਿਆਂ ਅਤੇ ਮੁਗਲ 'ਫੌਜਦਾਰਾਂ' ਨਾਲ ਕਈ ਲੜਾਈਆਂ ਲੜੀਆਂ। ਸਦੀ ਦੇ ਅੰਤਲੇ ਸਾਲਾਂ ਵਿਚ ਉਨ੍ਹਾਂ ਕੇਸਧਾਰੀ ਸਿੰਘਾਂ ਦਾ 'ਖਾਲਸਾ' ਪੰਥ ਸਾਜਿਆ, ਜੋ ਆਪਣੇ ਆਦਰਸ਼ਾਂ ਖਾਤਰ ਜਾਨਾਂ ਵਾਰਨ ਲਈ ਤਿਆਰ ਸਨ। ਸ਼ਸਤਰਧਾਰੀ ਹੋਣਾ ਅਤੇ ਸੱਚਾਈ ਲਈ ਲੜਨਾ, ਅਰਥਾਤ, 'ਧਰਮ-ਜੁੱਧ' ਕਰਨਾ ਉਨ੍ਹਾਂ ਦਾ ਫਰਜ਼ ਸੀ।

ਅਠਾਰ੍ਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਖ਼ਾਲਸੇ ਅਤੇ ਮੁਗਲ ਹਕੂਮਤ ਵਿਚਕਾਰ ਕਸ਼ਮਕਸ਼ ਅਰਥਾਤ ਟੱਕਰ ਆਪਣੀ ਸਿਖਰ ਤੇ ਪੁੱਜ ਗਈ। ਇਸ ਟੱਕਰ ਦਾ, ਗੁਰੂ ਗੋਬਿੰਦ ਸਿੰਘ ਜੀ ਦੇ 1708 ਵਿਚ ਜੋਤੀ ਜੋਤ ਸਮਾਉਣ ਅਤੇ ਖ਼ਾਲਸਾ ਪੰਥ ਅਤੇ ਗਰੰਥ ਸਾਹਿਬ ਨੂੰ ਗੁਰੂ ਦੀ ਪਦਵੀ 'ਤੇ ਸਥਾਪਤ ਕਰਨ ਤੀਕਰ ਵੀ ਕੋਈ ਫੈਸਲਾ ਨਹੀਂ ਸੀ ਹੋਇਆ। ਖ਼ਾਲਸੇ ਦੀ ਮਦਦ ਨਾਲ ਬੰਦਾ ਬਹਾਦਰ ਨੇ ਪੰਜਾਬ ਦੇ ਕਾਫੀ ਹਿੱਸੇ, ਭਾਵ, ਇਲਾਕੇ ਵਿਚ ਖੁਦ-ਮੁਖਤਾਰ ਰਾਜ ਕਾਇਮ ਕਰ ਲਿਆ। ਉਸ ਨੇ ਖ਼ਾਲਸਾ ਪੰਥ ਦੀ ਪ੍ਰਭੁਤਾ ਦੇ ਚਿੰਨ੍ਹ ਵਜੋਂ ਅਕਾਲ-ਪੁਰਖ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਇਕ ਸਿੱਕਾ ਢਾਲਿਆ/ਚਲਾਇਆ, ਅਤੇ ਇਕ ਨਵੀਂ ਹਕੂਮਤ ਕਾਇਮ ਕੀਤੀ। ਪਰ ਉਸ ਦੀ

ਕਾਮਯਾਬੀ ਥੋੜ੍ਹ-ਚਿਰੀ ਹੀ ਸਾਬਤ ਹੋਈ। ਲਾਹੌਰ ਦੇ ਸੂਬੇਦਾਰ ਅਬਦੁੱਸ ਸਮੱਦ ਖਾਨ ਨੇ ਉਸ ਦਾ ਘੇਰਾ ਘਤ ਕੇ 1715 ਵਿਚ ਉਸ ਨੂੰ ਗ੍ਰਿਫਤਾਰ ਕਰ ਕੇ ਦਿੱਲੀ ਘਲਿਆ, ਜਿਥੇ ਉਸ ਨੂੰ 1716 ਵਿਚ ਸੈਂਕੜੇ ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

ਖ਼ਾਲਸੇ ਦੀ ਹਾਲਤ ਹੁਣ ਬਹੁਤ ਪਤਲੀ ਸੀ। ਐਪਰ ਪੰਜਾਹ ਸਾਲਾਂ ਦੇ ਵਿਚ ਵਿਚ ਖ਼ਾਲਸੇ ਨੇ ਇਕ ਵਾਰ ਫੇਰ ਨਵਾਂ ਸਿੱਕਾ ਚਲਾ ਕੇ ਆਪਣੀ ਪ੍ਰਭੁਤਾ/ਸਰਬਸ੍ਰੇਸ਼ਟਤਾ ਦਾ ਐਲਾਨ ਕਰ ਦਿੱਤਾ। ਇਸ ਸਿੱਕੇ ਉਪਰ ਬੰਦਾ ਬਹਾਦਰ ਦੀ ਮੁਹਰ ਵਾਲੇ ਸ਼ਬਦ ਹੀ ਉਕਰੇ ਗਏ ਸਨ। ਸਪਸ਼ਟ ਹੈ, ਕਿ ਖ਼ਾਲਸੇ ਨੇ ਬੰਦਾ ਬਹਾਦਰ ਦੀ ਮਿਸਾਲ ਨੂੰ ਕਦੀ ਨਹੀਂ ਵਿਸਾਰਿਆ। ਵੇਖਣ ਵਾਲੀ ਗਲ ਇਹ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਦੀ ਸਫਲਤਾ ਦਾ ਸਿਹਰਾ ਗੁਰੂ ਨਾਨਕ ਦੀ ਮਿਹਰ ਦੇ ਸਿਰ ਦਿੰਦੇ ਸਨ। ਖ਼ਾਲਸਾ ਪੰਥ ਦੀ ਪ੍ਰਭੁਤਾ ਵਾਲੀ ਪਹਿਲੀ ਸਰਕਾਰ ਦੇ ਢਹਿ ਜਾਣ ਪਿਛੋਂ ਉਨ੍ਹਾਂ ਦੀ ਵੱਡੀ ਤੇ ਫੌਰੀ ਸਮੱਸਿਆ ਇਹ ਸੀ ਕਿ ਆਜ਼ਾਦੀ ਪ੍ਰਤੀ ਆਪਣੇ ਵਤੀਰੇ ਅਰਥਾਤ ਆਦਰਸ਼ਾਂ ਨੂੰ ਤਿਆਗਣ ਤੋਂ ਬਿਨਾ, ਕਿਵੇਂ ਸਰਕਾਰੀ ਦਮਨ-ਚੱਕਰ ਤੋਂ ਬਚਿਆ ਜਾਵੇ। ਉਹ 'ਰੂਪੋਸ਼' (ਭੂਮੀਗਤ) ਰਹਿਣ ਖ਼ਾਤਰ ਖਿੰਡ-ਪੁੰਡ ਗਏ। ਐਪਰ, ਕਈ 'ਸਿੰਘ' ਵਿਅਕਤੀਗਤ ਤੌਰ ਤੇ, ਅਤੇ ਕਈ ਵਾਰ ਇਕੱਠੇ ਹੋ, ਸਰਕਾਰੀ ਅਧਿਕਾਰੀਆਂ ਤੋਂ ਬਦਲਾ ਲੈਂਦੇ, ਅਰਥਾਤ, ਉਨ੍ਹਾਂ ਤੇ ਹਮਲੇ ਕਰ ਕੇ ਆਪਣੀ ਹੋਂਦ ਨੂੰ ਦਰਸਾਉਂਦੇ। ਉਨ੍ਹਾਂ ਦੀਆਂ ਕਾਰਵਾਈਆਂ ਨੇ ਜਾਗ ਦਾ ਕੰਮ ਕੀਤਾ, ਅਤੇ ਆਜ਼ਾਦੀ ਲਈ ਜਦੋ-ਜਹਿਦ ਦਾ ਵਿਰਸਾ ਇਕ ਪੀੜ੍ਹੀ ਤੋਂ ਦੂਜੀ ਦੇ ਹੱਥਾਂ ਵਿਚ ਗਿਆ। ਲਾਹੌਰ ਦੇ ਸਮੁੱਚੇ ਸੂਬੇਦਾਰਾਂ ਨੇ ਸਿੰਘਾਂ ਨੂੰ ਦਬਾਉਣ ਦੇ ਜਤਨ ਕੀਤੇ। ਉਨ੍ਹਾਂ 'ਚੋਂ ਹਰੇਕ ਜਣਾ ਆਪਣੇ ਮਕਸਦ ਵਿਚ ਵਕਤੀ ਤੌਰ 'ਤੇ, ਆਂਸ਼ਿਕ ਰੂਪ ਵਿਚ ਹੀ ਕਾਮਯਾਬ ਹੋਇਆ, ਪਰ ਕੋਈ ਵੀ ਆਪਣੇ ਉੱਤਰਾਧਿਕਾਰੀ ਲਈ ਪਹਿਲਾਂ ਨਾਲੋਂ ਚੰਗੇਰੇ ਹਾਲਾਤ ਤੇ ਸਥਿਤੀਆਂ ਪ੍ਰਦਾਨ ਕਰਨ ਵਿਚ ਸਫਲ ਨਾ ਹੋਇਆ। ਬੰਦਿਆਂ ਅਤੇ ਸਾਜ਼-ਸਾਮਾਨ ਪਖੋਂ ਮੁਗਲ ਸੂਬੇਦਾਰਾਂ ਦੇ ਵਸੀਲੇ ਸੱਚਮੁੱਚ ਬਹੁਤ ਜ਼ਿਆਦਾ ਸਨ, ਪਰ ਉਹ ਘਟਦੇ ਹੀ ਚਲੇ ਗਏ। ਖ਼ਾਲਸੇ ਦੇ ਸਾਧਨ/ਵਸੀਲੇ ਸੀਮਿਤ ਸਨ, ਪਰ ਸਮਾਂ ਬੀਤਣ ਦੇ ਨਾਲ ਨਾਲ ਇਹ ਵਧਦੇ ਹੀ ਗਏ।

ਅਬਦੁੱਸ ਸਮੱਦ ਖ਼ਾਨ ਨੂੰ 1726 ਵਿਚ ਮੁਲਤਾਨ ਤਬਦੀਲ ਕਰ ਦਿਤਾ ਗਿਆ ਅਤੇ ਉਸ ਦੀ ਥਾਂ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਥਾਪਿਆ ਗਿਆ। ਨਵੇਂ ਸੂਬੇਦਾਰ ਨੇ ਬੜੇ ਧੜੱਲੇ ਨਾਲ ਦਿਲੋਂ ਦਮਨਕਾਰੀ ਚੱਕਰ ਚਲਾਇਆ, ਪਰ ਉਹ ਖ਼ਾਲਸੇ ਨੂੰ ਦਬਾਉਣ, ਕੁਚਲਣ ਦੇ ਆਪਣੇ ਮਕਸਦ ਵਿਚ ਕਾਮਯਾਬ ਨਾ ਹੋ ਸਕਿਆ। ਫੇਰ ਉਸ ਨੇ ਅਠਾਰ੍ਹਵੀਂ ਸਦੀ ਦੇ ਚੌਥੇ ਦਹਾਕੇ ਦੇ ਮੁਢਲੇ ਸਾਲਾਂ ਵਿਚ ਅੰਮ੍ਰਿਤਸਰ ਨੇੜੇ ਇਕ ਵਡੀ 'ਜਾਗੀਰ' ਦੇ ਕੇ ਰਾਜ਼ੀਨਾਮਾ ਕਰਨ ਦਾ ਜਤਨ ਕੀਤਾ। ਅੰਮ੍ਰਿਤਸਰ ਉਸ ਸਮੇਂ ਖ਼ਾਲਸੇ ਦੇ, ਭਾਈ ਮਨੀ ਸਿੰਘ ਦੀ ਅਗਵਾਈ ਹੇਠ, ਇੱਕਠੇ ਹੋਣ, ਅਰਥਾਤ, ਜੁੜਨ ਦੀ ਥਾਂ ਸੀ। ਪਰ ਇਸ ਗਲ ਨਾਲ ਜਵਾਨ ਖ਼ਾਲਸਾ ਨਾ ਪਤਿਆਇਆ ਗਿਆ ਅਤੇ ਨਾ ਹੀ ਪਸੀਜਿਆ। ਜ਼ਕਰੀਆ ਖ਼ਾਨ ਨੇ 'ਜਾਗੀਰ' ਵਾਪਸ ਲੈ ਲਈ ਅਤੇ ਆਪਣੀ ਦਮਨ-ਨੀਤੀ ਨੂੰ ਫੇਰ ਲਾਗੂ ਕਰ ਦਿਤਾ। ਖ਼ਾਲਸੇ ਨੂੰ ਕੁਚਲਣ ਵਿਚ ਅਸਮੱਥ ਰਹਿਣ ਪਿਛੋਂ ਸਾਲ ਪ੍ਰਤੀ ਸਾਲ ਉਸ ਦੀ ਨਿਰਾਸਤਾ ਵਧਦੀ ਗਈ। ਅਠਾਰ੍ਹਵੀਂ ਸਦੀ ਦੇ ਚੌਥੇ ਦਹਾਕੇ ਦੇ ਆਖ਼ਰੀ ਸਾਲਾਂ ਵਿਚ ਉਸ ਨੇ ਭਾਈ ਮਨੀ ਸਿੰਘ ਨੂੰ ਸ਼ਹੀਦ ਕਰ ਦਿਤਾ। ਉਨ੍ਹਾਂ ਦੀ ਸ਼ਹੀਦੀ ਨੇ ਖ਼ਾਲਸੇ ਦੇ ਗੁੱਸੇ ਨੂੰ ਹੋਰ ਭੜਕਾਇਆ ਅਤੇ ਉਨ੍ਹਾਂ ਨੂੰ ਹੋਰ ਵਧੇਰੇ ਕੁਰਬਾਨੀਆਂ ਦੇਣ ਅਤੇ ਵਧੇਰੀ ਹਿੰਮਤ ਵਿਖਾਉਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਈਰਾਨ ਦੇ ਹੁਕਮਰਾਨ, ਨਾਦਰ ਸ਼ਾਹ ਨੇ 1738 ਵਿਚ ਆਪਣੇ ਵਸੀਲੇ ਵਧਾਉਣ ਅਤੇ ਖਜ਼ਾਨਾ ਭਰਨ ਲਈ, ਮੁਗਲਾਂ ਦੀ ਘਟ ਰਹੀ ਸ਼ਕਤੀ ਦਾ ਫਾਇਦਾ ਉਠਾਉਂਦੇ ਹੋਏ ਹਿੰਦੋਸਤਾਨ ਤੇ ਹੱਲਾ ਬੋਲ ਦਿਤਾ। 1738-39 ਦੌਰਾਨ ਉੱਤਰੀ ਹਿੰਦੋਸਤਾਨ ਵਿਚ ਨਾਦਰ ਸ਼ਾਹ ਦੀ ਮੌਜੂਦਗੀ ਨੇ ਜ਼ਕਰੀਆ ਖਾਨ ਦਾ ਧਿਆਨ ਪੰਜਾਬ ਦੇ ਪ੍ਰਸ਼ਾਸਨ ਤੋਂ ਲਾਂਭੇ ਕਰੀ ਰਖਿਆ। ਖਾਲਸੇ ਨੇ ਉਸ ਦੇ ਅਮਲੇ-ਫੈਲੇ ਅਤੇ ਮਦਦਗਾਰਾਂ ਤੋਂ ਵਾਹਵਾ ਬਦਲਾ ਲਿਆ ਅਤੇ ਏਦਾਂ ਪ੍ਰਸ਼ਾਸਨ ਨੂੰ ਹੋਰ ਕਮਜ਼ੋਰ ਕੀਤਾ। ਖਾਲਸਾ, ਈਰਾਨ ਵਾਪਸ ਪਰਤ ਰਹੀ ਨਾਦਰ ਸ਼ਾਹ ਦੀ ਫੌਜ ਦੇ ਆਲੇ ਦੁਆਲੇ, ਮੰਡਰਾਂਦਾ ਰਿਹਾ। ਈਰਾਨੀ ਫੌਜ ਨੂੰ ਲੁਟਣਾ ਆਪਣੇ ਵਸੀਲੇ ਵਧਾਉਣ ਦਾ ਇਕ ਢੰਗ ਸੀ। ਇਹ ਇਕ ਦਲੇਰੀ-ਭਰਿਆ ਕਦਮ ਸੀ। ਨਾਦਰ ਸ਼ਾਹ ਨੇ ਜ਼ਕਰੀਆ ਖਾਨ ਨੂੰ ਪੁਛਿਆ ਕਿ ਇਹ ਲੋਕ ਕੌਣ ਹਨ ਅਤੇ ਇਹ ਕਿਥੇ ਰਹਿੰਦੇ ਹਨ। ਉਸਨੂੰ ਦਸਿਆ ਗਿਆ ਕਿ ਇਹ ਗੁਰੂ ਨਾਨਕ ਦੇ ਪੈਰੋਕਾਰ ਹਨ ਅਤੇ ਘੋੜਿਆਂ ਦੀਆਂ ਕਾਠੀਆਂ ਉੱਪਰ ਹੀ ਰਹਿੰਦੇ ਹਨ। ਸ਼ਾਹ ਨੇ ਮੁਗਲ ਸੂਬੇਦਾਰ ਨੂੰ ਉਨ੍ਹਾਂ ਲੋਕਾਂ ਤੋਂ ਖ਼ਬਰਦਾਰ ਰਹਿਣ ਦੀ ਸਲਾਹ ਦਿਤੀ : ਉਹ ਉਸ ਦਾ ਰਾਜ ਉਸ ਤੋਂ ਖੋਹ ਸਕਦੇ ਸਨ। ਨਾਦਰਸ਼ਾਹ ਨੇ ਆਪ ਮੁਗਲ ਸ਼ਹਿਨਸ਼ਾਹ ਨੂੰ ਇਕ ਸੰਧੀ ਤੇ ਦਸਤਖਤ ਕਰਨ ਲਈ ਮਜਬੂਰ ਕਰ ਦਿਤਾ, ਜਿਸ ਅਨੁਸਾਰ ਉਸ ਨੇ ਸਿੰਧ ਦਰਿਆ ਤੋਂ ਪੱਛਮ ਵਲ ਦੇ ਸਾਰੇ ਮੁਗਲ ਇਲਾਕਿਆਂ ਉਪਰ ਆਪਣਾ ਅਧਿਕਾਰ ਮੰਨਵਾ ਲਿਆ। ਇਸ ਸੰਧੀ ਦਾ ਜ਼ਕਰੀਆ ਖਾਨ 'ਤੇ ਸਿੱਧਾ ਅਸਰ ਪਿਆ। ਲਾਹੌਰ ਸੂਬੇ ਦੇ ਚਾਰ ਪਰਗਣੇ ਨਾਦਰ ਸ਼ਾਹ ਦੇ ਅਧਿਕਾਰ ਹੇਠ ਚਲੇ ਗਏ।

ਜ਼ਕਰੀਆ ਖਾਨ ਨੂੰ ਨਾਦਰ ਸ਼ਾਹ ਦੀ ਖਾਲਸੇ ਨੂੰ ਦਬਾਉਣ ਵਾਲੀ ਸਲਾਹ ਦੀ ਕੋਈ ਲੋੜ ਨਹੀਂ ਸੀ। ਉਨ੍ਹਾਂ ਦਾ ਬੀ ਨਾਸ ਕਰਨ ਦੀ ਨੀਤੀ ਅਪਨਾਉਣ ਵਿਚ ਉਸ ਦਾ ਨਿਜੀ ਫਾਇਦਾ ਸੀ। ਖਾਲਸੇ ਦੇ ਇਕੱਤਰ ਹੋਣ ਦਾ ਸਭ ਤੋਂ ਮਹੱਤਵਪੂਰਨ ਕੇਂਦਰ, ਅੰਮ੍ਰਿਤਸਰ ਸੀ। ਸਾਲ ਵਿਚ ਘਟੋ ਘਟ ਦੋ ਵਾਰ, ਵਿਸਾਖੀ ਅਤੇ ਦੀਵਾਲੀ ਨੂੰ ਸਰਬਤ ਖਾਲਸਾ ਇਥੇ ਆ ਜੁੜਦਾ ਸੀ। ਇਨ੍ਹਾਂ ਮੌਕਿਆਂ 'ਤੇ ਉਥੇ ਜੁੜੀ ਸੰਗਤ ਸਾਂਝੇ ਹਿਤਾਂ ਵਾਲੇ ਮਾਮਲਿਆਂ ਸੰਬੰਧੀ ਵਿਚਾਰ-ਵਟਾਂਦਰਾ ਕਰਦੀ ਸੀ। ਖਾਲਸੇ ਨੇ ਡਟਵੇਂ ਹੱਲੇ ਬੋਲਣ ਲਈ ਬਹੁਤ ਸਾਰੇ ਜੱਥੇ ਬਣਾ ਲਏ ਸਨ। ਜ਼ਕਰੀਆ ਖਾਨ ਨੇ ਅੰਮ੍ਰਿਤਸਰ 'ਤੇ ਕਬਜ਼ਾ ਕਰ ਕੇ ਉਥੇ ਇਕ 'ਥਾਣਾ' ਕਾਇਮ ਕਰਨ ਦੀ ਠਾਨ ਲਈ। ਵਧੇਰੇ ਕਰ ਕੇ ਸੰਘਰਸ਼ ਦਾ ਖੇਤਰ ਅੰਮ੍ਰਿਤਸਰ ਦੇ ਆਲੇ-ਦੁਆਲੇ ਹੀ ਸੀ। ਹਰਿਮੰਦਰ ਸਾਹਿਬ ਦੀ ਬੇਹੁਰਮਤੀ ਕਰਨ ਵਾਲੇ ਮੁਗਲ ਥਾਨੇਦਾਰ ਨੂੰ, ਜੋ ਮੱਸਾ ਰੰਘੜ ਦੇ ਨਾਂ ਨਾਲ ਮਸ਼ਹੂਰ ਸੀ, ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਨੇ ਮਾਰ ਮੁਕਾਇਆ। ਜ਼ਕਰੀਆ ਖਾਨ ਨੇ ਨਾ ਕੇਵਲ ਸਰਗਰਮ ਖਾਲਸਾ ਤੇ ਹੀ, ਸਗੋਂ ਭਾਈ ਤਾਰੂ ਸਿੰਘ ਵਰਗੇ ਉਨ੍ਹਾਂ ਦੇ ਹਿਮਾਇਤੀਆਂ ਅਤੇ ਹਮਦਰਦਾਂ ਤੇ ਵੀ, ਜ਼ੁਲਮ ਢਾਏ ਅਤੇ ਸ਼ਹੀਦ ਕੀਤੇ। ਇਸ ਜੱਦੋ-ਜਹਿਦ ਦੌਰਾਨ, 1745 ਵਿਚ ਜ਼ਕਰੀਆ ਖਾਨ ਦੀ ਮੌਤ ਹੋ ਗਈ।

ਜ਼ਕਰੀਆ ਖਾਨ ਦੀ ਮੌਤ ਤੋਂ ਬਾਅਦ ਖਾਲਸਾ ਜੀ ਦੀ ਵਾਰ ਕਰਨ ਦੀ ਸ਼ਕਤੀ ਤੇਜ਼ੀ ਨਾਲ ਵਧੀ। ਉਸ ਦੇ ਉੱਤਰਾਧਿਕਾਰੀਆਂ—ਯਹੀਆ ਖਾਨ, ਸ਼ਾਹ ਨਵਾਜ਼ ਖਾਨ, ਮੁਈਨ-ਉਲ-ਮੁਲਕ (ਮੀਰ ਮੰਨੂੰ)—ਦੇ ਸਾਹਮਣੇ ਆਪਣੀਆਂ ਗੱਦੀਆਂ ਕਾਇਮ ਰਖਣ ਦੀ ਸਮੱਸਿਆ ਸੀ, ਅਤੇ ਇਸ ਦੇ ਨਾਲ ਹੀ ਉਨ੍ਹਾਂ ਸਾਹਵੇਂ ਖੜਾ ਸੀ, ਅਹਿਮਦ ਸ਼ਾਹ ਅਬਦਾਲੀ ਦਾ ਖਤਰਾ। ਨਾਦਰ ਸ਼ਾਹ ਦੀ ਮੌਤ 'ਤੇ 1747 ਵਿਚ ਉਸ ਨੇ ਆਪਣੇ ਆਪ ਨੂੰ ਨਾਦਰਸ਼ਾਹ ਦਾ ਉੱਤਰਾਧਿਕਾਰੀ ਹੋਣ ਦਾ ਐਲਾਨ ਕੀਤਾ ਅਤੇ

ਉਸ ਅਧੀਨ ਪੂਰਬੀ ਇਲਾਕਿਆਂ ਉੱਪਰ ਆਪਣਾ ਹੱਕ ਜਤਾਇਆ। ਉਸ ਨੇ ਪਹਿਲਾਂ ਮੁਗਲ ਹਕੂਮਤ ਅਧੀਨ ਰਹਿ ਚੁਕੇ ਸਿੰਧ ਦਰਿਆ ਪਾਰਲੇ ਇਲਾਕਿਆਂ ਉਪਰ ਅਤੇ ਲਾਹੌਰ ਸੂਬੇ ਦੇ ਚਾਰ ਪਰਗਨਿਆਂ ਦੇ ਮਾਲੀਏ ਉਪਰ ਵੀ ਆਪਣਾ ਹੱਕ ਜਤਾਇਆ। ਆਪਣੇ ਇਸ ਦਾਅਵੇ ਨੂੰ ਸਾਕਾਰ ਕਰਨ ਲਈ ਉਸ 1748 ਨੂੰ ਪੰਜਾਬ ਉਪਰ ਹਮਲਾ ਕਰ ਦਿਤਾ, ਪਰ ਉਸ ਨੂੰ ਸਰਹੰਦ ਨੇੜੇ ਮੁਗਲ ਫੌਜਾਂ ਨੇ ਹਾਰ ਦਿਤੀ। ਮੀਰ ਮੰਨੂੰ ਪੰਜਾਬ ਦਾ ਸੂਬੇਦਾਰ ਬਣ ਗਿਆ। ਅਹਿਮਦ ਸ਼ਾਹ ਨੇ 1752 ਵਿਚ ਮੀਰ ਮੰਨੂੰ ਨੂੰ ਹਰਾਇਆ, ਅਤੇ ਉਸ ਨੂੰ ਹੀ ਲਾਹੌਰ ਵਿਖੇ ਮੁੜ ਆਪਣੇ ਸੂਬੇਦਾਰ ਵਜੋਂ ਨਿਯੁਕਤ ਕਰ ਦਿਤਾ।

ਇਨ੍ਹਾਂ ਹਾਲਾਤ ਵਿਚ ਖ਼ਾਲਸਾ ਜਥਿਆਂ ਉਪਰ ਮੁਗਲ ਸੂਬੇਦਾਰਾਂ ਦੇ ਇਕਾ-ਦੁੱਕਾ ਹਮਲਿਆਂ ਅਤੇ ਵਿਅਕਤੀਆਂ 'ਤੇ ਜ਼ੁਲਮ ਢਾਹੁਣ ਦੇ ਕਾਰਿਆਂ ਨਾਲ ਖ਼ਾਲਸੇ ਦੀ ਵਧਦੀ ਤਾਕਤ ਵਿਚ ਕੋਈ ਫ਼ਰਕ ਨਾ ਪਿਆ। ਅੰਮ੍ਰਿਤਸਰ ਵਿਖੇ ਗੁਰਮਤੇ ਕਰ ਕੇ ਉਨ੍ਹਾਂ ਨੇ ਜਥੇਦਾਰਾਂ ਦੀ ਵਡੀ ਗਿਣਤੀ ਨੂੰ ਸਾਂਝੀਆਂ ਕਾਰਵਾਈਆਂ ਦੀ ਸੰਭਾਵਨਾ ਪ੍ਰਦਾਨ ਕੀਤੀ, ਇਨ੍ਹਾਂ ਜਥੇਦਾਰਾਂ ਨੇ ਆਪਣੇ ਵਿਚੋਂ ਇਕ ਨੂੰ ਮੁਖ ਜਥੇਦਾਰ (ਕਮਾਨਦਾਰ) ਮੰਨ ਕੇ ਦਲ ਖ਼ਾਲਸਾ ਕਾਇਮ ਕੀਤਾ। ਖ਼ਾਲਸੇ ਨੇ ਗੁਰੀਲਾ ਜੰਗ ਦੇ ਦਾਅ-ਪੇਚ ਅਤੇ ਪੈਂਤੜਿਆਂ ਵਿਚ ਪ੍ਰਬੀਨਤਾ ਹਾਸਲ ਕਰ ਲਈ ਸੀ। ਹੋਰ, ਉਨ੍ਹਾਂ ਨੇ ਜਿਥੇ ਵੀ ਮੌਕਾ ਮਿਲਦਾ ਉਥੇ ਇਲਾਕਿਆਂ ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿਤਾ। ਮੀਰ ਮੰਨੂੰ ਦੀ ਲਾਹੌਰ ਦੇ ਸੂਬੇਦਾਰ ਵਜੋਂ ਪੁਨਰ-ਨਿਯੁਕਤੀ ਦੇ ਛੇ ਹਫਤਿਆਂ ਅੰਦਰ ਅਪਰ (ਉਪਰਲੇ) ਬਾਰੀ ਦੁਆਬ ਵਿਚਲੇ ਕਾਹਨੂਵਾਨ ਪਰਗਨੇ ਦੇ 'ਆਮਲਾਂ' ਨੂੰ ਹਕੂਮਤ ਸਿੰਘ ਨਾਂ ਦਾ ਇਕ ਖ਼ਾਲਸਾ ਆਪਣੇ ਨਾਂ ਤੇ ਹੁਕਮ ਜਾਰੀ ਕਰਨ ਲਗ ਪਿਆ ਸੀ।

ਐਪਰ, ਲਗਪਗ ਇਕ ਦਹਾਕਾ ਹੋਰ, ਅਹਿਮਦ ਸ਼ਾਹ ਅਬਦਾਲੀ ਨੇ, ਸਿੱਖਾਂ ਨੂੰ ਪੰਜਾਬ ਵਿਚ ਇਕ ਖ਼ੁਦਮੁਖ਼ਤਾਰ ਹਕੂਮਤ ਕਾਇਮ ਕਰਨ ਵਾਲੇ ਦਾਅਵੇਦਾਰਾਂ ਵਜੋਂ, ਨਾ ਲਿਆ। ਉਸ ਨੇ 1757 ਵਿਚ ਮੁਗਲ ਸ਼ਹਿਨਸ਼ਾਹ ਨੂੰ ਅਜਿਹੀ ਸੰਧੀ ਲਈ ਮਜਬੂਰ ਕੀਤਾ, ਜਿਸ ਨਾਲ ਲਾਹੌਰ, ਕਸ਼ਮੀਰ ਅਤੇ ਮੁਲਤਾਨ ਦੇ ਸੂਬੇ ਰਸਮੀ ਤੌਰ ਤੇ ਉਸ ਨੂੰ ਮਿਲ ਗਏ। ਇਹ ਨਾਦਰ ਸ਼ਾਹ ਨੂੰ ਪਹਿਲਾਂ ਦਿਤੇ ਜਾ ਚੁਕੇ ਇਲਾਕਿਆਂ ਤੋਂ ਇਲਾਵਾ ਸਨ। ਸਰਹੰਦ ਦੀ 'ਸਰਕਾਰ' ਵੀ ਹੁਣ ਦਿਤੇ ਗਏ ਇਲਾਕਿਆਂ ਵਿਚ ਸ਼ਾਮਲ ਕਰ ਦਿਤੀ ਗਈ। ਉਸ ਨੇ ਸਰਹੰਦ ਵਿਚ ਆਪਣਾ ਸੂਬੇਦਾਰ ਨਿਯੁਕਤ ਕੀਤਾ ਅਤੇ ਉਹ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ, ਜਿੱਤੇ ਹੋਏ ਇਲਾਕਿਆਂ ਦੀ, ਅਫਗਾਨ ਕਮਾਨਦਾਰਾਂ (ਜਿਨ੍ਹਾਂ 'ਚੋਂ ਸਿਰਕਢ ਜਹਾਨ ਖ਼ਾਨ ਸੀ) ਦੀ ਸਹਾਇਤਾ ਨਾਲ, ਦੇਖਭਾਲ ਕਰਨ ਹਿਤ, ਲਾਹੌਰ ਵਿਖੇ ਛਡ ਗਿਆ। ਉਨ੍ਹਾਂ ਨੇ ਖ਼ਾਲਸੇ ਦੇ ਆਗੂਆਂ ਵਿਰੁੱਧ ਮੁਹਿੰਮਾਂ ਵਿਢੀਆਂ।

ਮਰਹੱਟਿਆਂ ਨੂੰ ਆਪਣੇ ਤੌਰ ਤੇ ਇਹ ਵਿਗਾਸ-ਕਰਮ ਆਪਣੇ ਸਵਾਰਥੀ ਹਿਤਾਂ ਕਾਰਨ ਪਸੰਦ ਨਾ ਆਇਆ। ਉਤੱਰੀ ਹਿੰਦੁਸਤਾਨ ਵਿਚ ਕਾਫੀ ਰਸੂਖ਼ ਕਾਇਮ ਕਰ ਲੈਣ ਪਿਛੋਂ ਉਨ੍ਹਾਂ ਨੇ ਮਨ ਵਿਚ ਇਹ ਵਿਚਾਰ ਪਾਲ ਲਿਆ ਸੀ ਕਿ ਉਨ੍ਹਾਂ ਨੂੰ ਪੰਜਾਬ ਵਿਚ ਮੁਗਲਾਂ ਦੀ ਥਾਂ ਲੈਣੀ ਚਾਹੀਦੀ ਹੈ। ਸੋ 1758 ਵਿਚ ਪੰਜਾਬ ਅੰਦਰ ਇਕ ਵਾਹਵਾ ਤਕੜੀ ਫੌਜ ਨੇ ਆ ਡੇਰੇ ਲਾਏ। ਤੈਮੂਰ ਸ਼ਾਹ ਅਤੇ ਜਹਾਨ ਖ਼ਾਨ ਬਿਨਾ ਲੜਾਈ ਲਾਹੌਰ ਛਡ ਗਏ। ਮਰਹੱਟਿਆਂ ਦੇ ਘੋੜਿਆਂ ਨੇ ਸਿੰਧ ਦਰਿਆ ਦਾ ਪਾਣੀ ਪੀਤਾ। ਐਪਰ ਜਦ 1759 ਦੇ ਅੰਤ ਵਿਚ ਅਹਿਮਦ ਸ਼ਾਹ ਅਬਦਾਲੀ ਪੰਜਾਬ ਤੇ ਚੜ੍ਹ ਆਇਆ, ਤਦ ਉਸ ਮਰਹੱਟੇ ਕਮਾਨਦਾਰ ਨੇ ਬਿਨਾ ਲੜਾਈ ਭੱਜ ਕੇ ਵਾਰੀ ਦਾ ਵੱਟਾ ਲਾਹਿਆ। ਅਹਿਮਦ ਸ਼ਾਹ

1760 ਵਿਚ ਹਿੰਦੁਸਤਾਨ ਅੰਦਰ ਹੀ ਟਿਕਿਆ ਰਿਹਾ ਅਤੇ 1761 ਦੇ ਆਰੰਭ ਵਿਚ, ਉਸ ਨੇ ਪਾਨੀਪਤ ਦੀ ਫੈਸਲਾਕੁਨ ਲੜਾਈ ਲੜ ਕੇ ਮਰਹੱਟਿਆਂ 'ਤੇ ਪੂਰਨ ਜਿੱਤ ਪ੍ਰਾਪਤ ਕੀਤੀ। ਏਦਾਂ ਲਾਹੌਰ ਸੂਬੇ ਦੀ ਰਾਜਨੀਤੀ ਵਿਚ ਉਨ੍ਹਾਂ ਦੇ ਦਖਲ ਦਾ ਪੂਰੀ ਤਰ੍ਹਾਂ ਖਾਤਮਾ ਹੋ ਗਿਆ। ਏਧਰ, ਖਾਲਸੇ ਨੂੰ ਸੂਬੇ ਦੇ ਕਾਫੀ ਹਿਸਿੱਆਂ ਵਿਚ ਆਪਣਾ ਅਧਿਕਾਰ ਜਮਾਉਣ ਦਾ ਮੌਕਾ ਵੀ ਮਿਲ ਗਿਆ।

ਅਹਿਮਦ ਸ਼ਾਹ ਨੂੰ ਇਹ ਸੋਝੀ ਹੋ ਗਈ ਕਿ ਪੰਜਾਬ ਵਿਚ ਸਿੰਘ ਹੀ ਉਸਦੇ ਤਾਕਤਵਰ ਵਿਰੋਧੀ ਹਨ, ਜਿਨ੍ਹਾਂ ਨੇ ਉਸ ਸਮੇਂ ਆਪਣੀ ਸ਼ਕਤੀ ਅਤੇ ਰਸੂਖ ਕਾਫੀ ਵਧਾ ਲਿਆ ਸੀ, ਜਦੋਂ ਕਿ ਉਹ ਦੂਜਿਆਂ ਨਾਲ ਦੋ ਹੱਥ ਕਰਨ ਵਿਚ ਰੁਝਿਆ ਹੋਇਆ ਸੀ। ਮਈ 1761 ਵਿਚ ਉਸ ਦੀ ਕਾਬਲ ਵਾਪਸੀ ਪਿਛੋਂ ਖ਼ਵਾਜਾ ਮਿਰਜ਼ਾ ਨੇ ਸਿੰਘਾਂ ਸਾਹਵੇਂ ਹਥਿਆਰ ਸੁੱਟ ਦਿਤੇ, ਜੋ ਕਿ ਔਰੰਗਾਬਾਦ, ਪਸਰੂਰ, ਸਿਆਲਕੋਟ ਅਤੇ ਗੁਜਰਾਤ ਦੇ ਪਰਗਨਿਆਂ ਦਾ ਹਾਕਮ ਸੀ। ਜਲੰਧਰ ਦੇ ਅਫਗਾਨ ਫੌਜਦਾਰ ਨੂੰ ਸਿੰਘਾਂ ਨੇ ਮਾਰ ਭਜਾਇਆ ਅਤੇ ਸਤੰਬਰ 1761 ਵਿਚ ਲਾਹੌਰ ਦੇ ਅਫਗਾਨ ਸੂਬੇਦਾਰ ਨੂੰ ਗੁਜਰਾਂਵਾਲਾ ਦੇ ਨਜ਼ਦੀਕ ਹਰਾਇਆ। ਇਹ ਵੇਖ ਕੇ ਕਿ ਸਿੰਘਾਂ ਨੇ ਉਸ ਦੇ ਸਾਰੇ ਸੂਬੇਦਾਰਾਂ ਨੂੰ ਗਦੀਉਂ ਥੱਲੇ ਲਾਹ ਮਾਰਿਆ ਹੈ, ਅਹਿਮਦ ਸ਼ਾਹ ਨੇ 1762 ਵਿਚ, ਸਮੁੱਚਾ ਵਰ੍ਹਾ ਪੰਜਾਬ ਵਿਚ ਹੀ ਡੇਰਾ ਜਮਾਈ ਰਖਿਆ। ਉਸ ਨੇ ਫਰਵਰੀ ਦੇ ਮਹੀਨੇ ਮਲੇਰ ਕੋਟਲਾ ਲਾਗੇ ਸਿੰਘਾਂ ਤੇ ਭਰਪੂਰ ਹੱਲਾ ਬੋਲਿਆ ਅਤੇ ਇਕੋ ਵਾਰੀ ਹਜ਼ਾਰਾਂ ਸਿੰਘਾਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਤਬਾਹੀ ਦੀ ਕਾਰਵਾਈ ਸਿੱਖ ਰਵਾਇਤਾਂ ਵਿਚ ਵਡਾ ਘੱਲੂਘਾਰਾ ਦੇ ਨਾਂ ਨਾਲ ਜਾਣੀ ਜਾਂਦੀ ਹੈ। ਐਪਰ, ਮਈ 1762 ਵਿਚ ਹੀ ਸਿੰਘਾਂ ਨੇ ਸਰਹੰਦ ਦੇ ਅਫਗਾਨ ਗਵਰਨਰ ਨੂੰ ਕਰਾਰੀ ਹਾਰ ਦਿਤੀ। ਅਤੇ ਅਗਸਤ ਵਿਚ ਅੰਮ੍ਰਿਤਸਰ ਨੇੜੇ ਅਹਿਮਦ ਸ਼ਾਹ ਨਾਲ ਸਿੱਧੇ ਦੋ ਦੋ ਹੱਥ ਕੀਤੇ, ਅਰਥਾਤ, ਉਸ ਨਾਲ ਸਿਧਾ ਮੱਥਾ ਲਾਇਆ। ਇਹ ਲੜਾਈ ਗੈਰ-ਫੈਸਲਾਕੁਨ ਸਾਬਤ ਹੋਈ ਅਤੇ ਅਹਿਮਦ ਸ਼ਾਹ ਨੇ ਲਾਹੌਰ ਜਾ ਡੇਰੇ ਲਾਏ। ਦਸੰਬਰ ਵਿਚ ਉਸ ਦੇ ਵਾਪਸ ਕਾਬਲ ਪਰਤਦੇ ਹੋਏ, ਸਿੰਘਾਂ ਨੇ ਉਸ ਦਾ ਖੁਰਾ ਨਪੀ ਰਖਿਆ, ਭਾਵ, ਸਿੰਘ ਉਸ ਦਾ ਪਿੱਛਾ ਕਰਦੇ ਰਹੇ।

ਜਿਥੇ ਉਨ੍ਹਾਂ ਦਾ ਮਾਲਕ ਅਸਫਲ ਹੋਇਆ ਸੀ, ਉਥੇ ਅਫਗਾਨ ਸੂਬੇਦਾਰਾਂ ਅਤੇ ਫੌਜਦਾਰਾਂ ਨੇ ਭਲਾ ਕਿਥੇ ਸਫਲ ਹੋਣਾ ਸੀ! ਸੱਚਮੁੱਚ ਹੀ ਉਹ ਖਾਲਸੇ ਦੇ ਮੁਕਾਬਲੇ, ਹੀਣੇ ਤੇ ਨਿਤਾਣੇ ਸਾਬਤ ਹੋਏ। ਜਲੰਧਰ ਦੁਆਬ ਦੇ ਫੌਜਦਾਰ ਸਾਅਦਤ ਯਾਰ ਖਾਨ ਤੇ ਗਲਬਾ ਪਾ ਲਿਆ ਗਿਆ ਅਤੇ ਸਮੁੱਚੇ ਦੁਆਬ ਉਪਰ ਸਿੰਘਾਂ ਨੇ ਕਬਜ਼ਾ ਕਰ ਲਿਆ। ਸਰਹੰਦ ਦੇ ਸੂਬੇਦਾਰ ਜ਼ੈਨ ਖਾਨ ਨੂੰ ਹਾਰ ਨਸੀਬ ਹੋਈ ਤੇ ਉਹ ਮਾਰਿਆ ਗਿਆ। ਉਸ ਦੇ ਇਲਾਕੇ ਦੀਆਂ, ਸਿੰਘਾਂ ਨੇ ਆਪਸੀ ਵੰਡੀਆਂ ਪਾ ਲਈਆਂ। ਚਨਾਬ ਦੇ ਖੱਬੇ ਕੰਢੇ 'ਤੇ ਹੋਈ ਗਹਿਗਚ ਲੜਾਈ ਵਿਚ ਦਲ ਖਾਲਸਾ ਨੇ ਅਹਿਮਦ ਸ਼ਾਹ ਨੂੰ ਕਰਾਰੀ ਹਾਰ ਦਿਤੀ। ਲਾਹੌਰ ਵਿਚਲੇ ਅਫਗਾਨ ਸੂਬੇਦਾਰ ਕਾਬੁਲੀ ਮਲ ਨੂੰ ਮਜਬੂਰਨ ਖਾਲਸੇ ਦੇ ਨਾਮਜ਼ਦ ਕੀਤੇ ਨੁਮਾਇੰਦੇ ਦੇ ਹੁਕਮ ਅਨੁਸਾਰ ਚਲਣਾ ਪਿਆ। ਸਰ ਬੁਲੰਦ ਖਾਨ ਨੂੰ, ਜੋ ਉੱਤਰ-ਪੱਛਮੀ ਪੰਜਾਬ ਵਿਚ ਸਰਦਾਰ ਚੜ੍ਹਤ ਸਿੰਘ ਨਾਲ ਸਿੱਝਣ ਲਈ ਘਲਿਆ ਗਿਆ ਸੀ, ਕੈਦੀ ਬਣਾ ਲਿਆ ਗਿਆ। ਅਹਿਮਦ ਸ਼ਾਹ ਦੇ ਸਮਰਥਕਾਂ ਅਰਥਾਤ ਸੰਗੀਆਂ ਨੂੰ ਸਿੰਘਾਂ ਨੇ ਵਾਹਵਾ ਖੱਜਲ-ਖਵਾਰ ਕੀਤਾ। ਕਸੂਰ ਦੇ ਅਫਗਾਨ ਗੜ੍ਹ ਨੂੰ ਵੀ ਸਰ ਕਰ ਲਿਆ ਗਿਆ। ਮਲੇਰ ਕੋਟਲੇ ਦਾ ਭੀਖਣ ਸ਼ਾਹ ਵੀ ਮੈਦਾਨ ਵਿਚ ਹਾਰ ਗਿਆ ਅਤੇ ਮਾਰਿਆ ਗਿਆ।

ਸੋ 1764 ਦੇ ਵਰ੍ਹੇ ਦੇ ਮੁਕਣ ਤੋਂ ਪਹਿਲਾਂ ਅਹਿਮਦ ਸ਼ਾਹ ਨੂੰ ਸਿੰਘਾਂ ਨਾਲ ਦੋ ਹੱਥ ਕਰਨ ਲਈ ਆਪ ਆਉਣਾ ਪਿਆ। ਉਸ ਨੂੰ ਲਾਹੌਰ ਤੀਕਰ ਬਿਨਾ ਰੋਕ ਟੋਕ ਆਉਣ ਦਿਤਾ ਗਿਆ, ਪਰ ਇਸ ਤੋਂ ਅੱਗੇ ਵਧਣਾ ਉਸ ਲਈ ਮੁਸ਼ਕਲ ਬਣਾ ਦਿਤਾ ਗਿਆ। ਉਸ ਦਾ ਅਧਿਕਾਰ-ਖੇਤਰ ਉਸ ਦੇ ਕੈਂਪ ਤੀਕਰ ਹੀ ਸੀਮਿਤ ਹੋ ਕੇ ਰਹਿ ਗਿਆ। ਫਰਵਰੀ 1765 ਵਿਚ ਉਸ ਨੇ ਬਿਨਾ ਕੋਈ ਵਾਰ ਕਰਨ ਦੇ ਵਾਪਸ ਜਾਣ ਦਾ ਫੈਸਲਾ ਕਰ ਲਿਆ। ਏਦਾਂ ਪਿੱਛੇ ਹਟਦੀ ਅਫਗਾਨ ਫੌਜ ਨੂੰ ਸਰਹੰਦ ਤੋਂ ਕਾਬਲ ਤਕ, ਰਾਹ ਵਿਚ ਪੈਂਦੇ ਸਾਰੇ ਦਰਿਆ ਮੁੜ ਪਾਰ ਕਰਨੇ ਪਏ। ਲਾਹੌਰੋਂ ਅਹਿਮਦ ਸ਼ਾਹ ਦੀ ਵਾਪਸੀ ਦੇ ਕੁਝ ਹਫਤਿਆਂ ਅੰਦਰ ਹੀ ਤਿੰਨ ਸਿੰਘ ਸਰਦਾਰਾਂ ਨੇ ਸ਼ਹਿਰ ਤੇ ਕਬਜ਼ਾ ਕਰ ਕੇ ਉਸ ਨੂੰ ਆਪਸ ਵਿਚ ਵੰਡ ਲਿਆ। ਕਾਜ਼ੀ ਨੂਰ ਮੁਹੰਮਦ, ਜੋ ਕਿ ਇਸ ਮੁਹਿੰਮ 'ਤੇ ਅਹਿਮਦ ਸ਼ਾਹ ਦੇ ਨਾਲ ਆਇਆ ਸੀ, ਅਫਸੋਸ ਨਾਲ ਲਿਖਦਾ ਹੈ ਕਿ ਸਿੰਘਾਂ ਨਿਡਰਤਾ ਨਾਲ ਸਰਹੰਦ ਤੋਂ ਡੇਰਾਜਾਤ ਤੀਕਰ ਦੇ ਇਲਾਕੇ ਤੇ ਕਬਜ਼ਾ ਕਰ, ਮੌਜਾਂ ਮਾਣ ਰਹੇ ਹਨ। ਸਿੰਘ ਦੀ ਪ੍ਰਭੁਤਾ (ਖੁਦਮੁਖਤਾਰੀ) ਦੇ ਐਲਾਨ ਵਜੋਂ 1765 ਦੀ ਵਿਸਾਖੀ ਨੂੰ ਲਾਹੌਰ ਵਿਖੇ ਇਕ ਸਿੱਕਾ ਜਾਰੀ ਕੀਤਾ ਗਿਆ।

ਕਾਜ਼ੀ ਨੂਰ ਮੁਹੰਮਦ ਪੰਜਾਬ ਦੀ ਸਿਆਸਤ (ਰਾਜਨੀਤੀ) ਵਿਚ ਆਈ ਬਹੁਤ ਸਪਸ਼ਟ ਵਡੀ ਤਬਦੀਲੀ ਨੂੰ ਦਰਸਾਉਂਦੇ ਹੋਏ, ਸਿੰਘਾਂ ਦੇ ਇਸ ਦੇ ਮਾਲਕ ਹੋਣ ਦੀ ਗਲ ਕਰਦਾ ਹੈ। ਪਰ, ਇਨ੍ਹਾਂ ਤੋਂ ਇਲਾਵਾ ਕਈ ਹੋਰ ਲੋਕ ਵੀ ਸਨ ਜਿਨ੍ਹਾਂ ਨੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦੌਰਾਨ ਆਪਣੀ ਆਜ਼ਾਦੀ ਤੇ ਪਹਿਰਾ ਦਿਤਾ ਜਾਂ ਕਈ ਥਾਵਾਂ ਤੇ ਖੁਦ-ਮੁਖਤਾਰ ਬਣ ਬੈਠੇ। ਸਰਹੰਦ ਦੀ 'ਸਰਕਾਰ' ਵਿਚਲੇ ਮਾਲੇਰਕੋਟਲੇ ਦੇ ਅਫਗਾਨ, ਜਿਨ੍ਹਾਂ ਅਠਾਰ੍ਹਵੀਂ ਸਦੀ ਦੇ ਮੁਢਲੇ ਸਾਲਾਂ ਵਿਚ ਸਰਹੰਦ ਦੇ ਮੁਗਲ ਫੌਜਦਾਰਾਂ ਅਧੀਨ ਸੇਵਾ ਕੀਤੀ ਸੀ, ਹੁਣ ਆਪਣੇ ਆਪ ਨੂੰ ਉਨ੍ਹਾਂ ਪਿੰਡਾਂ ਦੇ ਮਾਲਕ ਸਮਝਣ ਲਗ ਪਏ ਸਨ, ਜਿਨ੍ਹਾਂ ਨੂੰ ਪਹਿਲਾਂ 'ਜਾਗੀਰ' ਜਾਂ 'ਜ਼ਿਮੀਦਾਰੀ' ਵਜੋਂ ਮਿਲੇ ਸਮਝਿਆ ਜਾਂਦਾ ਸੀ। ਹੁਣ ਵਾਲੇ ਲੁਧਿਆਣਾ ਜ਼ਿਲ੍ਹੇ ਵਿਚਲੇ ਕਸਬੇ ਰਾਏਕੋਟ ਦੇ ਮੁਸਲਮਾਨ ਰਾਜਪੂਤ ਜਗਰਾਉਂ ਅਤੇ ਲੁਧਿਆਣੇ ਦੇ ਆਲੇ-ਦੁਆਲੇ ਦੇ ਪਿੰਡਾਂ ਅਤੇ ਰਾਏਕੋਟ ਉੱਪਰ ਆਪਣੀ ਮਾਲਕੀ ਜਤਾ ਰਹੇ ਸਨ।

ਜਲੰਧਰ ਦੁਆਬ ਵਿਚ ਕਪੂਰਥਲੇ ਦੇ ਮੁਸਲਮਾਨ ਰਾਜਪੂਤਾਂ ਨੇ, ਰਾਇ ਇਬਰਾਹੀਮ ਭੱਟੀ ਦੀ ਅਗਵਾਈ ਹੇਠ, ਆਪਣੀ ਸੱਤਾ ਸਥਾਪਤ ਕਰ ਲਈ। ਬਾਰੀ ਦੁਆਬ ਵਿਚ ਕਸੂਰ ਦੇ ਅਫਗਾਨਾਂ ਨੇ, ਜੋ ਵਾਰੀ ਵਾਰੀ ਅਬੱਦੁਸ ਸਮੱਦ ਖਾਨ ਅਤੇ ਜ਼ਕਰੀਆ ਖਾਨ ਅਧੀਨ ਨੌਕਰੀ ਕਰਦੇ ਰਹੇ ਅਤੇ ਫੇਰ ਉਨ੍ਹਾਂ ਤੋਂ ਨਾਬਰ ਹੋਏ, ਅਠਾਰ੍ਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਅਹਿਮਦ ਸ਼ਾਹ ਅਬਦਾਲੀ ਦੀ ਨਾਂ-ਮਾਤਰ ਅਧੀਨਗੀ ਕਬੂਲਦੇ ਹੋਏ ਆਪਣੀ ਸੁਤੰਤਰਤਾ ਦੀ ਗਲ ਚੁੱਕੀ, ਅਰਥਾਤ, ਜਤਾਈ। ਖਰਲ ਕਬੀਲੇ ਦੇ ਸਰਦਾਰਾਂ ਨੇ ਕੋਟ ਕਮਾਲੀਆ ਉਦਾਲੇ ਆਪਣੀ ਸੱਤਾ ਕਾਇਮ ਕੀਤੀ। ਹੇਠਲੇ ਰਚਨਾ ਦੁਆਬ ਵਿਚਲੇ ਝੰਗ ਦੇ ਸਿਆਲਾਂ ਨੇ ਵਲੀ ਦਾਦ ਖਾਨ ਅਤੇ ਇਨਾਇਤਉਲਾ ਦੀ ਸਰਦਾਰੀ ਹੇਠ ਆਪਣੀ ਸ਼ਕਤੀ ਵਿਚ ਵਾਧਾ ਕੀਤਾ, ਅਤੇ ਕੋਟ ਕਮਾਲੀਆ ਅਤੇ ਮਾਨਕੇਰਾ ਵਿਚਲੇ ਇਲਾਕੇ, ਅਤੇ ਰਾਵੀ-ਚਨਾਬ ਦੇ ਸੰਗਮ ਤੋਂ ਲੈ ਕੇ ਪਿੰਡੀ ਭੱਟੀਆਂ ਤੀਕਰ ਦੇ ਇਲਾਕੇ ਉਪਰ ਹਕੂਮਤ ਕਰਨ ਲਗੇ। ਰਚਨਾ ਦੁਆਬ ਦੇ ਮਧ ਵਿਚ 1750ਵਿਆਂ ਦੌਰਾਨ ਚੱਠੇ ਸ਼ਕਤੀਸ਼ਾਲੀ ਹੋ ਗਏ। ਸ਼ਾਹਪੁਰ ਦੇ ਉਦਾਲੇ ਨਿਚਲੇ/ਨਿਮਨ ਚਜ ਦੁਆਬ ਵਿਚ ਟਿਵਾਣੇ ਹਾਵੀ ਹੋ ਗਏ, ਜਦ ਕਿ ਗਖੱੜ ਗੁਜਰਾਤ ਦੇ

ਚੌਗਿਰਦੇ ਦੇ ਉਪਰਲੇ ਇਲਾਕਿਆਂ ਦੇ ਨਾਲ, ਸਿੰਧ ਸਾਗਰ ਦੁਆਬ ਦੇ ਉਪਰਲੇ ਭਾਗ ਵਿਚਲੇ ਰਾਵਲਪਿੰਡੀ ਦੇ ਇਲਾਕੇ ਵਿਚ ਭਾਰੂ ਸਨ। ਘੇਬਿਆਂ ਅਤੇ ਜੋਧਰਿਆਂ ਦੇ ਸਰਦਾਰਾਂ ਨੇ ਮੁੜ ਆਪਣੀ ਪਹਿਲੀ ਸ਼ਕਤੀ ਬਹਾਲ ਕਰ ਲਈ।

ਜਦ ਅਹਿਮਦ ਸ਼ਾਹ ਅਬਦਾਲੀ ਨੇ ਮੁਗਲਾਂ ਤੋਂ ਲਾਹੌਰ ਅਤੇ ਕਸ਼ਮੀਰ ਦੇ ਸੂਬੇ ਲੈ ਲਏ ਸਨ, ਤਦ ਇਨ੍ਹਾਂ ਸੂਬਿਆਂ ਨਾਲ ਸੰਬੰਧਤ ਲਗਪਗ ਸਾਰੇ ਪਹਾੜੀ ਸਰਦਾਰਾਂ (ਰਾਜਿਆਂ) ਨੇ ਉਸਦੀ ਸਰਦਾਰੀ, ਅਰਥਾਤ, ਅਧਿਰਾਜਕੀ ਕਬੂਲ ਕਰ ਲਈ ਸੀ। ਸਿੰਧ ਅਤੇ ਚਨਾਬ ਵਿਚਲੇ ਪਹਾੜੀ ਰਾਜਿਆਂ ਉਤੇ ਉਸ ਦਾ ਕੰਟਰੋਲ (ਨਿਯੰਤ੍ਰਣ) ਚਨਾਬ ਅਤੇ ਸਤਲੁਜ ਵਿਚਲੇ ਰਾਜਿਆਂ ਨਾਲੋਂ ਕਿਤੇ ਵਧ ਪ੍ਰਭਾਵਸ਼ਾਲੀ ਸੀ। ਅਹਿਮਦ ਸ਼ਾਹ ਦੀ ਅਧੀਨਗੀ ਮੰਨਦੇ ਹੋਏ ਅਤੇ ਕਦੀ ਕਦਾਈਂ ਉਸ ਨੂੰ ਫੌਜੀ ਦਸਤੇ ਘਲ ਕੇ, ਸਹਾਇਤਾ ਪ੍ਰਦਾਨ ਕਰ ਕੇ, ਜੰਮੂ ਅਤੇ ਕਾਂਗੜੇ ਦੇ ਰਾਜਿਆਂ ਨੇ ਅਸਲ ਵਿਚ ਆਪਣੀ ਤਾਕਤ ਵਿਚ ਵਾਧਾ ਕਰ ਲਿਆ ਸੀ, ਅਤੇ ਆਖ਼ਰਕਾਰ ਉਹ ਖ਼ੁਦਮੁਖ਼ਤਾਰ ਅਰਥਾਤ ਸੁਤੰਤਰ ਹੋ ਗਏ। ਏਦਾਂ ਉਨ੍ਹਾਂ ਨੇ ਆਪਣੇ ਲਾਗਲੇ ਗਵਾਂਢੀ ਛੋਟੇ ਰਾਜਿਆਂ ਤੋਂ ਆਪਣੀ ਸਰਦਾਰੀ ਨੂੰ ਮੰਨਵਾਉਣਾ ਸ਼ੁਰੂ ਕੀਤਾ। ਇਨ੍ਹਾਂ ਰਾਜਿਆਂ ਵਿਚੋਂ ਇਕ ਜੰਮੂ ਦਾ ਡੋਗਰਾ ਰਾਜਾ ਰਣਜੀਤ ਰਾਇ, ਚਨਾਬ ਅਤੇ ਰਾਵੀ ਵਿਚਲੇ ਇਲਾਕੇ ਵਿਚ, ਸਰਬੁੱਚ ਅਧਿਕਾਰੀ ਬਣ ਬੈਠਾ। ਏਦਾਂ ਦਾ ਦੂਜਾ ਰਾਜਾ, ਕਾਂਗੜੇ ਦਾ ਰਾਜਾ ਘਮੰਡ ਚੰਦ ਕਟੋਚ ਸੀ ਜੋ ਸਤਲੁਜ ਅਤੇ ਰਾਵੀ ਵਿਚਕਾਰਲੇ ਇਲਾਕੇ ਵਿਚ ਸਿਰਮੌਰ ਸ਼ਕਤੀ ਰਖਦਾ ਸੀ। ਏਦਾਂ ਦਾ ਹੀ ਇਕ ਹੋਰ ਰਾਜਾ ਚੰਬੇ ਦਾ ਰਾਜਾ ਰਾਜ ਸਿੰਘ ਸੀ, ਜਿਸ ਨੇ ਭੱਦਰਵਾਹ ਅਤੇ ਕਿਸ਼ਤਵਾੜ ਸਮੇਤ ਕਈ ਪਹਾੜੀ ਰਿਆਸਤਾਂ ਤੋਂ ਈਨ ਮੰਨਵਾਈ।

1760ਵਿਆਂ ਤੀਕਰ ਸਿੱਖ ਸਰਦਾਰਾਂ ਨੂੰ, ਪਹਾੜਾਂ ਅਤੇ ਮੈਦਾਨਾਂ ਵਿਚਲੇ ਅਰਧ-ਸੁਤੰਤਰ ਰਜਵਾੜਿਆਂ ਅਤੇ ਅਹਿਮਦਸ਼ਾਹ ਅਬਦਾਲੀ ਵਲੋਂ ਨਿਯੁਕਤ ਪ੍ਰਸ਼ਾਸਕਾਂ (ਨਾਜ਼ਿਮਾਂ) ਨਾਲ, ਟੱਕਰ ਲੈਣੀ ਪਈ। ਉਨ੍ਹਾਂ ਨੂੰ 1770ਵਿਆਂ ਦੌਰਾਨ ਆਮ ਕਰ ਕੇ ਸਿਰਫ ਸਥਾਨਕ ਸਰਦਾਰਾਂ, ਅਰਥਾਤ, ਰਜਵਾੜਿਆਂ ਨਾਲ ਟੱਕਰ ਲੈਣੀ ਪਈ। ਪਰ ਜਲਦੀ ਹੀ ਉਨ੍ਹਾਂ ਵਿਚਾਲੇ ਆਪਸੀ ਤਕਰਾਰ ਵੀ ਸ਼ੁਰੂ ਹੋ ਗਈ। ਮੁਗਲ ਰਾਜ ਵੇਲੇ ਦੇ ਲਾਹੌਰ ਤੇ ਮੁਲਤਾਨ ਦੇ ਸੂਬਿਆਂ ਅਤੇ ਸਰਹੰਦ ਦੀ 'ਸਰਕਾਰ' ਵਿਚ ਸਿੱਖਾਂ ਦੁਆਰਾ ਸਥਾਪਤ ਕੀਤੀਆਂ ਛੋਟੀਆਂ ਛੋਟੀਆਂ ਰਿਆਸਤਾਂ ਦੀ ਗਿਣਤੀ ਬਹੁਤ ਸੀ। ਹੰਢੇ-ਵਰਤੇ ਅਤੇ ਤਜੌਰਬਾਕਾਰ ਕੁਝ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਲਾਹੌਰ ਦੇ ਸੂਬੇ ਵਿਚ ਹੀ ਸਥਾਪਤ ਕਰ ਲਿਆ ਸੀ। ਮਿਸਾਲ ਦੇ ਤੌਰ ਤੇ ਜੱਸਾ ਸਿੰਘ ਆਹਲੂਵਾਲੀਏ ਨੇ ਆਪਣਾ ਸਦਰ-ਮੁਕਾਮ (ਹੈਡ ਕਵਾਰਟਰਜ਼) ਕਪੂਰਥਲੇ ਰਖ ਕੇ ਜਲੰਧਰ ਤੇ ਬਾਰੀ ਦੁਆਬ ਅਤੇ ਸਤਲੁਜ ਪਾਰਲੇ ਇਲਾਕਿਆਂ ਤੇ ਕਬਜ਼ਾ ਜਮਾਇਆ। ਜੱਸਾ ਸਿੰਘ ਰਾਮਗੜ੍ਹੀਏ ਦੇ ਕਬਜ਼ੇ ਹੇਠਾਂ ਇਨ੍ਹਾਂ ਦੋਹਾਂ ਦੁਆਬਿਆਂ ਵਿਚਲਾ ਕਾਫੀ ਇਲਾਕਾ ਸੀ; ਉਹ ਆਮ ਕਰ ਕੇ ਸ੍ਰੀ ਹਰਿ ਗੋਬਿੰਦਪੁਰ ਵਿਖੇ ਹੀ ਡੇਰਾ ਰਖਦਾ ਸੀ। ਜੈ ਸਿੰਘ ਘਨੱਈਆ ਉਪਰਲੇ (ਬਾਲਾ) ਬਾਰੀ ਦੁਆਬੇ ਦੇ, ਖ਼ਾਸਕਰ ਬਟਾਲੇ ਦੇ ਉਦਾਲੇ ਦੇ ਇਲਾਕੇ ਤੇ ਕਾਬਜ਼ ਸੀ। ਹਰੀ ਸਿੰਘ ਭੰਗੀ ਅਤੇ ਉਸ ਦੇ ਪੁੱਤਰਾਂ ਨੇ ਅੰਮ੍ਰਿਤਸਰ ਅਤੇ ਉਸ ਦੇ ਆਲੇ ਦੁਆਲੇ ਕਬਜ਼ਾ ਕੀਤਾ ਹੋਇਆ ਸੀ। ਗੁੱਜਰ ਸਿੰਘ ਭੰਗੀ ਦੇ ਕਬਜ਼ੇ ਹੇਠ ਲਾਹੌਰ ਦਾ ਕੁਝ ਹਿੱਸਾ, ਗੁਜਰਾਤ ਅਤੇ ਅਪਰ (ਉਪਰਲਾ) ਚੱਜ ਦੁਆਬ ਦੇ ਕੁਝ ਪਰਗਨੇ ਸਨ। ਚੜ੍ਹਤ ਸਿੰਘ ਸੁਕਰਚਕੀਆ ਦਾ

ਰਚਨਾ, ਚਜ ਅਤੇ ਸਿੰਧ ਸਾਗਰ ਦੁਆਬਾਂ ਦੇ ਕਈ ਪਰਗਨਿਆਂ ਉਪਰ ਕਬਜ਼ਾ ਸੀ ਅਤੇ ਉਸ ਦੀ ਰਾਜਧਾਨੀ, ਅਰਥਾਤ, ਸਦਰ-ਮੁਕਾਮ ਗੁਜਰਾਂਵਾਲਾ ਸੀ।

ਇਨ੍ਹਾਂ ਉਘੇ ਨਾਵਾਂ ਦੇ ਨਾਲ ਮੁਗਲਾਂ ਦੇ ਲਾਹੌਰ ਸੂਬੇ ਵਿਚ ਆਪਣੇ ਆਪ ਨੂੰ ਸਥਾਪਤ ਕਰਨ ਵਾਲੇ ਸਿੱਖ ਸਰਦਾਰਾਂ ਦੀ ਸੂਚੀ ਮੁੱਕ ਨਹੀਂ ਜਾਂਦੀ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਜਣੇ ਇਸ ਸੂਚੀ ਵਿਚ ਸ਼ਾਮਲ ਸਨ, ਜਿਨ੍ਹਾਂ ਦੇ ਨਾਂ ਤਕਰੀਬਨ ਭੁਲ-ਭੁਲਾ ਗਏ ਹਨ, ਜਿਵੇਂ ਕਿ ਜਲੰਧਰ ਦੁਆਬ ਵਿਚਲੇ ਬਘੇਲ ਸਿੰਘ, ਤਾਰਾ ਸਿੰਘ ਡੱਲੇਵਾਲੀਆ, ਬੁੱਧ ਸਿੰਘ ਫੈਜ਼ਲਪੁਰੀਆ; ਉਪਰਲੇ ਬਾਰੀ ਦੁਆਬ ਵਿਚਲੇ ਲਹਿਣਾ ਸਿੰਘ, ਸੋਭਾ ਸਿੰਘ, ਹਕ਼ੀਕ਼ਤ ਸਿੰਘ, ਅਮਰ ਸਿੰਘ ਕਿੰਗਰਾ, ਅਮਰ ਸਿੰਘ ਬੱਗਾ, ਬੁਧ ਸਿੰਘ, ਸਾਹਿਬ ਸਿੰਘ, ਤਾਰਾ ਸਿੰਘ ਪਠਾਨਕੋਟੀਆ; ਉਪਰਲੇ ਰਚਨਾ ਦੁਆਬ ਵਿਚਲੇ ਜੱਸਾ ਸਿੰਘ ਦੂਲੂ, ਜੋਧ ਸਿੰਘ ਸੋਤੀਆਂ ਵਾਲਾ, ਨਿਧਾਨ ਸਿੰਘ ਡਸਕੇ ਵਾਲਾ, ਗੁਰਬਖਸ਼ ਸਿੰਘ ਵੜੈਚ, ਸਾਹਿਬ ਸਿੰਘ ਸਿਆਲਕੋਟੀਆ, ਨੱਬਾ ਸਿੰਘ ਸ਼ਹੀਦ, ਜੀਵਨ ਸਿੰਘ, ਬਾਘ ਸਿੰਘ ਹੱਲੋਵਾਲੀਆ, ਬਾਘ ਸਿੰਘ ਮਿਰਾਲੀਵਾਲਾ, ਨਾਹਰ ਸਿੰਘ ਚਮਿਆਰੀਵਾਲਾ ਅਤੇ ਸੁੱਧ ਸਿੰਘ ਢੀਨਾ, ਅਤੇ ਜਿਹਲਮੋਂ ਪਾਰ ਰਾਵਲਪਿੰਡੀ ਵਿਚਲਾ, ਮਿਲਖਾ ਸਿੰਘ।

ਮੁਲਤਾਨ ਅਤੇ ਦਿੱਲੀ ਦੇ ਮੁਗਲ ਸੂਬਿਆਂ ਵਿਚ ਵੀ ਸਿੱਖ ਸਰਦਾਰਾਂ ਦੀ ਗਿਣਤੀ ਕਾਫ਼ੀ ਸੀ। ਮੁਲਤਾਨ ਸ਼ਹਿਰ ਅਤੇ ਉਸ ਸੂਬੇ ਦੇ ਬਹੁਤ ਵਡੇ ਭਾਗ ਨੂੰ ਝੰਡਾ ਸਿੰਘ, ਗੰਡਾ ਸਿੰਘ ਭੰਗੀ ਸਰਦਾਰਾਂ ਨੇ ਫਤਿਹ ਕੀਤਾ ਸੀ ਅਤੇ ਇਨ੍ਹਾਂ ਜਿੱਤੇ ਹੋਏ ਇਲਾਕਿਆ ਨੂੰ ਰਾਇ ਸਿੰਘ ਦੀ ਸਪੁਰਦੱਾਰੀ ਵਿਚ ਦੇ ਦਿਤਾ ਸੀ। ਨਿਚਲੇ ਬਾਰੀ ਦੁਆਬ ਦੇ ਬਾਕੀ ਦੇ ਹਿੱਸਿਆਂ ਵਿਚ ਵੀ ਕਾਫ਼ੀ ਸਰਦਾਰ ਸਨ, ਜਿਵੇਂ ਕਿ : ਲਾਲ ਸਿੰਘ, ਮਾਰੂਫ ਅਤੇ ਕੰਗਣਪੁਰ ਵਿਚ; ਕ਼ਮਰ ਸਿੰਘ, ਦੀਪਾਲਪੁਰ ਅਤੇ ਸਤਘਰਾ ਵਿਚ; ਰਣ ਸਿੰਘ, ਸਹਾਇ ਸਿੰਘ, ਤਾਰਾ ਸਿੰਘ, ਜੇਠਪੁਰ, ਚੂਨੀਆਂ, ਫਰੀਦਾਬਾਦ, ਮਲਕਾ ਹਾਂਸ, ਸਯੱਦਵਾਲਾ, ਕਮਾਲੀਆ ਅਤੇ ਪਾਕਪਟਨ ਵਿਚ।

ਦਿੱਲੀ ਸੂਬੇ ਵਿਚਲੇ ਸਿਖ ਸਰਦਾਰ ਦੋ ਕਿਸਮ ਦੇ ਸਨ : ਇਕ ਉਹ ਜੋ ਲਾਹੌਰੋਂ ਆਏ ਸਨ, ਅਤੇ ਦੂਜੇ ਉਹ ਜੋ ਦਿੱਲੀ ਸੂਬੇ ਦੇ ਹੀ ਸਨ। ਸਤਲੁਜ ਜਮਨਾ ਦੇ ਵਿਚਕਾਰਲੇ ਭਾਗ ਦੇ ਉਤਾੜ ਵਿਚ ਵਧੇਰੇ ਕਰ ਕੇ ਪਹਿਲੀ ਸ਼੍ਰੇਣੀ ਵਾਲੇ ਲਾਹੌਰੀਏ ਸਰਦਾਰ ਕਾਬਜ਼ ਸਨ ਅਤੇ ਹਿਠਾੜ ਵਿਚ ਦੂਜੀ ਸ਼੍ਰੇਣੀ ਵਾਲੇ, ਅਰਥਾਤ, ਦਿੱਲੀ ਵਾਲੇ ਸਰਦਾਰਾਂ ਦੀ ਮਾਲਕੀ ਸੀ। ਪਹਿਲੀ ਸ਼੍ਰੇਣੀ ਦੇ ਉਘੇ ਸਰਦਾਰਾਂ ਵਿਚ ਜੱਸਾ ਸਿੰਘ ਆਹਲੂਵਾਲੀਆ ਅਤੇ ਤਾਰਾ ਸਿੰਘ ਡੱਲੇਵਾਲੀਆ ਤੋਂ ਇਲਾਵਾ ਬਘੇਲ ਸਿੰਘ, ਗੁਰਬਖਸ਼ ਸਿੰਘ ਸ਼ਹੀਦ, ਗੁਰਬਖਸ਼ ਸਿੰਘ ਕਲਸੀਆ, ਸਿਆਲਬਾ ਦੇ ਹਰੀ ਸਿੰਘ, ਬੂੜੀਆ ਦੇ ਰਾਇ ਸਿੰਘ, ਬਨੂੜ ਦੇ ਖੁਸ਼ਹਾਲ ਸਿੰਘ, ਸ਼ਾਹਬਾਦ ਦੇ ਕਰਮ ਸਿੰਘ, ਜਗਾਧਰੀ ਦੇ ਨਾਨੂ ਸਿੰਘ, ਕੈਥਲ ਦੇ ਦੇਸੂ ਸਿੰਘ ਅਤੇ ਥਾਨੇਸਰ ਦੇ ਭੰਗਾ ਸਿੰਘ ਦੇ ਨਾਂ ਸ਼ਾਮਲ ਹਨ। ਦੂਜੀ ਸ਼੍ਰੇਣੀ ਦੇ ਉਘੇ ਸਰਦਾਰ ਸਨ : ਪਟਿਆਲੇ ਦਾ ਆਲਾ ਸਿੰਘ ਅਤੇ ਉਸ ਦਾ ਪੋਤਾ ਅਮਰ ਸਿੰਘ, ਜੀਂਦ ਦਾ ਗਜਪਤ ਸਿੰਘ, ਨਾਭੇ ਦਾ ਹਮੀਰ ਸਿੰਘ ਅਤੇ ਫਰੀਦਕੋਟ ਦਾ ਹਮੀਰ ਸਿੰਘ।

ਏਦਾਂ ਅਠਾਰ੍ਹਵੀਂ ਸਦੀ ਦੇ ਅਖੀਰਲੇ ਦੋ ਦਹਾਕਿਆਂ ਵਿਚ ਪੰਜਾਬ ਕਈ ਰਜਵਾੜਿਆਂ ਅਰਥਾਤ ਛੋਟੀਆਂ ਛੋਟੀਆਂ ਰਿਆਸਤਾਂ ਵਿਚ ਵੰਡਿਆ ਗਿਆ। ਇਨ੍ਹਾਂ ਵਿਚੋਂ ਬਹੁਤੀਆਂ ਰਿਆਸਤਾਂ ਦੇ

ਹੁਕਮਰਾਨ ਸਿਖ ਸਨ, ਜੋ ਖ਼ੁਦਮੁਖ਼ਤਾਰੀ ਦੇ ਸਵਾਲ ਤੇ ਇਕ ਦੂਜੇ ਨਾਲ ਖਾਰ ਖਾਂਦੇ ਸਨ। ਇਥੋਂ ਤੀਕਰ ਕਿ ਦੂਜੇ ਵੀ ਅੰਦਰੂਨੀ ਪ੍ਰਸ਼ਾਸਨ ਦੇ ਮਾਮਲੇ ਵਿਚ ਸਵਾਧੀਨ ਸਨ। ਇਨ੍ਹਾਂ ਵਿਚੋਂ ਵਧੇਰੇ ਸ਼ਕਤੀਸ਼ਾਲੀ ਸਰਦਾਰ ਨਿੱਜੀ ਤੌਰ ਤੇ ਜਾਂ ਹੋਰਨਾਂ ਨਾਲ ਗਠਜੋੜ ਕਰ ਕੇ ਦੂਜੇ ਸਰਦਾਰਾਂ 'ਤੇ ਆਪਣਾ ਜਬ੍ਹਾ ਕਾਇਮ ਕਰਨ ਦੇ ਜਤਨ ਕਰਦੇ ਰਹਿੰਦੇ ਸਨ। ਏਦਾਂ ਸਰਵੁੱਚਤਾ ਦੇ ਮਾਮਲੇ ਨੂੰ ਸੁਲਝਾਉਣ, ਅਤੇ ਵੱਖ ਵੱਖ ਸਿੱਖ ਅਤੇ ਗੈਰ-ਸਿੱਖ ਰਜਵਾੜਿਆਂ ਨੂੰ ਇਕ ਇਕਾਈ ਹੇਠ ਲਿਆਉਣ, ਜੋੜਨ, ਦਾ ਕਾਰਜ ਨੇਪਰੇ ਚਾੜ੍ਹਨ ਦਾ ਕੰਮ ਰਣਜੀਤ ਸਿੰਘ ਦੇ ਹਿੱਸੇ ਆਇਆ।

## 2.

# ਕੰਵਰ ਰਣਜੀਤ ਸਿੰਘ

ਜੀਂਦ ਦੇ ਰਾਜੇ ਗਜਪਤ ਸਿੰਘ ਦੀ ਧੀ ਰਾਜ ਕੌਰ ਨੇ, ਜੋ ਕਿ ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਦੇ ਇਕਲੌਤੇ ਪੁੱਤਰ 'ਸਿੰਘ ਸਾਹਿਬ' ਮਹਾਂ ਸਿੰਘ ਨਾਲ ਵਿਆਹੀ ਹੋਈ ਸੀ, 13 ਨਵੰਬਰ, 1780 ਨੂੰ ਇਕ ਪੁੱਤਰ ਨੂੰ ਜਨਮ ਦਿੱਤਾ। ਉਸ ਸਮੇਂ ਮਹਾਂ ਸਿੰਘ, ਰਚਨਾ ਦੁਆਬ ਵਿਚਲੇ ਚਠਿਆਂ ਦੇ ਇਕ ਕਸਬੇ, ਸਯੱਦਨਗਰ ਦੇ ਘੇਰੇ ਵਿਚ ਰੁਝਿਆ ਹੋਇਆ ਸੀ। ਕਿਲ੍ਹਾ ਜਿਤਿਆ ਗਿਆ ਅਤੇ ਮਹਾਂ ਸਿੰਘ ਨੇ ਕਿਲ੍ਹੇ ਦੀ ਰਾਖੀ ਕਰਨ ਵਾਲੇ ਫੌਜੀ ਦਸਤੇ ਦੀ ਕਮਾਨ ਕਰਨ ਲਈ ਉਥੇ ਆਪਣਾ ਥਾਣੇਦਾਰ ਨਿਯੁਕਤ ਕੀਤਾ। ਇਸ ਜਿੱਤ ਪ੍ਰਾਪਤੀ ਤੋਂ ਝਟ ਹੀ ਪਿਛੋਂ ਮਹਾਂ ਸਿੰਘ ਨੂੰ ਲੜਕੇ ਦੇ ਜਨਮ ਦੀ ਖੁਸ਼ਖਬਰੀ ਸੁਣਨ ਨੂੰ ਮਿਲੀ। ਇਹ ਖੁਸ਼ਖਬਰੀ ਸੁਣਦੇ ਸਾਰ ਉਸ ਨੇ ਉਸ ਦਾ ਨਾਂ ਰਣਜੀਤ ਸਿੰਘ ਰਖਿਆ।

ਸਰਦਾਰ ਮਹਾਂ ਸਿੰਘ ਸਯੱਦਨਗਰ ਤੋਂ ਆਪਣੀ ਰਾਜਧਾਨੀ ਗੁਜਰਾਂਵਾਲਾ ਵਲ ਚਲ ਪਿਆ; ਜਿਥੇ ਉਸ ਨੇ ਸ਼ਾਹੀ ਢੰਗ ਨਾਲ ਕੰਵਰ ਦੇ ਜਨਮ ਦਾ ਜਸ਼ਨ ਮਨਾਇਆ। ਉਦੋਂ ਤੀਕਰ ਮਹਾਂ ਸਿੰਘ ਦਸ ਸਾਲ ਰਾਜ ਕਰ ਚੁਕਾ ਸੀ।

ਸਰਦਾਰ ਚੜ੍ਹਤ ਸਿੰਘ 1770 ਵਿਚ ਚੜ੍ਹਾਈ ਕਰ ਗਏ ਸਨ। ਉਨ੍ਹਾਂ ਨੇ ਸਰਦਾਰ ਗੁੱਜਰ ਸਿੰਘ ਨਾਲ ਆਪਣੀ ਜ਼ਾਤੀ ਮਿੱਤਰਤਾ ਅਤੇ ਸਿਆਸੀ (ਰਾਜਨੀਤਕ) ਸੰਬੰਧਾਂ ਨੂੰ ਵਧੇਰੇ ਪਕਿਆਂ ਕਰਨ ਖ਼ਾਤਰ, ਗੁਜਰ ਸਿੰਘ ਭੰਗੀ ਦੇ ਲੜਕੇ ਸਾਹਿਬ ਸਿੰਘ ਨਾਲ ਆਪਣੀ ਬੇਟੀ ਦੀ ਮੰਗਣੀ ਕਰ ਦਿੱਤੀ ਹੋਈ ਸੀ। ਸੋ ਚੜ੍ਹਤ ਸਿੰਘ ਦੀ ਮਰਗ ਪਿਛੋਂ ਗੁਜਰਾਂਵਾਲਾ ਵਿਖੇ ਉਨ੍ਹਾਂ ਦਾ ਆਨੰਦ ਕਾਰਜ ਹੋਇਆ। ਏਦਾਂ ਨੌਜਵਾਨ ਮਹਾਂ ਸਿੰਘ ਲਈ ਸਰਦਾਰ ਗੁਜੱਰ ਸਿੰਘ ਦੀ ਸ਼ਕਤੀ ਅਤੇ ਰਸੂਖ ਬਹੁਤ ਸਹਾਈ ਹੋਇਆ।

ਐਪਰ ਚੜ੍ਹਤ ਸਿੰਘ ਦੁਆਰਾ ਛਡਿਆ ਗਿਆ ਵਿਰਸਾ ਸਰਦਾਰ ਮਹਾਂ ਸਿੰਘ ਵਾਸਤੇ ਸਭ ਤੋਂ ਵਡੀ ਸਹਾਇਤਾ ਸਿਧ ਹੋਇਆ। ਇਕ, ਬੁਢਾ ਨਾਂ ਦੇ ਵਿਅਕਤੀ ਨੇ, ਗੁਰੂ ਹਰਿ ਰਾਇ ਦੇ ਸਮੇਂ, ਸਿਖ ਧਰਮ ਗ੍ਰਹਿਣ ਕੀਤਾ। ਉਹ ਪਿੰਡ ਸੁਕਰਚੱਕ ਦਾ ਸੀ। ਉਸ ਦਾ ਜੇਠਾ ਪੁਤਰ, ਨੌਧ ਸਿੰਘ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਬਣਿਆ ਅਤੇ ਉਸ ਕਈ ਲੜਾਈਆਂ ਵਿਚ ਹਿੱਸਾ ਲਿਆ। ਉਹ ਬੰਦੇ ਦੇ ਪਤਨ ਤੋਂ ਬਾਅਦ ਵਾਲੇ, ਮੁਗਲਾਂ ਦੇ ਦਮਨ-ਚਕਰ ਤੋਂ ਬਚ ਗਿਆ ਸੀ, ਸੋ ਉਸ ਨੇ ਆਪਣੇ ਜੇਠੇ ਪੁਤਰ ਚੜ੍ਹਤ ਸਿੰਘ ਨੂੰ ਜੁਧ ਕਲਾ ਅਤੇ ਸਿਖ ਧਰਮ ਦੀ ਸਿਖਿਆ ਦਿਤੀ। ਮੀਰ ਮੰਨੂੰ ਦੇ ਸਮੇਂ ਚੜ੍ਹਤ ਸਿੰਘ ਨੇ ਵੀ ਹੋਰਨਾਂ ਕਈ ਸਿੰਘਾਂ ਵਾਂਗ ਪਿੰਡਾਂ 'ਤੇ ਕਬਜ਼ੇ ਕਰਨੇ ਸ਼ੁਰੂ ਕੀਤੇ। ਉਸ ਨੇ ਮਜੀਠੇ ਦੇ ਦਲ ਸਿੰਘ ਗਿੱਲ ਨੂੰ, ਜੋ ਉਸ ਦਾ ਸਾਲਾ ਸੀ, ਉਦੱਮੀ ਪਰ ਹੁਲਾਸਪੂਰਨ ਕਾਰਨਾਮਿਆਂ ਵਿਚ, ਉਸ ਦਾ ਸਾਥ ਦੇਣ ਲਈ ਕਿਹਾ, ਅਰਥਾਤ ਪ੍ਰੇਰਿਆ। ਦਲ ਸਿੰਘ ਨੇ ਅਗੋਂ ਆਪਣੇ ਚਾਚੇ ਦੇ ਪੁੱਤ ਗੁਰਬਖਸ਼ ਸਿੰਘ ਨੂੰ ਚੜ੍ਹਤ

ਸਿੰਘ ਦਾ ਸਾਥ ਦੇਣ ਲਈ ਰਾਜ਼ੀ ਕਰ ਲਿਆ। ਸਮਾਂ ਪਾ ਕੇ ਚੜ੍ਹਤ ਸਿੰਘ ਦੇ ਸਹਿਯੋਗੀਆਂ ਦੀ ਗਿਣਤੀ 400 ਹੋ ਗਈ। ਉਸ ਨੇ ਗੁਜਰਾਂਵਾਲੇ ਦੇ ਲਾਗਲੇ ਬਹੁਤ ਸਾਰੇ ਪਿੰਡਾਂ 'ਤੇ 'ਰਾਖੀ' ਸਥਾਪਤ ਕਰ ਲਈ ਅਤੇ ਸ਼ਹਿਰ ਨੂੰ ਆਪਣਾ ਹੈਡ-ਕਵਾਟਰ (ਸਦਰ ਮੁਕਾਮ) ਬਣਾ, ਉਸ ਦੀ ਕਿਲ੍ਹਾਬੰਦੀ ਵੀ ਕੀਤੀ। ਜਲਦੀ ਹੀ ਉਸ ਨੇ ਅਹਿਮਦਾਬਾਦ ਫਤਿਹ ਕਰਕੇ ਦਲ ਸਿੰਘ ਨੂੰ ਦਿੱਤਾ ਅਤੇ ਵਜ਼ੀਰਾਬਾਦ ਸਰ ਕਰ, ਗੁਰਬਖਸ਼ ਸਿੰਘ ਨੂੰ ਦੇ ਦਿੱਤਾ।

ਲਾਹੌਰ ਦੇ ਅਫਗਾਨ ਸੂਬੇਦਾਰ ਖ਼ਵਾਜਾ ਉਬੈਦ ਖ਼ਾਨ ਨੇ, ਭਾਰੀ ਫੌਜ ਨਾਲ ਗੁਜਰਾਂਵਾਲਾ ਵਿਚ ਚੜ੍ਹਤ ਸਿੰਘ 'ਤੇ ਹਮਲਾ ਕਰ ਦਿਤਾ। ਕੁਝ ਸਰਦਾਰ ਉਸ ਦੀ ਮਦਦ 'ਤੇ ਆਏ ਅਤੇ ਖ਼ਵਾਜਾ ਉਬੈਦ ਖ਼ਾਨ ਨੂੰ ਹਾਰ ਨਸੀਬ ਹੋਈ। ਉਹ ਮੁੱਠੀ ਭਰ ਬੰਦਿਆਂ ਨਾਲ ਹੀ ਵਾਪਸ ਲਾਹੌਰ ਪਰਤਿਆ। ਇਸ ਸਮੇਂ ਚੜ੍ਹਤ ਸਿੰਘ ਦਾ ਸਭ ਤੋਂ ਵਧੀਆ ਦੋਸਤ ਅਤੇ ਸਾਥੀ ਗੁੱਜਰ ਸਿੰਘ ਸੀ। ਉਨ੍ਹਾਂ ਨੇ ਸਿੰਧ ਸਾਗਰ ਦੁਆਬ ਵਿਚ ਸਾਂਝੀਆਂ ਜਿੱਤਾਂ ਪ੍ਰਾਪਤ ਕੀਤੀਆਂ। ਪੋਠੋਹਾਰ ਦਾ ਇਲਾਕਾ ਗੁੱਜਰ ਸਿੰਘ ਦੇ ਹਿੱਸੇ ਆਇਆ ਅਤੇ ਧੰਨੀ ਦਾ ਇਲਾਕਾ, ਚੜ੍ਹਤ ਸਿੰਘ ਦੇ। ਉਸ ਨੇ ਪਿੰਡ ਦਾਦਨ ਖ਼ਾਨ, ਸਯੱਦਪੁਰ, ਚਕਵਾਲ ਅਤੇ ਜਲਾਲਪੁਰ ਵਿਖੇ ਆਪਣੇ 'ਥਾਣੇ' ਸਥਾਪਤ ਕੀਤੇ। ਹੁਣ ਨਮਕ ਪਰਬਤੀ ਸਿਲਸਿਲੇ (ਲੂਣ ਪਰਬਤ ਮਾਲਾ) ਵਿਚਲੀਆਂ ਲੂਣ ਦੀਆਂ ਖਾਣਾਂ ਚੜ੍ਹਤ ਸਿੰਘ ਦੇ ਰਾਜ ਦਾ ਹਿੱਸਾ ਸਨ। ਇਹ ਇਕ ਕੀਮਤੀ ਸੰਪਤੀ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਜਰਨੈਲ, ਜਹਾਨ ਖ਼ਾਨ, ਨੂੰ ਸਿਖ ਸਰਦਾਰਾਂ ਵਿਰੁਧ ਘਲਿਆ, ਪਰ ਉਸ ਨੂੰ ਚੜ੍ਹਤ ਸਿੰਘ ਅਤੇ ਗੁੱਜਰ ਸਿੰਘ ਨੇ ਹਰਾ ਦਿਤਾ। ਫੇਰ ਅਹਿਮਦ ਸ਼ਾਹ ਅਬਦਾਲੀ ਨੇ ਕਸ਼ਮੀਰ ਦੇ ਸੂਬੇਦਾਰ, ਆਪਣੇ ਚਾਚੇ ਸਰਬੁਲੰਦ ਖ਼ਾਨ ਨੂੰ, ਪੰਜਾਬ ਨੂੰ ਮੁੜ ਸਰ ਕਰਨ ਲਈ ਘਲਿਆ। ਪਰ ਉਸ ਨੂੰ ਫੜ ਕੇ ਰੁਹਤਾਸ ਦੇ ਕਿਲੇ ਵਿਚ ਕੈਦ ਕਰ ਦਿਤਾ ਗਿਆ, ਜੋ ਕਿ ਚੜ੍ਹਤ ਸਿੰਘ ਦੇ ਕਬਜ਼ੇ ਵਿਚ ਸੀ। ਅਹਿਮਦ ਸ਼ਾਹ ਨੂੰ ਉਸ ਦੀ ਰਿਹਾਈ ਲਈ ਦੋ ਲਖ ਰੁਪਏ ਮੁਕਤੀ-ਧਨ ਦੇਣਾ ਪਿਆ। ਇਹੋ ਹੀ ਸਮਾਂ ਸੀ, ਜਦ ਚੜ੍ਹਤ ਸਿੰਘ ਨੇ ਗੁੱਜਰ ਸਿੰਘ ਨਾਲ ਆਪਣੀ ਦੋਸਤੀ ਨੂੰ ਹੋਰ ਪੱਕਿਆਂ ਕਰਨ ਹਿੱਤ ਆਪਣੀ ਧੀ ਦਾ ਰਿਸ਼ਤਾ ਗੁੱਜਰ ਸਿੰਘ ਦੇ ਪੁੱਤਰ ਨਾਲ ਪੱਕਾ ਕੀਤਾ।

ਚੜ੍ਹਤ ਸਿੰਘ ਦੀ ਝੰਡਾ ਸਿੰਘ ਭੰਗੀ ਨਾਲ ਖੜਕ ਪਈ ਜਿਸ ਦਾ ਵਡੇਰਾ ਹਰੀ ਸਿੰਘ ਭੰਗੀ 'ਲੂਣ ਪਰਬਤ ਮਾਲਾ' ਉਪਰ ਚੜ੍ਹਤ ਸਿੰਘ ਦੇ ਕਬਜ਼ੇ ਤੋਂ ਪਹਿਲਾਂ, ਉਥੋਂ ਦੇ ਸਰਦਾਰਾਂ ਤੋਂ 'ਨਜ਼ਰਾਨਾ' ਵਸੂਲਿਆ ਕਰਦਾ ਸੀ। ਏਦਾਂ ਜਦ ਉਹ 1770 ਵਿਚ ਇਕ ਦੂਜੇ ਵਿਰੁਧ ਲੜਾਈ ਲਈ ਆਹਮੋ-ਸਾਹਮਣੇ ਖੜੇ ਸਨ, ਤਦ ਕਿਸੇ ਬੰਦੇ ਨੇ ਚੜ੍ਹਤ ਸਿੰਘ ਨੂੰ ਇਕ ਬੜੀ ਸੁਹਣੀ ਵਧੀਆ ਤੋੜੇਦਾਰ ਬੰਦੂਕ ਪੇਸ਼ ਕੀਤੀ; ਜੋ ਕਿ ਬੰਦੂਕਾਂ ਦਾ ਬਹੁਤ ਸ਼ੌਕੀਨ ਸੀ। ਜਦ ਉਹ ਉਸ ਤੋੜੇਦਾਰ ਬੰਦੂਕ ਨੂੰ ਚਲਾ ਕੇ ਵੇਖਣ ਲਗਾ ਤਦ ਉਹ ਫਟ ਗਈ। ਇਸ ਨਾਲ ਉਸ ਦੇ ਮੱਥੇ ਤੇ ਹੋਇਆ ਜ਼ਖਮ ਜਾਨ-ਲੇਵਾ ਸਾਬਤ ਹੋਇਆ। ਮਾਈ ਦੇਸਾਂ, ਉਸ ਦੇ ਭਰਾ ਦਲ ਸਿੰਘ ਅਤੇ ਉਸ ਦੇ ਚਾਚੇ ਦੇ ਪੁੱਤ ਗੁਰਬਖਸ਼ ਸਿੰਘ ਨੇ ਇਹ ਫੈਸਲਾ ਲੈ ਲਿਆ ਕਿ ਦੁਪਹਿਰੇ ਚੜ੍ਹਤ ਸਿੰਘ ਦੇ ਸਸਕਾਰ ਕੀਤੇ ਜਾਣ ਤੀਕਰ ਲੜਾਈ ਨੂੰ ਜਾਰੀ ਰਖਿਆ ਜਾਏ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਸ਼ਕ ਵੀ ਜ਼ਾਹਰ ਕੀਤਾ ਕਿ ਜਿਸ ਤੋੜੇਦਾਰ ਬੰਦੂਕ ਨਾਲ ਚੜ੍ਹਤ ਸਿੰਘ ਦੀ ਮੌਤ ਹੋਈ ਸੀ, ਉਹ ਸ਼ਰਾਰਤ ਨਾਲ ਝੰਡਾ ਸਿੰਘ ਨੇ ਹੀ

ਭਿਜਵਾਈ ਸੀ। ਉਨ੍ਹਾਂ ਇਕ ਆਦਮੀ ਝੰਡਾ ਸਿੰਘ ਦੇ ਡੇਰੇ, ਇਹ ਜ਼ਿੰਮੇਵਾਰੀ ਦੇ ਕੇ ਘਲਿਆ ਕਿ ਉਹ ਅਚੇਤ ਝੰਡਾ ਸਿੰਘ ਨੂੰ ਗੋਲੀ ਮਾਰ, ਪਾਰ ਬੁਲਾਵੇ। ਝੰਡਾ ਸਿੰਘ ਦੀ ਮੌਤ ਪਿਛੋਂ ਲੜਾਈ ਬੰਦ ਹੋ ਗਈ। ਮਹਾਂ ਸਿੰਘ ਡੇਰੇ ਵਿਚ ਮੌਜੂਦ ਸੀ। ਉਸ ਨੂੰ ਉਸੇ ਵੇਲੇ ਉਥੇ ਹੀ 'ਸਿੰਘ ਸਾਹਿਬ ਸਰਦਾਰ ਚੜ੍ਹਤ ਸਿੰਘ' ਦਾ ਉੱਤਰਾਧਿਕਾਰੀ (ਜਾਂਨਸ਼ੀਨ) ਐਲਾਨਿਆ ਗਿਆ।

ਏਦਾਂ 1770 ਵਿਚ ਮਹਾਂ ਸਿੰਘ ਨੂੰ ਕਾਫੀ ਰਿਆਸਤ ਵਿਰਸੇ ਵਿਚ ਮਿਲੀ, ਜਿਸ ਦੇ ਰਚਨਾ, ਚੱਜ ਅਤੇ ਸਿੰਧ ਸਾਗਰ ਦੁਆਬਾ ਵਿਚ ਕਾਫੀ ਸਾਰੇ ਪਿੰਡ ਅਤੇ ਕਸਬੇ ਸਨ। ਦਲ ਸਿੰਘ ਅਤੇ ਗੁਰਬਖਸ਼ ਸਿੰਘ ਅਹਿਮਦਾਬਾਦ ਅਤੇ ਵਜ਼ੀਰਾਬਾਦ ਤੋਂ ਕਾਫੀ ਵਡੇ ਭਾਗਾਂ ਦਾ ਪ੍ਰਸ਼ਾਸਨ ਚਲਾ ਰਹੇ ਸਨ, ਇਨ੍ਹਾਂ ਤੋਂ ਇਲਾਵਾ ਚੜ੍ਹਤ ਸਿੰਘ ਨੇ ਆਪਣੇ ਰਾਹ-ਖੇਤਰਾਂ ਦੇ ਮਾਲੀਏ ਦੀ ਉਗਰਾਹੀ ਦੀ ਨਿਗਰਾਨੀ ਲਈ ਇਕ ਦੀਵਾਨ ਮੁਕੱਰਰ ਕੀਤਾ ਸੀ, ਉਕਤ ਉਗਰਾਹੀ ਕਾਫੀ ਗਿਣਤੀ ਵਿਚ ਨਿਯੁਕਤ 'ਤਹਿਸੀਲਦਾਰ' ਜਾਂ 'ਕਾਰਦਾਰ' ਕਰਦੇ ਸਨ; ਏਦਾਂ ਹੀ ਅਮਨ-ਕਾਨੂੰਨ ਕਾਇਮ ਰਖਣ ਅਤੇ ਮਾਲੀਆ ਉਗ੍ਰਾਹੁਣ ਵਾਲਿਆਂ ਦੀ ਸਹਾਇਤਾ ਲਈ ਉਸਨੇ ਕਈ ਥਾਨੇਦਾਰ ਨਿਯੁਕਤ ਕੀਤੇ ਹੋਏ ਸਨ। ਬਹੁਤੇ 'ਥਾਨੇਦਾਰ' ਅਤੇ 'ਕਾਰਦਾਰ' ਮੁਸਲਮਾਨ ਸਨ। ਉਦਾਰਵਾਦੀ ਨੀਤੀ ਅਤੇ ਵਧੀਆ ਪ੍ਰਸ਼ਾਸਿਤ ਰਾਜ-ਖੇਤਰ ਮਹਾਂ ਸਿੰਘ ਦੀ ਉੱਤਮ ਪੂੰਜੀ ਸੀ।

ਐਪਰ, ਮਹਾਂ ਸਿੰਘ ਦੀ ਕੱਚੀ ਉਮਰ ਵੇਖ ਕੇ ਉਸ ਦੇ ਮਾਤਹਿਤ ਕਰਮਚਾਰੀ, ਬਿਨਾ ਇਹ ਸਮਝੇ ਕਿ ਨੌਜਵਾਨ ਹੁਕਮਰਾਨ ਨਾ ਕੇਵਲ ਆਪਣੀ ਮੀਰਾਸ ਨੂੰ ਕਾਇਮ ਰਖਣ, ਸਗੋਂ ਉਸ ਨੂੰ ਵਧਾਉਣ ਦਾ ਇਰਾਦਾ ਬਣਾਈ ਬੈਠਾ ਸੀ, ਸਰਕਸ਼ ਹੋਣ ਲਗ ਪਏ ਸਨ। ਉਸ ਦੇ ਬਾਹੂ-ਬਲ ਦਾ ਅਹਿਸਾਸ ਸਭ ਤੋਂ ਪਹਿਲਾਂ ਨੂਰ ਖਾਨ ਨੂੰ ਹੋਇਆ, ਜੋ ਕਿ ਰੁਹਤਾਸ ਵਿਖੇ ਉਸ ਦਾ 'ਥਾਨੇਦਾਰ' ਸੀ। ਉਸ ਨੂੰ ਸਹਿਜੇ ਹੀ ਕਾਬੂ ਕਰ ਲਿਆ ਗਿਆ ਅਤੇ ਰੁਹਤਾਸ ਦਾ ਮਜ਼ਬੂਤ ਕਿਲ੍ਹਾ ਕਿਸੇ ਹੋਰ ਦੇ ਸਪੁਰਦ ਕਰ ਦਿਤਾ ਗਿਆ। ਫੇਰ ਮਹਾਂ ਸਿੰਘ ਰਚਨਾ ਦੁਆਬ ਵਿਚ ਜਾ ਵੜਿਆ ਅਤੇ ਸਿਆਲਕੋਟ ਦੇ ਨਜ਼ਦੀਕ ਦੇ ਇਕ ਪਿੰਡ ਕੋਟਲੀ ਲੁਹਾਰਾਂ 'ਤੇ ਜਾ ਕਬਜ਼ਾ ਕੀਤਾ; ਇਹ ਪਿੰਡ ਵਧੀਆ ਤੋੜੇਦਾਰ ਬੰਦੂਕਾਂ ਬਣਾਉਣ ਲਈ ਮਸ਼ਹੂਰ ਸੀ, ਇਸ ਲਈ ਇਸ 'ਤੇ ਕਬਜ਼ਾ ਕਰਨਾ ਕਾਫੀ ਲਾਹੇਵੰਦਾ ਕਾਰਜ ਸੀ। ਬਾਰੀ ਦੁਆਬ ਵਿਚਲੇ ਡੇਰਾ ਬਾਬਾ ਨਾਨਕ ਦੇ ਇਲਾਕੇ ਦੇ ਛੋਟੇ ਛੋਟੇ ਸਰਦਾਰਾਂ ਤੋਂ ਮਹਾਂ ਸਿੰਘ ਨੇ 70 ਹਜ਼ਾਰ ਰੁਪਏ ਖਰਾਜ ਵਜੋਂ ਉਗਰਾਹੇ। ਏਦਾਂ 1780 ਵਿਚ ਰਣਜੀਤ ਸਿੰਘ ਦੇ ਜਨਮ ਤੀਕਰ ਮਹਾਂ ਸਿੰਘ ਆਪਣੀ ਜੱਦੀ ਰਿਆਸਤ ਅਤੇ ਰਸੂਖ ਵਿਚ ਵਾਧਾ ਕਰਦਾ ਆਇਆ ਸੀ।

ਰਣਜੀਤ ਸਿੰਘ ਦਸਾਂ ਸਾਲਾਂ ਦਾ ਹੋ ਗਿਆ, ਤਦ ਤੀਕਰ ਉਸ ਦਾ ਪਿਤਾ, ਜੋ ਸਿਰਕਢ ਸਿਖ ਸਰਦਾਰਾਂ ਵਿਚੋਂ ਇਕ ਗਿਣਿਆ ਜਾਂਦਾ ਸੀ, ਆਪਣਾ ਨਾਮਣਾ ਕਾਇਮ ਰਖਦਾ ਹੋਇਆ ਹੋਰ ਵਧੇਰੇ ਜਿੱਤਾਂ ਪ੍ਰਾਪਤ ਕਰਦਾ ਰਿਹਾ, ਅਰਥਾਤ ਮੱਲਾਂ ਮਾਰਦਾ ਰਿਹਾ, ਅਤੇ ਏਦਾਂ ਆਪਣੀ ਸ਼ਕਤੀ ਨੂੰ ਹੋਰ ਮਜ਼ਬੂਤ ਬਣਾਉਂਦਾ ਰਿਹਾ। ਸ਼ਕਤੀ ਦੇ ਸੰਗਠਨ ਦੀ ਦ੍ਰਿਸ਼ਟੀ ਤੋਂ ਉਸ ਦੀ ਸਭ ਤੋਂ ਵਡੀ ਤੇ ਬਹੁਮੁੱਲੀ ਪ੍ਰਾਪਤੀ ਉਸ ਦੀ ਚਠਿਆਂ ਵਿਰੁਧ ਸਫਲਤਾ ਸੀ। ਜ਼ਕਰੀਆ ਖਾਨ ਦੇ ਸਮਿਆਂ ਵਿਚ, ਨੂਰ ਖਾਨ ਚੱਠਾ ਨੇ ਇਕ ਗੜ੍ਹੀ ਉਸਾਰੀ ਅਤੇ ਰਸੂਲ ਨਗਰ ਨਾਂ ਦੇ ਕਸਬੇ ਦੀ ਨੀਂਹ ਰਖੀ; ਅਤੇ ਦਵਾਲੇ ਫਸੀਲ ਉਸਾਰ ਕੇ ਉਸ ਦੀ ਕਿਲ੍ਹਾਬੰਦੀ ਕੀਤੀ। ਇਹ ਪੁੰਗਰਦੀ ਰਿਆਸਤ ਉਸ ਇਲਾਕੇ ਵਿਚ ਸੀ ਜਿੱਥੇ

ਚੜ੍ਹਤ ਸਿੰਘ ਆਪਣੀ ਸੱਤਾ ਸਥਾਪਤ ਕਰ ਰਿਹਾ ਸੀ; ਨੂਰ ਮੁਹੰਮਦ ਪਿਛੋਂ ਉਸ ਦੇ ਪੁੱਤ ਪੀਰ ਮੁਹੰਮਦ ਨੇ ਉਸ ਦੀ ਥਾਂ ਸੰਭਾਲੀ। ਮਹਾਂ ਸਿੰਘ ਦੇ ਨਜ਼ਦੀਕੀ ਗੁਆਂਢੀ ਹੋਣ ਕਾਰਨ ਚੱਠੇ ਉਸ ਦੀ ਕੀਮਤ 'ਤੇ ਆਪਣੀ ਸੁਤੰਤਰਤਾ ਕਾਇਮ ਰਖਣਾ ਚਾਹੁੰਦੇ ਸਨ। ਮਹਾਂ ਸਿੰਘ 1783 ਵਿਚ ਵਜ਼ੀਰਾਬਾਦ ਗਿਆ ਅਤੇ ਉਥੋਂ ਇਕ ਦੂਤ ਹੱਥ ਗੁਲਾਮ ਮੁਹੰਮਦ ਚੱਠਾ ਨੂੰ ਸੰਦੇਸ਼ ਭੇਜਿਆ ਕਿ ਉਹ ਉਸਦੀ (ਮਹਾਂ ਸਿੰਘ ਦੀ) ਅਧੀਨਗੀ ਮੰਨ ਲਵੇ। ਗੁਲਾਮ ਮੁਹੰਮਦ ਨੇ ਉਸ ਦੀ ਈਨ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਪਿਛੋਂ ਹੋਣ ਵਾਲੀ ਟੱਕਰ ਵਿਚ ਚੱਠੇ ਸਰਦਾਰ ਨੂੰ ਰਸੂਲ ਨਗਰ ਹਥੋਂ ਛਡਣਾ ਪਿਆ। ਇਸ ਦਾ ਨਵਾਂ ਨਾਂ, ਰਾਮ ਨਗਰ ਰਖਿਆ ਗਿਆ। ਕੁਝ ਸਮੇਂ ਲਈ ਚੱਠਿਆਂ ਨੂੰ ਅਲੀਪੁਰ ਅਤੇ ਮੰਚਰ ਅਤੇ ਉਨ੍ਹਾਂ ਦੇ ਉਦਾਲੇ ਦੇ ਇਲਾਕਿਆਂ 'ਤੇ ਕਬਜ਼ਾ ਰਖਣ ਦੀ ਛੋਟ ਦਿਤੀ ਗਈ। ਪਰ ਉਹ ਮਹਾਂ ਸਿੰਘ ਦਾ ਵਿਰੋਧ ਕਰਨੋਂ ਨਾ ਟਲੇ। ਇਸ ਲਈ ਅਲੀਪੁਰ ਅਤੇ ਮੰਚਰ ਵੀ ਉਨ੍ਹਾਂ ਤੋਂ ਖੋਹ ਲਏ ਗਏ ਅਤੇ ਅਲੀਪੁਰ ਦਾ ਨਵਾਂ ਨਾਂ ਅਕਾਲਗੜ੍ਹ ਧਰ ਕੇ ਉਹ ਦਲ ਸਿੰਘ ਗਿਲ ਨੂੰ ਸੌਂਪ ਦਿਤਾ ਗਿਆ।

ਅਗਲੇ ਸਾਲ ਮਹਾਂ ਸਿੰਘ ਨੇ ਜੰਮੂ 'ਤੇ ਚੜ੍ਹਾਈ ਕਰ ਦਿਤੀ, ਜੋ ਕਿ ਸ਼ਕਤੀਸ਼ਾਲੀ ਪਹਾੜੀ ਰਿਆਸਤਾਂ (ਰਾਜਾਂ) ਵਿਚੋਂ ਇਕ ਸੀ। ਰਣਜੀਤ ਦੇਵ ਨੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦੇ ਸਮੇਂ ਦੌਰਾਨ ਜੰਮੂ ਦੀ ਸ਼ਕਤੀ ਅਤੇ ਰਸੂਖ ਮੁੜ ਬਹਾਲ/ਸੁਰਜੀਤ ਕੀਤਾ ਸੀ। ਰਣਜੀਤ ਦੇਵ ਦਾ ਮੁਖ ਉਦੇਸ਼ ਪਹਾੜਾਂ ਵਿਚ ਆਪਣਾ ਜਥ੍ਹਾ ਕਾਇਮ ਕਰਨਾ ਸੀ; ਕੋਈ ਦਰਜਨ ਤੋਂ ਵਧ ਪਹਾੜੀ ਰਾਜਿਆਂ ਉਸ ਦੀ ਅਧੀਨਗੀ ਮੰਨ ਲਈ ਸੀ। ਜਦ ਉਹ 1782 ਵਿਚ ਮਰਿਆ, ਉਦੋਂ ਉਹਦੇ ਪੁੱਤਰਾਂ, ਬ੍ਰਜ ਰਾਜ ਦੇਵ ਅਤੇ ਦਲੇਲ ਸਿੰਘ ਦੀ ਜੰਮੂ ਦੀ 'ਗੱਦੀ' ਲਈ ਆਪਸ ਵਿਚ ਖੜਕ ਪਈ। ਬ੍ਰਜ ਰਾਜ ਦੇਵ, ਮਹਾਂ ਸਿੰਘ ਦੀ ਸਹਾਇਤਾ ਖ਼ਾਤਰ/ਬਦਲੇ ਉਸ ਦੀ ਅਧੀਨਗੀ ਮੰਨਣ ਲਈ ਤਿਆਰ ਸੀ। ਬਟਾਲੇ ਦੇ ਸਰਦਾਰ ਜੈ ਸਿੰਘ ਘਨ੍ਹਈਆ ਨੇ ਉਨ੍ਹਾਂ ਭਰਾਵਾਂ ਵਿਚਕਾਰ ਸੁਲ੍ਹਾ ਕਰਾਉਣ ਲਈ ਦਖਲ ਦਿਤਾ ਕਿਉਂਜੋ ਦਲੇਲ ਸਿੰਘ ਦੀ ਮਦਦ ਅੰਮ੍ਰਿਤਸਰ ਦਾ ਸਰਦਾਰ ਗੰਡਾ ਸਿੰਘ ਭੰਗੀ ਕਰ ਰਿਹਾ ਸੀ, ਅਤੇ ਏਦਾਂ ਜੰਮੂ ਭਰਾਵਾਂ ਦੀ ਲੜਾਈ ਦੋ ਅਹਿਮ ਸਿਖ ਸਰਦਾਰਾਂ ਦੀ ਟੱਕਰ/ਲੜਾਈ ਵਿਚ ਵਟ ਰਹੀ ਸੀ। ਦੋ ਸਾਲਾਂ ਪਿਛੋਂ 1784 ਵਿਚ, ਨਾ ਸਿਰਫ ਜੈ ਸਿੰਘ ਘਨ੍ਹਈਆ, ਸਗੋਂ ਫਤਹਿਗੜ੍ਹ ਦਾ ਹਕ਼ੀਕ਼ਤ ਸਿੰਘ, ਲਾਹੌਰ ਦੇ ਸੋਭਾ ਸਿੰਘ ਅਤੇ ਲਹਿਣਾ ਸਿੰਘ, ਅਤੇ ਭਾਗ ਸਿੰਘ ਆਹਲੂਵਾਲੀਆ ਮੁਲਤਾਨ ਨੂੰ ਮੁੜ ਹਾਸਲ ਕਰਨ ਦੀ ਮੁਹਿੰਮ ਤੇ ਗਏ ਹੋਏ ਸਨ, ਕਿਉਂਜੋ 1780 ਵਿਚ ਅਫਗਾਨਾਂ ਨੇ ਉਸ 'ਤੇ ਮੁੜ ਕਬਜ਼ਾ ਕਰ ਲਿਆ ਹੋਇਆ ਸੀ। ਇਸ ਧਾਰਨਾ ਨਾਲ ਕਿ ਦੋ ਸਾਲ ਪਹਿਲਾਂ ਉਸ ਦੀ ਬ੍ਰਜ ਰਾਜ ਦੇਵ ਨੂੰ ਦਿਤੀ ਜਾਣ ਵਾਲੀ ਸਹਾਇਤਾ ਬਦਲੇ ਉਸ ਨੇ ਬਹੁਤ ਭਾਰੀ ਖ਼ਿਰਾਜ ਹਾਸਲ ਕਰ ਲਿਆ ਹੋਣਾ ਸੀ, ਮਹਾਂ ਸਿੰਘ ਨੇ ਆਪਣੀ ਤਾਕਤ ਨੂੰ ਹੋਰ ਮਜ਼ਬੂਤ ਕਰਨ ਅਤੇ ਵਧਾਉਣ ਖ਼ਾਤਰ ਜੰਮੂ ਨੂੰ ਜਾ ਲੁਟਿਆ।

ਚੜ੍ਹਤ ਸਿੰਘ ਦਾ ਸਮਕਾਲੀ ਅਤੇ ਪਹਿਲੀ ਪੀੜ੍ਹੀ ਦਾ ਇਕ ਸਰਦਾਰ, ਜੈ ਸਿੰਘ ਘਨ੍ਹਈਆ ਦੂਜੀ ਪੀੜ੍ਹੀ ਦੇ ਇਕ ਆਕਾਂਖਿਆਵਾਨ ਨੌਜਵਾਨ ਸਰਦਾਰ (ਅਰਥਾਤ, ਹੁਕਮਰਾਨ) ਦੀ ਵਧਦੀ ਸ਼ਕਤੀ ਨੂੰ ਬਰਦਾਸ਼ਤ ਨਾ ਕਰ ਸਕਿਆ। ਦੈਵਨੇਤ ਨਾਲ ਜੈ ਸਿੰਘ ਅਤੇ ਮਹਾਂ ਸਿੰਘ ਦੋਵੇਂ 1786 ਵਿਚ ਅੰਮ੍ਰਿਤਸਰ ਵਿਚ ਸਨ। ਜੈ ਸਿੰਘ ਨੇ ਜੰਮੂ ਦੀ ਲੁੱਟ ਦੇ ਮਾਲ ਵਿਚੋਂ ਹਿੱਸਾ ਮੰਗਿਆ। ਮਹਾਂ ਸਿੰਘ ਦਾ ਜਵਾਬ ਬੜਾ ਸਿਧਾ ਸੀ ਕਿ ਜਿਸ ਦੇ ਬੰਦੇ ਉਸ ਮੁਹਿੰਮ ਵਿਚ ਸ਼ਾਮਲ ਹੀ ਨਹੀਂ ਸੀ, ਉਹ ਲੁੱਟ ਦੇ ਮਾਲ ਵਿਚ ਹਿੱਸੇਦਾਰ ਕਿਵੇਂ ਬਣ ਸਕਦਾ ਸੀ। ਹਥਿਆਰਬੰਦ ਟੱਕਰ ਦੀ ਸੰਭਾਵਨਾ ਨੂੰ ਮੁਖ ਰਖਦੇ

ਹੋਏ ਉਹ ਮਜੀਠੇ ਚਲਾ ਗਿਆ। ਜੈ ਸਿੰਘ ਨੇ ਲਾਗੇ ਹੀ ਸੋਹੀਆਂ ਜਾ, ਡੇਰੇ ਲਾਏ ਅਤੇ ਮਹਾਂ ਸਿੰਘ 'ਤੇ ਜਾ ਹੱਲਾ ਬੋਲਿਆ, ਜੋ ਬੇਅਸਰ ਸਾਬਤ ਹੋਇਆ। ਸੋ ਜੈ ਸਿੰਘ ਬਟਾਲੇ ਚਲਾ ਗਿਆ। ਉਸ ਦਾ ਪੂਰਬਲਾ ਸਾਥੀ ਅਤੇ ਸਹਾਇਕ, ਸੁਜਾਨਪੁਰ ਦਾ ਸਰਦਾਰ ਅਮਰ ਸਿੰਘ ਬੱਗਾ, ਮਹਾਂ ਸਿੰਘ ਨਾਲ ਜਾ ਮਿਲਿਆ।

ਜਿਉਂ ਜਿਉਂ ਰਣਜੀਤ ਸਿੰਘ ਵੱਡਾ ਹੋ ਰਿਹਾ ਸੀ, ਉਸ ਦਾ ਪਿਤਾ ਆਪਣੇ ਵਸੀਲਿਆਂ/ਸਾਧਨਾਂ ਵਿਚ ਵਾਧਾ ਕਰੀ ਜਾ ਰਿਹਾ ਸੀ। ਰਣਜੀਤ ਸਿੰਘ ਦੀ ਗੁਰਮੁਖੀ ਵਿਚ ਅਤੇ ਸਿਖ ਧਰਮ ਦੇ ਸਾਧਾਰਣ ਵਿਸ਼ਵਾਸਾਂ, ਮਰਯਾਦਾ ਅਤੇ ਪਰੰਪਰਾ ਬਾਰੇ ਮੁਢਲੀ ਸਿਖਿਆ ਸ਼ੁਰੂ ਹੋ ਚੁਕੀ ਸੀ। ਅਠ੍ਹਾਰਵੀਂ ਸਦੀ ਦੇ ਆਖਰੀ ਵਰ੍ਹਿਆਂ ਵਿਚ ਗੰਭੀਰ ਵਿਦਵਤਾ ਇਕ ਸਿਖ ਕੰਵਰ ਦੀ ਸਿਖਲਾਈ ਦਾ ਜ਼ਰੂਰੀ ਹਿੱਸਾ ਨਹੀਂ ਸੀ ਹੁੰਦੀ। ਹੁਣ ਤੀਕਰ ਸ਼ਾਇਦ ਰਣਜੀਤ ਸਿੰਘ ਨੂੰ ਇਸ ਗਲ ਦੀ ਕੁਝ ਸੋਝੀ ਹੋਣੀ ਸ਼ੁਰੂ ਹੋ ਗਈ ਸੀ ਕਿ ਉਸ ਦਾ ਪਿਤਾ ਕਿਹੜੇ ਆਹਰ ਲੱਗਾ ਹੋਇਆ ਸੀ।

ਪੁਰਾਣੇ ਸਿਖ ਸਰਦਾਰਾਂ ਦਾ ਮਹਾਂ ਸਿੰਘ ਨਾਲ ਕੁਟਲ-ਨੀਤੀ ਅਤੇ ਜੰਗੀ ਮਾਮਲਿਆਂ ਵਿਚ ਕੋਈ ਮੁਕਾਬਲਾ ਨਹੀਂ ਸੀ। ਉਸ ਨੇ ਸਤਲੁਜ ਪਾਰੋਂ ਜੱਸਾ ਸਿੰਘ ਰਾਮਗੜ੍ਹੀਆ ਨੂੰ ਆਉਣ ਦਾ ਸੱਦਾ ਦਿਤਾ, ਜਿਸ ਨੂੰ ਜੈ ਸਿੰਘ ਘਨ੍ਹਈਆ ਨੇ ਸ੍ਰੀ ਹਰਗੋਬਿੰਦ ਪੁਰ ਤੋਂ, ਅਤੇ ਉਸ ਦੇ ਬਾਰੀ ਅਤੇ ਬਿਸਤ ਜਲੰਧਰ ਦੁਆਬੇ ਦੇ ਇਲਾਕਿਆਂ ਵਿਚੋਂ, ਕਢ ਬਾਹਰ ਕੀਤਾ ਹੋਇਆ ਸੀ, ਤਾਂ ਜੋ ਉਹ ਮਹਾਂ ਸਿੰਘ ਦੀ ਮਦਦ ਨਾਲ ਮੁੜ ਉਨ੍ਹਾਂ ਇਲਾਕਿਆਂ ਤੇ ਆਪਣਾ ਹੱਕ ਜਿਤਾ ਸਕੇ। ਜੱਸਾ ਸਿੰਘ ਦੀ ਜੈ ਸਿੰਘ ਦੇ ਪੁੱਤਰ ਗੁਰਬਖ਼ਸ਼ ਸਿੰਘ ਨਾਲ ਅਚੱਲ ਨੇੜੇ ਟੱਕਰ ਹੋਈ। ਇਸ ਲੜਾਈ ਵਿਚ ਗੁਰਬਖ਼ਸ਼ ਸਿੰਘ ਇਕ ਬਹਾਦਰ ਦੀ ਮੌਤ ਮਰਿਆ। ਬਜ਼ੁਰਗ ਸਰਦਾਰ ਜੈ ਸਿੰਘ ਦੇ ਦੁੱਖ ਨਾਲ ਅਥਰੂ ਵਹਿਣੋਂ ਰੁਕ ਨਾ ਸਕੇ। ਮਹਾਂ ਸਿੰਘ ਅਫਸੋਸ ਕਰਨ ਜੈ ਸਿੰਘ ਕੋਲ ਗਿਆ ਅਤੇ ਅਗੋਂ ਉਸ ਘਨ੍ਹਈਆਂ ਅਤੇ ਰਾਮਗੜ੍ਹੀਆਂ ਦੀ ਆਪਸੀ ਤਕਰਾਰ ਵਿਚ ਕੋਈ ਹਿੱਸਾ ਨਾ ਲਿਆ।

ਐਪਰ, ਉਹ ਅਦੀਨਾਨਗਰ ਚਲਾ ਗਿਆ ਅਤੇ ਸਰਦਾਰ ਜੈ ਸਿੰਘ ਦੇ ਸਾਬਕਾ ਸਾਥੀ ਤੇ ਹਿਮਾਇਤੀ ਸਰਦਾਰ ਤਾਰਾ ਸਿੰਘ ਤੋਂ ਕੁਝ ਪਰਗਨੇ ਹਾਸਲ ਕਰ ਆਪਣੇ ਕਬਜ਼ੇ 'ਚ ਕਰ ਲਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜਾਂ-ਨਸ਼ੀਨ ਭਾਗ ਸਿੰਘ ਆਹਲੂਵਾਲੀਆ ਤੋਂ ਇਸ ਗਲੋਂ ਕਿ ਉਸ ਨੇ ਮਹਾਂ ਸਿੰਘ ਵਿਰੁਧ ਜੈ ਸਿੰਘ ਦੀ ਮਦਦ ਕੀਤੀ ਸੀ, ਨਜ਼ਰਾਨਾ ਅਦਾ ਕਰਨ ਦੀ ਮੰਗ ਕੀਤੀ ਗਈ। ਮਹਾਂ ਸਿੰਘ ਨੇ ਕਾਂਗੜਾ ਦੇ ਸੰਸਾਰ ਚੰਦ ਨੂੰ ਜੈ ਸਿੰਘ ਵਿਰੁਧ ਆਪਣੀਆਂ ਆਕ੍ਰਮਣਕਾਰੀ ਵਿਉਂਤਾਂ ਜਾਰੀ ਰਖਣ ਲਈ ਉਤਸ਼ਾਹਤ ਕੀਤਾ, ਜਿਸ ਨੇ ਉਸ ਸਮੇਂ ਆਪਣੇ ਰਾਜ-ਖੇਤਰ ਦੇ ਇੱਕ ਹਿੱਸੇ ਵਜੋਂ ਕਾਂਗੜਾ ਦੇ ਕਿਲ੍ਹੇ ਤੇ ਕਬਜ਼ਾ ਕੀਤਾ ਹੋਇਆ ਸੀ। ਫੇਰ ਉਹ ਗੁਜਰਾਂਵਾਲਾ ਵਾਪਸ ਪਰਤ ਆਇਆ। ਉਥੋਂ ਉਸ ਨੇ ਦੀਵਾਨ ਦਇਆ ਰਾਮ ਅਤੇ ਮੁਹੰਮਦ ਸਾਲਿਹ ਵੜਾਇਚ ਨੂੰ, ਦੋ ਲੱਖ ਰੁਪਏ 'ਨਜ਼ਰਾਨੇ' ਬਦਲੇ, ਜੈ ਸਿੰਘ ਵਿਰੁਧ ਸੰਸਾਰ ਚੰਦ ਦੀ ਸਹਾਇਤਾ ਲਈ ਭੇਜਿਆ। ਛੇ ਮਹੀਨੇ ਕਾਂਗੜੇ ਦਾ ਘੇਰਾ ਘੱਤੀ ਰਖਣ ਦੌਰਾਨ, ਸੰਸਾਰ ਚੰਦ ਨੇ ਉੱਕਾ ਕੋਈ ਅਦਾਇਗੀ ਨਾ ਕੀਤੀ। ਮੁਹੰਮਦ ਸਾਲਿਹ ਨੇ ਉਸ ਦੇ ਠਿਕਾਣਿਆਂ ਤੇ ਹਮਲਾ ਕੀਤਾ, ਪਰ ਉਹ ਲੜਾਈ ਵਿਚ ਮਾਰਿਆ ਗਿਆ। ਦੀਵਾਨ ਦਇਆ ਰਾਮ ਆਪਣੇ ਬੰਦਿਆਂ ਸਮੇਤ ਬੱਚ ਨਿਕਲਣ ਵਿਚ ਕਾਮਯਾਬ ਹੋ ਗਿਆ ਅਤੇ ਉਸ ਗੁਜਰਾਂਵਾਲਾ ਪੁਜ ਕੇ ਸਾਰਾ ਹਾਲ ਜਾ ਸੁਣਾਇਆ। ਏਦਾਂ ਮਹਾਂ ਸਿੰਘ ਨੇ ਹਾਲ ਦੀ ਘੜੀ ਸੰਸਾਰ ਚੰਦ ਅਤੇ ਜੈ ਸਿੰਘ ਦੋਹਾਂ ਦਾ ਖਿਆਲ ਛਡ ਦਿਤਾ।

ਮਹਾਂ ਸਿੰਘ ਨੇ ਪਹਾੜਾਂ ਵਲ ਇਕ ਮੁਹਿੰਮ ਵਿਢੀ, ਅਤੇ ਜੰਮੂ ਤੋਂ ਤਾਜ਼ਾ ਖਿਰਾਜ ਉਗਰਾਹ ਲਿਆਇਆ। ਅਖਨੂਰ ਦੇ ਰਾਜਾ ਆਲਮ ਸਿੰਘ ਨੇ ਮਹਾਂ ਸਿੰਘ ਸਾਹਵੇਂ ਪੇਸ਼ ਹੋ ਕੇ ਉਸ ਦੀ ਸਰਦਾਰੀ ਸਵੀਕਾਰ ਕਰ ਲਈ। ਮਨਾਵਰ ਵਿਚ ਉਸ ਨੂੰ ਰਣਜੀਤ ਸਿੰਘ ਨੂੰ ਮਾਤਾ ਨਿਕਲਣ ਦੀ ਖ਼ਬਰ ਮਿਲੀ। ਉਸ ਨੇ ਸਰਬੁਲੰਦ ਖ਼ਾਨ ਨੂੰ ਦੋ ਸੌ ਘੋੜ-ਸਵਾਰਾਂ ਸਮੇਤ ਹਕੀਮ ਹਾਕਮ ਰਾਇ ਨੂੰ ਗੁਜਰਾਂਵਾਲਾ ਪਹੁੰਚਾਉਣ ਲਈ ਘਲਿਆ। ਰਣਜੀਤ ਸਿੰਘ ਦੀ ਰੋਜ਼ਾਨਾ ਖ਼ਬਰ ਲਿਆਉਣ ਤੇ ਪੁਚਾਉਣ ਲਈ ਤੇਜ਼-ਰਫ਼ਤਾਰ ਹਰਕਾਰੇ ਨਿਯੁਕਤ ਕੀਤੇ। ਰਾਮ ਨਗਰ ਵਿੱਚ ਮਹਾਂ ਸਿੰਘ ਨੂੰ ਰਣਜੀਤ ਸਿੰਘ ਦੇ ਸਿਹਤਯਾਬ ਹੋਣ ਦੀ ਖ਼ਬਰ ਮਿਲੀ, ਪਰ ਉਸ ਦੀ ਖੱਬੀ ਅੱਖ ਉਮਰ ਭਰ ਲਈ ਮਾਰੀ ਗਈ ਸੀ, ਅਤੇ ਉਸ ਦਾ ਚਿਹਰਾ ਮਾਤਾ ਦੇ ਦਾਗਾਂ ਕਾਰਨ ਬਦਸੂਰਤ ਹੋ ਗਿਆ ਸੀ। ਰਣਜੀਤ ਨੇ ਸਿੰਘ ਇਸ ਨੂੰ ਰੱਬ ਦਾ ਭਾਣਾ ਸਮਝ ਸਵੀਕਾਰਿਆ।

ਛੇਤੀ ਹੀ ਮਗਰੋਂ ਰਣਜੀਤ ਸਿੰਘ ਘੋੜ-ਸਵਾਰੀ ਕਰਨ ਅਤੇ ਸ਼ਿਕਾਰ ਚੜ੍ਹਨ ਲਗ ਪਿਆ। ਉਹ ਅਕਸਰ ਗੁਜਰਾਂਵਾਲਾ ਦੇ ਹੋਰਨਾਂ ਮੁੰਡਿਆਂ ਨਾਲ ਝਨਾਂ ਵਿਚ ਤਰਨ ਲਈ ਵੀ ਜਾਂਦਾ। ਉਸ ਦੇ ਉਸ ਸਮੇਂ ਦੇ ਹਾਣੀਆਂ ਤੇ ਸੰਗੀ-ਸਾਥੀਆਂ ਵਿਚੋਂ ਕੁਝ ਜਣੇ, ਪਿਛੋਂ ਜਰਨੈਲਾਂ ਵਜੋਂ, ਉਸ ਦੀ ਸੇਵਾ ਕਰਦੇ ਰਹੇ, ਜਿਵੇਂ ਕਿ ਹਰੀ ਸਿੰਘ ਨਲਵਾ ਅਤੇ ਹੁਕਮ ਸਿੰਘ ਚਿਮਨੀ। ਰਣਜੀਤ ਸਿੰਘ ਨੇ ਜ਼ਿੰਦਗੀ ਭਰ ਦੇ ਸ਼ੌਕ—ਜਿਵੇਂ ਕਿ ਘੋੜਿਆਂ ਦਾ ਮੋਹ, ਘੋੜਸਵਾਰੀ ਦਾ ਸ਼ੌਕ, ਘੋੜੇ ਤੇ ਚੜ੍ਹ ਕੇ ਸ਼ਿਕਾਰ, ਦਰਿਆਵਾਂ ਅਤੇ ਨਦੀਆਂ ਦੀ ਖਿੱਚ/ਮੋਹਕਤਾ ਅਤੇ ਰੋਜ਼ਾਨਾ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਭਰਨੀ—ਉਸ ਦੇ ਮਨ ਅੰਦਰ ਇਨ੍ਹਾਂ ਮੁਢਲੇ ਸਾਲਾਂ ਵਿਚ ਹੀ ਵਿਗਸਤ ਹੋਏ।

ਹੁਣ ਮਹਾਂ ਸਿੰਘ ਨੇ ਸਰਦਾਰ ਜੈ ਸਿੰਘ ਘਨ੍ਹਈਆ ਨਾਲ ਆਪਣੇ ਸੰਬੰਧ ਸੁਧਾਰਨ, ਅਰਥਾਤ ਪੱਕੇ ਕਰਨ ਦਾ ਵਿਚਾਰ ਬਣਾ ਲਿਆ। ਭਾਵੇਂ ਸੰਸਾਰ ਚੰਦ ਉਸ ਤੋਂ ਕਾਂਗੜਾ ਵਾਪਸ ਲੈਣ ਵਿਚ ਕਾਮਯਾਬ ਹੋ ਗਿਆ ਸੀ, ਪਰ ਜੈ ਸਿੰਘ ਨੇ ਰਾਮਗੜ੍ਹੀਆਂ ਕੋਲੋਂ ਬਟਾਲਾ ਮੁੜ ਵਾਪਸ ਲੈ ਲਿਆ। ਉਸ ਨੇ ਮਹਾਂ ਸਿੰਘ ਤੋਂ ਸਹਾਇਤਾ ਮੰਗੀ। ਸਵਰਗਵਾਸੀ ਗੁਰਬਖ਼ਸ਼ ਸਿੰਘ ਦੀ ਪਤਨੀ ਸਦਾ ਕੌਰ ਨੇ ਨੌਜਵਾਨ ਰਣਜੀਤ ਸਿੰਘ ਨਾਲ ਆਪਣੀ ਕੁੜੀ, ਮਹਿਤਾਬ ਕੌਰ ਦੀ ਕੁੜਮਾਈ ਕਰਨ ਦਾ ਸੁਝਾ ਦਿਤਾ। ਮਹਾਂ ਸਿੰਘ ਇਹ ਸਾਕ ਲੈਣਾ ਮੰਨ ਗਿਆ।

ਛੇਤੀ ਹੀ ਮਗਰੋਂ ਮਹਾਂ ਸਿੰਘ ਨੂੰ ਗੁਜਰਾਤ ਵਾਲੇ ਆਪਣੇ ਭਣਵਈਏ ਸਾਹਿਬ ਸਿੰਘ ਨਾਲ, ਆਪਣੇ ਮਾਮੇ ਦਲ ਸਿੰਘ ਨਾਲ ਅਤੇ ਗੁਰਬਖ਼ਸ਼ ਸਿੰਘ ਗਿੱਲ ਦੇ ਪੁੱਤ ਜੋਧ ਸਿੰਘ ਹੋਰਾਂ ਨਾਲ ਮਿਲਣਾ ਪਿਆ। ਪ੍ਰਤੀਤ ਹੁੰਦਾ ਹੈ ਕਿ ਦਲ ਸਿੰਘ ਅਤੇ ਜੋਧ ਸਿੰਘ, ਸਾਹਿਬ ਸਿੰਘ ਦੀ ਮਦਦ ਨਾਲ ਮਹਾਂ ਸਿੰਘ ਤੋਂ ਆਜ਼ਾਦ ਹੋਣਾ ਚਾਹੁੰਦੇ ਸਨ; ਸਾਹਿਬ ਸਿੰਘ ਦੀ ਭੈਣ ਚਿਨਿਓਟ ਦੇ ਸਰਦਾਰ ਕਰਮ ਸਿੰਘ ਦੂਲੂ ਦੇ ਪੁੱਤਰ ਜੱਸਾ ਸਿੰਘ ਨਾਲ ਵਿਆਹੀ ਹੋਈ ਸੀ। ਸਾਹਿਬ ਸਿੰਘ ਨੂੰ ਕਰਮ ਸਿੰਘ ਦੀ ਮਦਦ ਵੀ ਹਾਸਲ ਸੀ। ਹਥਿਆਰਬੰਦ ਝੜਪ ਵਿਚ ਮਹਾਂ ਸਿੰਘ ਦਾ ਦੀਵਾਨ, ਸੋਭਾ ਰਾਮ ਮਾਰਿਆ ਗਿਆ। ਲੋੜੀਂਦੀ ਤਿਆਰੀ ਉਪ੍ਰੰਤ ਮਹਾਂ ਸਿੰਘ ਨੇ ਸਿਧੇ ਸਾਹਿਬ ਸਿੰਘ ਨਾਲ ਦੋ ਹੱਥ ਕਰਨ ਦਾ ਫੈਸਲਾ ਕਰ ਲਿਆ ਅਤੇ ਗੁਜਰਾਤ ਦੇ ਨਜ਼ਦੀਕ ਸੋਹਦਰਾ ਨੂੰ ਘੇਰਾ ਪਾ ਲਿਆ। ਜਦ ਸਾਹਿਬ ਸਿੰਘ ਦਾ ਦਾਰੂ ਸਿੱਕਾ ਘਟ ਗਿਆ, ਦਲ ਸਿੰਘ ਅਤੇ ਜੋਧ ਸਿੰਘ ਨੇ ਲੋੜੀਂਦੀ ਰਸਦ ਭੇਜ ਕੇ ਮਦਦ ਕੀਤੀ। ਘੇਰਾ ਲੰਮਾ ਚਲਾ ਗਿਆ।

ਏਨੇ ਨੂੰ ਮਹਾਂ ਸਿੰਘ ਸਖਤ ਬੀਮਾਰ ਹੋ ਗਿਆ। ਉਹ ਘੇਰੇ ਦੀ ਕਮਾਨ ਆਪਣੇ ਨੌਜਵਾਨ ਪੁੱਤਰ ਰਣਜੀਤ ਸਿੰਘ ਹੱਥ ਸੌਂਪ ਕੇ ਗੁਜਰਾਂਵਾਲੇ ਪਰਤ ਆਇਆ। ਰਣਜੀਤ ਸਿੰਘ ਨੂੰ ਘੇਰਾ ਉਠਾਉਣਾ ਪਿਆ ਤਾਂ ਜੋ ਉਹ ਕਰਮ ਸਿੰਘ ਦੂਲੂ ਦੀ ਫੌਜ ਨਾਲ ਲੋਹਾ ਲੈ ਸਕੇ, ਜੋ ਕਿ ਚਿਨਿਓਟ ਵਲੋਂ ਗੁਜਰਾਂਵਾਲਾ 'ਤੇ ਹਮਲਾ ਕਰਨ ਆ ਰਹੀ ਸੀ। ਰਣਜੀਤ ਸਿੰਘ ਦੇ ਘੋੜਸਵਾਰਾਂ ਦਾ ਕੋਟ ਮਹਿਰਾਜ ਦੇ ਲਾਗੇ ਦੂਲੂ ਸਰਦਾਰ ਦੇ ਦਸਤਿਆਂ ਨਾਲ ਟਾਕਰਾ ਹੋ ਗਿਆ ਅਤੇ ਨੌਜਵਾਨ ਰਣਜੀਤ ਸਿੰਘ ਨੂੰ ਜਿੱਤ ਪ੍ਰਾਪਤ ਹੋਈ। ਇਸ ਜਿੱਤ ਦੀ ਖ਼ਬਰ ਗੁਜਰਾਂਵਾਲਾ ਮਹਾਂ ਸਿੰਘ ਨੂੰ 1790 ਦੀ ਵੈਸਾਖੀ ਦੇ ਲਾਗੇ ਚਾਗੇ ਪੁਚਾ ਦਿਤੀ ਗਈ। ਉਹ ਪੰਜ ਵੈਸਾਖ ਨੂੰ ਅਕਾਲ ਚਲਾਣਾ ਕਰ ਗਿਆ। ਅਤੇ ਆਪਣੇ ਪੁੱਤਰ ਲਈ ਇਕ ਵਡੀ ਤੇ ਵਧ ਰਹੀ ਰਿਆਸਤ, ਇਕ ਵਧੀਆ ਪ੍ਰਸ਼ਾਸਿਤ ਇਕ-ਜੁੱਟ ਇਲਾਕਾ, ਸਾਲਾਨਾ ਖਿਰਾਜ ਅਦਾ ਕਰਨ ਵਾਲੇ ਲਗਾਨਦਾਰ ਛੋਟੇ ਸਰਦਾਰ, ਤੋੜੇਦਾਰ ਬੰਦੂਕਾਂ ਨਾਲ ਲੈਸ ਪੰਜ ਹਜ਼ਾਰ ਤੋਂ ਵਧ ਘੋੜਸਵਾਰ ਅਤੇ ਗੁਜਰਾਤ ਦੇ ਹਾਕਮ ਅਤੇ ਉਸ ਦੇ ਹਿਮਾਇਤੀਆਂ ਨਾਲ ਟਕਰਾਅ, ਵਿਰਸੇ ਵਿਚ ਛੱਡ ਗਿਆ।

3.

# ਇਕ ਸ਼ਾਸਕ ਵਜੋਂ ਪ੍ਰਸਿੱਧ ਹੋਣਾ

ਇਕ ਸ਼ਾਸਕ (ਹੁਕਮਰਾਨ) ਦੇ ਪੁੱਤਰ ਰਾਜੇ (ਸ਼ਾਸਕ) ਦਾ ਇਕੋ ਇਕ ਪੁੱਤਰ ਹੋਣ ਦੇ ਨਾਤੇ ਰਣਜੀਤ ਸਿੰਘ ਨੂੰ ਸਾਰੇ ਸੰਬੰਧਤ ਵਿਅਕਤੀਆਂ ਦੁਆਰਾ ਤੁਰਤ ਬਿਨਾ ਸ਼ਕ ਦੇ ਮਹਾਂ ਸਿੰਘ ਦਾ ਜਾਂਨਸ਼ੀਨ (ਉਤੱਰਾਧਿਕਾਰੀ) ਮੰਨ ਲਿਆ ਗਿਆ। ਅਸਲ ਵਿਚ ਵਾਰਸਾਂ ਨੂੰ ਹੀ ਗੱਦੀ ਤੇ ਬਿਠਾਉਣ ਦੇ ਅਸੂਲ ਨੂੰ ਉਹ ਸਾਰੇ ਸਵੀਕਾਰ ਕਰਦੇ ਸਨ। ਜੈ ਸਿੰਘ ਘਨ੍ਹਈਆ, ਜਿਸ ਦੀ ਪੋਤੀ ਦਾ ਰਣਜੀਤ ਸਿੰਘ ਨਾਲ ਵਿਆਹ ਹੋਣਾ ਨੀਯਤ ਹੋਇਆ ਸੀ, ਅਫਸੋਸ ਕਰਨ ਅਤੇ ਵਧਾਈਆਂ ਦੇਣ ਆਇਆ। ਪਰ ਉਹ ਗੁਜਰਾਂਵਾਲਾ ਆਉਣ ਵਾਲਾ ਇਕੋ ਇਕ ਸਰਦਾਰ, ਅਰਥਾਤ, ਸ਼ਾਸਕ ਨਹੀਂ ਸੀ। ਹੋਰਨਾਂ ਤੋਂ ਇਲਾਵਾ ਲਾਹੌਰ ਤੋਂ ਸਰਦਾਰ ਲਹਿਣਾ ਸਿੰਘ ਅਤੇ ਸਰਦਾਰ ਸੋਭਾ ਸਿੰਘ ਵੀ ਉਥੇ ਆਏ। ਇਸ ਮੌਕੇ 'ਤੇ ਰਣਜੀਤ ਸਿੰਘ ਨੇ ਜੋ ਸਵੈ-ਭਰੋਸੇ ਅਤੇ ਆਦਰ-ਸਤਿਕਾਰ ਦਾ ਪ੍ਰਗਟਾਵਾ ਕੀਤਾ, ਉਸ ਨਾਲ ਸਭ ਪ੍ਰਭਾਵਤ ਹੋਏ। ਉਸ ਦੀ ਗੱਦੀ ਨੂੰ ਕੋਈ ਬਾਹਰੀ ਖਤਰਾ ਨਹੀਂ ਸੀ। ਪਰ ਉਸ ਦਾ ਆਪਣੇ ਰਾਜ ਵਿਚ ਹੀ ਆਪਣੇ ਨਜ਼ਦੀਕੀ ਸਾਕ-ਸੰਬੰਧੀਆਂ ਅਤੇ ਰਿਆਸਤ ਦੇ ਪ੍ਰਸ਼ਾਸਨ ਨਾਲ ਸੰਬੰਧਤ ਵਿਅਕਤੀਆਂ ਨਾਲ ਵਾਹ ਪੈਣਾ ਸੀ।

ਆਰੰਭ ਵਿਚ, ਰਣਜੀਤ ਸਿੰਘ ਦੇ ਰਾਜ ਵਿਚ ਤਿੰਨ ਵਿਅਕਤੀ ਬਹੁਤ ਅਹਿਮ, ਅਰਥਾਤ, ਮਹੱਤਵਪੂਰਨ ਸਨ। ਉਸ ਦੀ ਮਾਤਾ ਰਾਜ ਕੌਰ, ਜੋ ਮਾਈ ਮਲਵੈਣ ਦੇ ਨਾਂ ਨਾਲ ਮਸ਼ਹੂਰ ਸੀ; ਉਸ ਦੇ ਪਿਤਾ ਦਾ ਮਾਮਾ, ਦਲ ਸਿੰਘ ਅਤੇ 'ਦੀਵਾਨ' ਲਖਪਤ ਰਾਏ। ਉਹ ਸਾਰੇ ਸਰਕਾਰ ਅਤੇ ਪ੍ਰਸ਼ਾਸਨ ਵਿਚ ਸਭ ਤੋਂ ਵਧ ਦਖਲ ਅਤੇ ਹਿੱਸਾ ਚਾਹੁੰਦੇ ਸਨ। ਮਾਈ ਮਲਵੈਣ ਨੂੰ ਆਪਣੇ ਪੁੱਤਰ ਦੇ ਹਿਤਾਂ ਨੂੰ ਬਚਾਉਣ ਦੀ ਚਿੰਤਾ ਸੀ, ਤਾਂ ਜੋ ਉਹ ਵਡਾ ਹੋ ਕੇ ਰਾਜ ਸੱਤਾ ਨੂੰ ਚੰਗੀ ਤਰ੍ਹਾਂ ਸੰਭਾਲ ਲਏ। ਉਹ ਚਾਹੁੰਦੀ ਸੀ ਕਿ 'ਜਿਵੇਂ ਹੈ ਤਿਵੇਂ' ਦੀ ਸਥਿਤੀ ਕਾਇਮ ਰਹੇ ਅਤੇ ਏਦਾਂ 'ਦੀਵਾਨ' ਲਖਪਤ ਰਾਏ ਹੀ ਰਹੇ। ਪਰ, ਦਲ ਸਿੰਘ ਚਾਹੁੰਦਾ ਸੀ ਕਿ ਵਧੇਰੇ ਸ਼ਕਤੀ ਉਸ ਦੇ ਹੱਥ ਰਹੇ। ਉਹ ਬਿਨਾ ਦੀਵਾਨ ਨੂੰ ਪੁੱਛੇ-ਦੱਸੇ ਅਕਾਲ ਗੜ੍ਹ ਦੀ ਹੱਦ ਤੋਂ ਬਾਹਰ ਦੇ ਇਲਾਕੇ ਦਾ ਮਾਲੀਆ ਉਗਰਾਹੁਣ ਲਗ ਪਿਆ। ਉਸ ਦਾ ਇਹ ਕਾਰਜ ਸਰਕਸ਼ ਹੋਣ ਦਾ ਲਖਾਇਕ ਸੀ ਅਤੇ ਇਸ ਦਾ ਮਾਈ ਮਲਵੈਣ ਅਤੇ ਯੁਵਾ ਰਣਜੀਤ ਸਿੰਘ ਨੇ ਬੁਰਾ ਮਨਾਇਆ। ਉਨ੍ਹਾਂ ਦੋਹਾਂ ਨੇ ਦਲ ਸਿੰਘ ਵਿਰੁੱਧ ਲਖਪਤ ਰਾਏ ਦਾ ਪੱਖ ਲਿਆ। ਆਪਣੀ ਕਮਜ਼ੋਰ ਸਥਿਤੀ ਨੂੰ ਭਾਂਪ ਕੇ, ਦਲ ਸਿੰਘ ਨੇ 'ਦੀਵਾਨ' ਦੇ ਮਾਤਹਿਤ ਰਹਿਣਾ ਸਵੀਕਾਰ ਕਰ ਲਿਆ।


ਮਹਾਂ ਸਿੰਘ ਆਪਣੇ ਪਿੱਛੇ ਵੀਹ ਹਜ਼ਾਰ ਗੋਲੀਆਂ (ਤੋਤੇ) ਛਡ ਗਿਆ ਸੀ। ਰਣਜੀਤ ਸਿੰਘ ਨੇ ਥੋੜੇ ਸਮੇਂ 'ਚ ਹੀ ਉਹ ਉਡਾ ਪੁਡਾ ਦਿਤੀਆਂ, ਅਰਥਾਤ, ਵਰਤ ਲਈਆਂ। ਉਹ ਰਵਾਇਤੀ ਹਥਿਆਰਾਂ ਦੀ ਵਰਤੋਂ ਕਰਨ ਪਿਛੋਂ ਗੋਲੀ ਦਾਗਣ ਦੀ ਮਸ਼ਕ ਕਰ ਰਿਹਾ ਸੀ। ਏਦਾਂ ਜਾਪਦਾ ਸੀ ਕਿ

ਉਹ ਬਾਕੀਆਂ ਦੇ ਮੁਕਾਬਲੇ ਇਕ ਵਧੀਆ ਲੜਾਕਾ ਘੋੜਸਵਾਰ ਬਣਨ ਦੀ ਕਾਹਲ ਵਿਚ ਸੀ। ਇਸ ਕਾਰਜ ਲਈ ਸ਼ਿਕਾਰ ਤੋਂ ਵਧੀਆ ਹੋਰ ਕੋਈ ਢੰਗ ਨਹੀਂ ਸੀ ਅਤੇ ਕਾਫੀ ਸਾਲਾਂ ਤੀਕਰ ਉਸਦਾ ਸਭ ਤੋਂ ਵਧ ਸ਼ੌਕ ਸ਼ਿਕਾਰ ਖੇਡਣਾ ਹੀ ਰਿਹਾ। ਉਹ ਮਸ-ਫੁੱਟ ਉਮਰੇ ਇਕ ਨਿਪੁੰਨ ਸੈਨਿਕ ਬਣ ਗਿਆ ਅਤੇ ਉਸ ਦਾ ਸ਼ਿਕਾਰ ਦਾ ਸ਼ੌਕ ਵਡੀ ਉਮਰ ਤੀਕਰ ਕਾਇਮ ਰਿਹਾ। ਉਹ ਹੁਣ ਆਪਣੇ ਫੌਜੀਆਂ ਦੀ ਲੜਾਈ ਦੇ ਮੈਦਾਨ ਵਿਚ ਅਗਵਾਈ ਕਰਨ ਦੇ ਯੋਗ ਸੀ। ਉਸ ਨੇ ਸ਼ੇਖੂਪੁਰੇ ਦੇ ਮਜ਼ਬੂਤ ਕਿਲ੍ਹੇ ਨੂੰ ਘੇਰਾ ਪਾ ਲਿਆ ਅਤੇ ਉਸ ਦੇ ਸਿਖ ਸਰਦਾਰ ਨੂੰ ਖਿਰਾਜ ਦੇਣ ਤੇ ਮਜਬੂਰ ਕਰ ਦਿਤਾ।

ਪੰਦਰਾਂ ਸਾਲ ਦੀ ਉਮਰੇ, 1795 ਵਿਚ ਰਣਜੀਤ ਸਿੰਘ ਨੇ ਸਦਾ ਕੌਰ ਦੀ ਧੀ ਮਹਿਤਾਬ ਕੌਰ ਨਾਲ ਵਿਆਹ ਕਰ ਲਿਆ। ਸਦਾ ਕੌਰ ਨੇ ਦੋ ਤਿੰਨ ਸਾਲ ਪਹਿਲਾਂ ਬਟਾਲੇ ਵਿਖੇ ਜੈ ਸਿੰਘ ਦੀ ਗੱਦੀ ਸੰਭਾਲੀ ਸੀ। ਏਦਾਂ ਇਸ ਜ਼ਾਤੀ ਘਟਨਾ ਕਾਰਨ ਦੋ ਹੁਕਮਰਾਨ (ਰਾਜ) ਘਰਾਣਿਆਂ ਵਿਚਕਾਰ ਰਾਜਨੀਤਕ ਸਾਂਝ ਮਜ਼ਬੂਤ ਹੋਈ। ਝਟ ਹੀ ਮਗਰੋਂ ਉਸ ਸੁਣਿਆ ਕਿ ਅਫਗਾਨਾਂ ਨੇ ਉਸ ਦੇ ਥਾਣੇਦਾਰ ਕੋਲੋਂ ਰੁਹਤਾਸ ਦਾ ਕਿਲ੍ਹਾ ਖੋਹ ਲਿਆ ਹੈ। ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਸ਼ਾਹ ਕਾਬਲ 'ਤੇ ਵੀਹ ਸਾਲ ਰਾਜ ਕਰਨ ਪਿਛੋਂ, 1793 ਵਿਚ ਮਰ ਗਿਆ। ਉਸ ਪਿਛੋਂ ਸ਼ਾਹ ਜ਼ਮਾਨ ਨੇ ਗੱਦੀ ਸੰਭਾਲੀ। ਉਹ ਹਿੰਦੁਸਤਾਨ 'ਤੇ ਹਮਲੇ ਕਰ ਕੇ ਆਪਣੇ ਦਾਦੇ ਵਾਲੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਦੇ ਸੁਪਨੇ ਲੈ ਰਿਹਾ ਸੀ। ਉਸ ਅਨੁਸਾਰ ਪੰਜਾਬ ਉਪਰ ਉਹਦਾ ਜਾਇਜ਼ ਹੱਕ ਸੀ, ਕਿਉਂਜੋ ਇਕ ਵਾਰ ਉਸ ਦੇ ਦਾਦੇ ਨੇ ਉਸ ਨੂੰ ਫਤਿਹ ਕੀਤਾ ਸੀ। ਇਸ ਢੰਗ ਨਾਲ ਸੋਚਦੇ, ਉਸਨੇ 1795 ਵਿਚ ਪੰਜਾਬ ਅੰਦਰ ਦਾਖਲ ਹੋਣ ਦੀ ਭਾਵਨਾ ਨਾਲ ਰੁਹਤਾਸ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ, ਪਰ ਛੇਤੀ ਹੀ ਉਸ ਨੂੰ ਕਾਬਲ ਵਾਪਸ ਪਰਤਣਾ ਪਿਆ। ਰਣਜੀਤ ਸਿੰਘ ਨੇ ਕਿਲੇ 'ਤੇ ਮੁੜ ਕਬਜ਼ਾ ਕਰਨ ਵਿਚ ਪਲ ਭਰ ਦੇਰ ਨਾ ਲਾਈ।

ਸ਼ਾਹ ਜ਼ਮਾਨ, 1796 ਵਿਚ ਇਕ ਵਾਰ ਮੁੜ ਪੰਜਾਬ ਵਿਚ ਦਾਖਲ ਹੋਇਆ। ਕਾਂਗੜੇ ਦੇ ਸੰਸਾਰ ਚੰਦ ਸਮੇਤ ਬਹੁਤ ਸਾਰੇ ਪਹਾੜੀ ਰਾਜਿਆਂ ਅਤੇ ਮੈਦਾਨੀ ਇਲਾਕੇ ਦੇ ਗੈਰ-ਸਿੱਖ ਸਰਦਾਰਾਂ ਨੇ ਉਸ ਦੀ ਅਧੀਨਗੀ ਕਬੂਲ ਕਰ ਲਈ। ਸਿੱਖ ਸਰਦਾਰ ਦੂ-ਬ-ਦੂ, ਗਹਿਗਚ ਲੜਾਈ ਲੜਨ ਦੀ ਸਥਿਤੀ ਵਿਚ ਨਹੀਂ ਸਨ। ਉਨ੍ਹਾਂ ਆਪਣੀਆਂ ਫੌਜਾਂ ਮੈਦਾਨ ਵਿਚ ਲੈ ਆਂਦੀਆਂ ਪਰ ਸਿਰਫ ਲੜਾਈ ਨੂੰ ਟਾਲਣ ਹਿਤ ਹੀ। ਸ਼ਾਹ ਜ਼ਮਾਨ ਨੇ ਲਾਹੌਰ ਜਾਂਦੇ ਹੋਏ ਸਹਿਜੇ ਹੀ ਗੁਜਰਾਤ ਅਤੇ ਗੁਜਰਾਂਵਾਲਾ ਜਿਹੀਆਂ ਰਾਜਧਾਨੀਆਂ 'ਤੇ ਕਬਜ਼ਾ ਕਰ ਲਿਆ ਅਤੇ 1797 ਦੇ ਪਹਿਲੇ ਹਫਤੇ ਲਾਹੌਰ ਸ਼ਹਿਰ ਵਿਚ ਦਾਖਲ ਹੋਇਆ।

ਪੰਜਾਬ ਦਾ ਇਕ ਵੀ ਰਾਜਾ (ਹੁਕਮਰਾਨ) ਅਜਿਹਾ ਨਹੀਂ ਸੀ, ਜੋ ਸ਼ਾਹ ਜ਼ਮਾਨ ਦੀ ਤੀਹ ਹਜ਼ਾਰ ਫੌਜ ਦਾ, ਜਿਸ ਦੀ ਪਿੱਠ ਪਿਛੇ ਇਕ ਬਹੁਤ ਭਾਰੀ ਤੋਪਖਾਨਾ ਸੀ, ਇੱਕਲਿਆਂ ਟਾਕਰਾ ਕਰ ਸਕਦਾ। ਸੋ ਇਕ ਸਾਂਝੇ ਖਤਰੇ ਦਾ ਮੁਕਾਬਲਾ ਕਰਨ ਲਈ ਸਾਂਝੇ ਉੱਦਮ ਦੀ ਲੋੜ, ਇਕ ਵਾਰ ਮੁੜ ਪ੍ਰਤੱਖ ਵਿਖਾਲੀ ਦਿਤੀ। ਰਣਜੀਤ ਸਿੰਘ ਨੇ ਸਥਿੱਤੀ ਨੂੰ ਝਟ ਹੀ ਭਾਂਪ ਲਿਆ ਅਤੇ ਸਾਂਝੇ ਮੁਕਾਬਲੇ ਲਈ ਕਾਰਜਸ਼ੀਲ ਹੋ ਗਿਆ। ਉਹ ਆਪਣੇ ਆਜ਼ਾਦ ਮਰਾਤਬੇ ਨੂੰ ਸਭ ਵਸਤਾਂ ਨਾਲੋਂ ਵਡਮੁੱਲਾ ਸਮਝਦਾ ਸੀ। ਜਦ ਉਸ ਨੇ ਸਿੱਖ ਸਰਦਾਰਾਂ ਨੂੰ ਅੰਮ੍ਰਿਤਸਰ ਦੇ ਇਕ ਸਮਾਗਮ (ਜੋੜਮੇਲੇ) ਵਿਚ



ਮਹਾਰਾਜਾ ਰਣਜੀਤ ਸਿੰਘ ( ਚਿੱਤਰਕਾਰ ਜੀਵਨ ਰਾਮ)



ਮਹਾਰਾਜੇ ਦੀ ਸੋਨੇ ਦੀ ਕੁਰਸੀ

ਸੰਬੋਧਨ ਕੀਤਾ, ਤਦ ਕਈ ਸਰਦਾਰ ਉਸ ਦੀ ਅਗਵਾਈ ਨੂੰ ਸਵੀਕਾਰ ਕਰਨ ਲਈ ਤਿਆਰ ਹੋ ਗਏ। ਇਸੇ ਅੰਮ੍ਰਿਤਸਰ ਸ਼ਹਿਰ ਵਿਚ ਹੀ ਅਹਿਮਦ ਸ਼ਾਹ ਅਬਦਾਲੀ ਦੇ ਹੱਲਿਆਂ ਦੌਰਾਨ ਸਰਬਸ਼ਕਤੀਮਾਨ ਸਿੱਖ ਰਾਜ ਦੀ ਕਾਇਮੀ ਅਤੇ ਪੁਸ਼ਟੀਕਰਨ ਬਾਰੇ ਸ਼ਾਨਕਾਰ ਗੁਰਮਤਿਆਂ ਦੀ ਪਰੰਪਰਾ ਤੁਰੀ ਆਉਂਦੀ ਸੀ। ਇਸ ਸਮੇਂ ਸ਼ਾਹ ਜ਼ਮਾਨ ਦਾ ਭਰਾ ਅਫਗਾਨਸਤਾਨ ਵਿਚ ਉਸ ਵਿਰੁਧ ਬਗਾਵਤ ਜਥੇਬੰਦ ਕਰ ਰਿਹਾ ਸੀ, ਅਤੇ ਇਸ ਲਈ ਉਸ ਨੂੰ ਲਾਹੌਰ ਦੇ ਕਬਜ਼ੇ ਤੋਂ ਕੁਝ ਹੀ ਹਫਤਿਆਂ ਪਿਛੋਂ ਕਾਬਲ ਵਾਪਸ ਪਰਤਣਾ ਪਿਆ। ਸਿੱਖ ਘੋੜ-ਸਵਾਰ ਓਨੀ ਦੇਰ ਉਸ ਦਾ ਪਿੱਛਾ ਕਰਦੇ ਰਹੇ ਜਿੰਨੀ ਦੇਰ ਕਿ ਉਹ ਸਿੰਧ ਸਾਗਰ ਦੁਆਬ ਦੇ ਰਣਜੀਤ ਸਿੰਘ ਦੇ ਇਲਾਕੇ ਤੋਂ ਪਾਰ ਨਾ ਲੰਘ ਗਿਆ।

ਸ਼ਾਹ ਜ਼ਮਾਨ ਦੇ ਹਮਲੇ ਦੌਰਾਨ ਰਣਜੀਤ ਸਿੰਘ ਦੀ ਗੁਜਰਾਂਵਾਲਾ ਤੋਂ ਗੈਰ-ਹਾਜ਼ਰੀ ਸਮੇਂ, ਗ਼ੁਲਾਮ ਮੁਹੰਮਦ ਦੇ ਪੁੱਤਰ ਜਾਨ ਮੁਹੰਮਦ ਚੱਠਾ ਨੇ ਚਠਿਆਂ ਦੀ ਪੁਰਾਣੀ ਰਾਜਧਾਨੀ ਤੇ ਕਬਜ਼ਾ ਕਰ ਲਿਆ, ਜਿਸ ਨੂੰ ਹੁਣ ਰਾਮ ਨਗਰ ਕਿਹਾ ਜਾਂਦਾ ਸੀ। ਰਣਜੀਤ ਸਿੰਘ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਜਾਨ ਮੁਹੰਮਦ ਮਾਰਿਆ ਗਿਆ, ਪਰ ਉਸ ਦਾ ਮਾਮਾ ਆਜ਼ਮ ਖਾਨ, ਕਮਾਨ ਆਪਣੇ ਹੱਥ ਲੈ ਡਟਿਆ ਰਿਹਾ। ਸ਼ਹਿਰ ਹਾਲੀ ਸਰ ਨਹੀਂ ਸੀ ਹੋਇਆ ਕਿ ਰਣਜੀਤ ਸਿੰਘ ਨੂੰ ਅਫਗਾਨ ਜਰਨੈਲ ਸ਼ਾਹਾਨਚੀ ਦੇ ਪੰਜਾਬ 'ਤੇ ਧਾਵੇ ਦੀ ਖਬਰ ਮਿਲੀ। ਉਹ ਘੇਰਾ ਜਾਰੀ ਰਖਣ ਦਾ ਕਾਰਜ ਦਲ ਸਿੰਘ ਨੂੰ ਸੌਂਪ ਕੇ, ਗੁਜਰਾਤ ਦੇ ਸਾਹਿਬ ਸਿੰਘ ਸਮੇਤ ਇਕੱਠੇ ਹੋਏ, ਦੂਜੇ ਸਿੱਖ ਸਰਦਾਰਾਂ ਨਾਲ ਜਾ ਰਲਿਆ, ਤਾਂ ਜੋ ਅਫਗਾਨ ਜਰਨੈਲ ਦੇ ਰਚਨਾ ਦੁਆਬ ਵਿਚ ਦਾਖਲ ਹੋਣ ਤੋਂ ਪਹਿਲਾਂ ਉਸ ਨਾਲ ਦੋ ਹੱਥ ਕੀਤੇ ਜਾ ਸਕਣ। ਇਕ ਲੜਾਈ ਵਿਚ ਸ਼ਾਹਾਨਚੀ ਮਾਰਿਆ ਗਿਆ ਅਤੇ ਉਸ ਦੀ 12,000 ਫੌਜ (ਨਫਰੀ) ਦੇ ਪੈਰ ਉਖੜ ਗਏ ਅਤੇ ਉਸ ਨੂੰ ਭਾਜੜਾਂ ਪੈ ਗਈਆਂ। ਕੁਝ ਹੋਰ ਮਹੀਨਿਆਂ ਦੇ ਘੇਰੇ ਪਿਛੋਂ ਰਾਮ ਨਗਰ ਵੀ ਸਰ ਹੋ ਗਿਆ।

ਜਲਦੀ ਹੀ ਮਗਰੋਂ, ਜਦ ਇਕ ਦਿਨ ਸ਼ਿਕਾਰ ਖੇਡਣ ਗਿਆ ਰਣਜੀਤ ਸਿੰਘ ਆਪਣੇ ਸਾਥੀਆਂ ਤੋਂ ਨਿਖੜ ਗਿਆ, ਤਦ ਹਸ਼ਮਤ ਖਾਨ ਚੱਠੇ ਨੇ ਉਸ ਉਪਰ ਕਾਤਲਾਨਾ ਹਮਲਾ ਕੀਤਾ। ਹਸ਼ਮਤ ਖਾਨ ਦੇ ਵਾਰ ਨਾਲ ਰਣਜੀਤ ਸਿੰਘ ਦੀ ਪੇਟੀ (ਕਮਰਬੰਦ) ਵਢੀ ਗਈ। ਪਰ ਉਸ ਦੇ ਦੂਜਾ ਵਾਰ ਕਰਨ ਤੋਂ ਪਹਿਲਾਂ ਹੀ ਰਣਜੀਤ ਸਿੰਘ ਨੇ ਉਸ ਦਾ ਸਿਰ ਵਢ ਪਰੇ ਮਾਰਿਆ। ਇਸ ਪਿਛੋਂ ਰਣਜੀਤ ਸਿੰਘ ਦੇ ਸਮੁੱਚੇ ਰਾਜ-ਕਾਲ ਦੌਰਾਨ ਚਠਿਆਂ ਵਲੋਂ ਉਸ ਨੂੰ ਕਿਸੇ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਿਆ।

ਸਦਾ ਕੌਰ, ਰਾਮਗੜ੍ਹੀਆਂ ਵਿਰੁੱਧ ਸਹਾਇਤਾ ਲੈਣ ਰਾਮ ਨਗਰ ਆਈ। ਰਣਜੀਤ ਸਿੰਘ ਨੇ ਦਲ ਸਿੰਘ ਅਤੇ ਜੋਧ ਸਿੰਘ ਨੂੰ ਨਾਲ ਲੈ ਕੇ ਉਸਦੀ ਮਦਦ ਲਈ ਜਾਣ ਦਾ ਫੈਸਲਾ ਕਰ ਲਿਆ। ਲਾਹੌਰ ਵਿਖੇ ਚੇਤ ਸਿੰਘ ਅਤੇ ਮੋਹਰ ਸਿੰਘ ਨੇ ਉਸ ਦੀ ਆਉ-ਭਗਤ ਕੀਤੀ, ਜੋ ਕਿ ਸਰਦਾਰ ਲਹਿਣਾ ਸਿੰਘ ਅਤੇ ਸਰਦਾਰ ਸੋਭਾ ਸਿੰਘ ਦੇ ਉੱਤਰਾਧਿਕਾਰੀ ਸਨ। ਲਾਹੌਰ ਦੇ ਕਿਲ੍ਹੇ 'ਚ ਉਸ ਦੇ ਮਨ 'ਚ ਵਿਚਾਰ ਆਇਆ ਕਿ ਉਸਨੂੰ ਕਿਲ੍ਹੇ ਦਾ ਮਾਲਕ ਹੋਣਾ ਚਾਹੀਦਾ ਹੈ। ਉਸ ਨੇ ਕਿਲ੍ਹੇ ਦੇ ਖਾਕੇ ਨੂੰ ਬੜੇ ਗਹੁ ਨਾਲ ਵੇਖਿਆ, ਵਾਚਿਆ। ਫੇਰ ਉਸ ਨੇ ਲਾਹੌਰੋਂ, ਬਿਆਸ ਕੰਢੇ ਸਥਿਤ ਰਾਮਗੜ੍ਹੀਆ ਕਸਬੇ ਮਿਆਣੀ ਨੂੰ ਘੇਰਾ ਪਾਉਣ ਲਈ, ਕੂਚ ਕੀਤਾ। ਘੇਰਾ ਬਰਸਾਤ ਦੇ ਮੌਸਮ ਤੀਕਰ ਚਲਦਾ ਰਿਹਾ। ਇਸ

ਦੌਰਾਨ, ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਧੰਨੀ ਦੇ ਇਲਾਕੇ ਵਿਚ ਮਾਲੀਆ ਵਸੂਲਣ ਗਿਆ ਦੀਵਾਨ ਲਖਪਤ ਰਾਏ ਮਰ ਗਿਆ ਹੈ। ਉਹ ਗੁਜਰਾਂਵਾਲਾ ਪਰਤ ਆਇਆ, ਅਤੇ ਆਪਣੇ ਅਹੁਦੇ ਦੌਰਾਨ, 'ਦੀਵਾਨ' ਦੁਆਰਾ ਇਕੱਠੀ ਕੀਤੀ, ਸਾਰੀ ਜਾਇਦਾਦ ਜ਼ਬਤ ਕਰ ਲਈ।

ਆਪਣੀ ਉਮਰ ਦੇ ਅਠ੍ਹਾਰਵੇਂ ਸਾਲ 'ਚ ਰਣਜੀਤ ਸਿੰਘ ਨੇ ਇਕ ਹੋਰ ਵਿਆਹ ਕਰ ਕੇ ਸਾਂਝ ਬਣਾਈ। ਉਸ ਨੇ ਰਾਜ ਕੌਰ ਨਾਲ ਵਿਆਹ ਕਰਵਾਇਆ, ਜਿਸ ਦਾ ਸਹੁਰਾ ਨਾਂ ਦਾਤਾਰ ਕੌਰ ਰਖਿਆ ਗਿਆ। ਉਹ ਨਕੱਈ ਸਰਦਾਰ ਕ਼ਮਰ ਸਿੰਘ ਦੀ ਧੀ ਸੀ, ਜਿਸ ਦੀਪਾਲਪੁਰ ਅਤੇ ਸਤਘਰਾ ਵਿਚ ਆਪਣਾ ਰਾਜ ਸਥਾਪਤ ਕੀਤਾ ਸੀ, ਅਤੇ ਉਸ ਤੋਂ ਪਿੱਛੋਂ ਉਸ ਦੇ ਪੁਤਰ ਗਿਆਨ ਸਿੰਘ ਨੇ ਗੱਦੀ ਸੰਭਾਲੀ ਸੀ। ਵਿਆਹ ਦੀ ਰਸਮ ਸਤਘਰਾ ਵਿਖੇ ਹੀ ਸੰਪੰਨ ਹੋਈ। ਏਦਾਂ ਇਕ ਹੋਰ ਰਾਜ-ਘਰਾਣਾ ਰਣਜੀਤ ਸਿੰਘ ਦਾ ਇਕ ਕਟੱੜ ਹਮਾਇਤੀ ਬਣ ਗਿਆ।

ਸ਼ਾਹ ਜ਼ਮਾਨ ਨੇ, 1798 ਵਿਚ, ਇਕ ਵਾਰ ਮੁੜ ਪੰਜਾਬ 'ਤੇ ਹਮਲਾ ਕੀਤਾ। ਸਾਹਿਬ ਸਿੰਘ ਗੁਜਰਾਤ ਛਡ ਗਿਆ। ਰਣਜੀਤ ਸਿੰਘ ਗੁਜਰਾਂਵਾਲਾ ਤਿਆਗ ਆਇਆ। ਉਨ੍ਹਾਂ ਅੰਮ੍ਰਿਤਸਰ ਵੱਨੀ ਚਾਲੇ ਪਾਏ। ਦੂਜੇ ਸ਼ਹਿਰਾਂ ਅਤੇ ਕਸਬਿਆਂ ਵਾਂਗ ਸ਼ਾਹ ਜ਼ਮਾਨ ਨੇ ਗੁਜਰਾਤ ਅਤੇ ਗੁਜਰਾਂਵਾਲਾ ਦੇ ਸ਼ਹਿਰ ਵੀ ਲੁੱਟ ਲਏ। ਉਹ ਨਵੰਬਰ ਦੇ ਆਖ਼ਰੀ ਹਫਤੇ ਲਾਹੌਰ ਪਹੁੰਚਿਆ। ਲਾਹੌਰੋਂ ਉਸ ਆਪਣਾ ਇਕ ਕਮਾਂਡਰ (ਕਮਾਨਦਾਰ, ਜਰਨੈਲ) ਅੰਮ੍ਰਿਤਸਰ 'ਤੇ ਹਮਲੇ ਲਈ ਘਲਿਆ। ਰਣਜੀਤ ਸਿੰਘ ਨੇ ਅਫਗਾਨਾਂ ਨਾਲ ਸ਼ਹਿਰੋਂ ਬਾਹਰ ਹੀ ਟੱਕਰ ਲੈ ਲਈ ਅਤੇ ਗਹਿਗਚ ਲੜਾਈ ਪਿਛੋਂ ਉਨ੍ਹਾਂ ਨੂੰ ਹਰਾ ਦਿਤਾ। ਉਸ ਨੇ ਲਾਹੌਰ ਨੂੰ ਘੇਰਾ ਪਾਉਣ ਦਾ ਫੈਸਲਾ ਕੀਤਾ। ਸ਼ਾਹ ਜ਼ਮਾਨ ਨੂੰ ਰਸਦ-ਪਾਣੀ ਅਤੇ ਕੁਮਕ ਆਉਣ ਦੇ ਸਾਰੇ ਰਾਹ ਕੱਟੇ ਗਏ। ਰਣਜੀਤ ਸਿੰਘ ਆਪ ਲਾਹੌਰ ਦੇ ਕਿਲ੍ਹੇ ਨਜ਼ਦੀਕ ਗਿਆ ਅਤੇ ਉਸ ਨੇ ਸ਼ਾਹ ਜ਼ਮਾਨ ਨੂੰ ਦੁਵੱਲੀ ਲੜਾਈ, ਅਰਥਾਤ ਦੂ-ਬ-ਦੂ ਭੇੜ ਲਈ ਲਲਕਾਰਿਆ : 'ਓ ਅਹਿਮਦ ਸ਼ਾਹ ਦੇ ਪੋਤਰਿਆ! ਅਹਿ ਵੇਖ, ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਇਥੇ ਖੜਾ ਹੈ। ਬਾਹਰ ਨਿਕਲ, ਅਤੇ ਉਸ ਨਾਲ ਦੋ ਹਥ ਕਰ! ਆ ਅਸੀਂ ਆਪਣੀਆਂ ਤਲਵਾਰਾਂ ਨੂੰ ਅਜ਼ਮਾਈਏ!' ਕਿਲ੍ਹੇ ਅੰਦਰੋਂ ਕੋਈ ਜਵਾਬ ਨਾ ਆਇਆ।

ਹੁਣ ਸ਼ਾਹ ਜ਼ਮਾਨ ਨੇ ਵਖ ਵਖ ਗਲਬਾਤ ਅਤੇ ਪੇਸ਼ਕਸ਼ਾਂ ਕਰ ਕੇ ਸਿੱਖ ਸਰਦਾਰਾਂ ਨੂੰ ਪਾੜਨ ਦੀ ਕੋਸ਼ਿਸ਼ ਕੀਤੀ। ਉਸ ਦਾ ਖ਼ਿਆਲ ਸੀ ਕਿ ਕੁਝ ਸਿਖ ਸਰਦਾਰ ਵੀ ਉਸ ਦੀ ਸਰਦਾਰੀ ਨੂੰ ਮੰਨ ਲੈਣਗੇ, ਜਿਵੇਂ ਕਿ ਕਈ ਗੈਰ-ਸਿੱਖ ਸਰਦਾਰ, ਅਰਥਾਤ, ਰਾਜੇ ਉਸ ਦੀ ਅਧੀਨਗੀ ਮੰਨ ਚੁਕੇ ਸਨ। ਉਸ ਦੇ ਸ਼ਾਹੀ ਰੁਤਬੇ ਤੋਂ ਨਾਬਰ ਰਣਜੀਤ ਸਿੰਘ, ਸਿੱਖ ਸਰਦਾਰਾਂ ਅਰਥਾਤ ਹੁਕਮਰਾਨਾਂ ਵਲੋਂ, ਇਹ ਆਖ਼ਰੀ ਜਵਾਬ ਭਿਜਵਾਉਣ ਵਿਚ ਸਫਲ ਹੋ ਗਿਆ : 'ਅਸੀਂ ਤਲਵਾਰ ਦੇ ਜ਼ੋਰ ਇਹ ਮੁਲਕ ਹਾਸਲ ਕੀਤਾ ਹੈ ਅਤੇ ਅਸੀਂ ਤਲਵਾਰ ਦੇ ਜ਼ੋਰ ਹੀ ਇਸ ਨੂੰ ਰੱਖਾਂਗੇ'। ਸ਼ਾਹ ਜ਼ਮਾਨ ਦਾ ਭਰਾ ਅਫਗਾਨਿਸਤਾਨ ਵਿਚ ਗੜਬੜ ਕਰ ਰਿਹਾ ਸੀ; ਉਸ ਦੇ ਸਿਪਾਹੀ ਵੀ ਲੜਨ ਨੂੰ ਤਿਆਰ ਨਹੀਂ ਸਨ; ਸੋ ਉਸ ਨੇ 1799 ਦੇ ਸ਼ੁਰੂ ਵਿਚ ਬਿਨਾ ਕਿਸੇ ਪ੍ਰਾਪਤੀ ਦੇ, ਵਾਪਸ ਜਾਣ ਦਾ ਮਨ ਬਣਾ ਲਿਆ। ਐਪਰ ਉਸ ਨੇ ਐਲਾਨੀਆ ਕਿਹਾ ਕਿ ਉਹ ਮੁੜ ਵਾਪਸ ਆਏਗਾ। ਉਹ ਆਇਆ ਜ਼ਰੂਰ, ਪਰ ਬਾਰਾਂ ਸਾਲਾਂ ਬਾਅਦ, ਇਕ ਅੰਨ੍ਹੇ ਬੰਦੇ ਦੇ ਤੌਰ, ਰਣਜੀਤ ਸਿੰਘ ਕੋਲ ਪਨਾਹ ਲੈਣ।

ਰਣਜੀਤ ਸਿੰਘ ਦੀ ਲਾਹੌਰ ਦਾ ਮਾਲਕ ਹੋਣ ਦੀ ਇੱਛਾ, 1799 ਦੇ ਹੁਨਾਲ ਵਿਚ ਪੂਰੀ ਹੋ ਗਈ। ਸ਼ਾਹ ਜ਼ਮਾਨ ਦੇ ਹਮਲਿਆਂ ਨੇ ਰਣਜੀਤ ਸਿੰਘ ਨੂੰ ਉਘੇ ਸਿੱਖ ਸਰਦਾਰਾਂ ਵਿਚੋਂ ਸਿਰਮੌਰ ਸਰਦਾਰ ਦੇ ਰੂਪ ਵਿਚ ਸਾਹਮਣੇ ਲਿਆਂਦਾ। ਹਮਲਿਆਂ ਪਿਛੋਂ ਆਪਣੇ ਖਜ਼ਾਨਿਆਂ ਨੂੰ ਭਰਨ ਦੀ ਚਾਹ ਰਖਣ ਵਾਲੇ ਚੇਤ ਸਿੰਘ ਅਤੇ ਮੋਹਰ ਸਿੰਘ ਪਹਿਲਾਂ ਨਾਲੋਂ ਵਧੇਰੇ ਲੋਟੂ ਦਮਨਕਾਰੀ ਸਾਬਤ ਹੋਏ। ਲਾਹੌਰ ਵਾਸੀ ਰਣਜੀਤ ਸਿੰਘ ਦੇ ਸ਼ਾਸਨ ਦੇ ਮੁਕਾਬਲਤਨ ਵਧੇਰੇ ਨਰਮ ਅਤੇ ਦਯਾਵਾਨ ਹੋਣ ਤੋਂ ਚੰਗੀ ਤਰ੍ਹਾਂ ਜਾਣੂ ਸਨ। ਬਹੁਤ ਸਾਰੇ ਮੁਸਲਮਾਨ ਕਾਰਿੰਦੇ ਮਹਾਂ ਸਿੰਘ ਅਧੀਨ ਕੰਮ ਕਰਦੇ ਰਹੇ ਸਨ ਅਤੇ ਉਨ੍ਹਾਂ ਨੂੰ ਯੋਗ ਮਾਨਤਾ ਅਤੇ ਸੇਵਾ-ਫਲ ਮਿਲਦਾ ਰਿਹਾ ਸੀ। ਰਣਜੀਤ ਸਿੰਘ ਇਸ ਵਿਰਸੇ ਦੀ ਕੀਮਤ ਨੂੰ ਜਾਣਦਾ ਪਛਾਣਦਾ ਸੀ। ਉਸ ਦਾ ਆਪਣੀ ਸਾਰੀ ਪ੍ਰਜਾ ਪ੍ਰਤੀ ਵਤੀਰਾ ਖੁਲ੍ਹ-ਦਿਲੀ ਵਾਲਾ, ਉਦਾਰ ਅਤੇ ਮਾਨਵੀ ਅਰਥਾਤ ਦਯਾਲੂ ਭਾਵ ਵਾਲਾ ਸੀ।

ਰਣਜੀਤ ਸਿੰਘ ਨੂੰ ਲਾਹੌਰ ਦੀ ਵਾਗਡੋਰ ਸੰਭਾਲਣ ਲਈ ਬੇਨਤੀ ਕਰਨ ਵਾਲੇ ਲੋਕਾਂ ਵਿਚੋਂ ਮੋਹਰੀ ਮੁਹੰਮਦ ਆਸ਼ਕ ਸੀ, ਜੋ ਲਾਹੌਰ ਦੇ 'ਉਲੇਮਾ' (ਆਲਮਾਂ) ਵਿਚ ਮੰਨਿਆ-ਦੰਨਿਆਂ ਵਿਅਕਤੀ ਸੀ; ਉਸ ਨਾਲ ਬੇਨਤੀ ਕਰਨ ਵਾਲਿਆਂ ਵਿਚ ਮੁਹੰਮਦ ਸਲੀਮ ਅਤੇ ਮਿਹਰ ਮੁਹਕਮੁਦੀਨ ਵੀ ਸ਼ਾਮਲ ਸਨ। ਮੰਗਲ ਸਿੰਘ, ਮੋਹਰ ਸਿੰਘ ਦਾ 'ਨਾਇਬ' ਉਸ ਤੋਂ ਉੱਕਾ ਅਪ੍ਰਸੰਨ ਸੀ, ਨਾਰਾਜ਼ ਸੀ। ਉਹ ਵੀ ਰਣਜੀਤ ਸਿੰਘ ਦੀ ਕਾਮਯਾਬੀ ਲਈ ਕਾਰਜਸ਼ੀਲ, ਸ਼ਹਿਰ ਦੇ ਸਿਰਕੱਢ ਹਿੰਦੂਆਂ-ਮੁਸਲਮਾਨਾਂ ਨਾਲ ਰਲ ਗਿਆ। ਰਣਜੀਤ ਸਿੰਘ ਮਜੀਠੇ ਪਹੁੰਚ ਗਿਆ, ਜਿਥੇ ਸਦਾ ਕੌਰ ਅਤੇ ਫਤਿਹਗੜ੍ਹ ਦੇ ਸਰਦਾਰ ਜੈਮਲ ਸਿੰਘ ਤਰਫੋਂ ਦੀਵਾਨ ਧਨਪਤ ਰਾਏ ਉਸ ਨਾਲ ਆ ਮਿਲੇ। ਇਕ ਵਧੀਆ ਵਿਉਂਤਬਧ ਸੰਗਠਿਤ ਅਤੇ ਸਾਂਝੀ ਕਾਰਵਾਈ ਦੁਆਰਾ ਉਹ ਦਿੱਲੀ ਗੇਟ ਰਸਤੇ ਲਾਹੌਰ ਸ਼ਹਿਰ ਵਿਚ ਦਾਖਲ ਹੋਣ ਵਿਚ ਕਾਮਯਾਬ ਹੋਇਆ, ਜਦਕਿ ਸਦਾ ਕੌਰ ਦੇ ਫੌਜੀ ਦਸਤੇ ਲੋਹਾਰੀ ਗੇਟ ਰਾਹੀਂ ਸ਼ਹਿਰ ਅੰਦਰ ਦਾਖਲ ਹੋਏ। ਅਚਨਚੇਤ ਹੋਏ ਹਮਲੇ ਕਾਰਨ ਮੋਹਰ ਸਿੰਘ ਕੋਈ ਮੁਕਾਬਲਾ ਕਰਨ ਦੀ ਸਥਿਤੀ ਵਿਚ ਨਹੀਂ ਸੀ ਰਿਹਾ। ਉਸ ਨੇ ਭੱਜ ਜਾਣ ਵਿਚ ਹੀ ਬਿਹਤਰੀ ਸਮਝੀ। ਚੇਤ ਸਿੰਘ ਨੇ ਕਿਲ੍ਹੇ ਵਿਚ ਪਨਾਹ ਲਈ। ਪਰ ਉਸ ਨੂੰ ਜਲਦੀ ਹੀ ਆਤਮ-ਸਮਰਪਣ ਲਈ ਮਨਾ ਲਿਆ ਗਿਆ, ਅਤੇ ਉਸਨੂੰ ਕਈ ਪਿੰਡਾਂ ਦੀ 'ਜਾਗੀਰ' ਦੇ ਦਿਤੀ ਗਈ।

ਇਸ ਸਮੇਂ, ਲਾਹੌਰ ਸ਼ਹਿਰ ਦਾ ਤੀਜਾ ਭਾਈਵਾਲ, ਸਾਹਿਬ ਸਿੰਘ ਗੁਜਰਾਤ ਵਿਚ ਸੀ। ਰਣਜੀਤ ਸਿੰਘ ਨੇ ਚੇਤ ਸਿੰਘ ਅਤੇ ਮੋਹਰ ਸਿੰਘ ਦੇ ਇਲਾਕਿਆ ਵਾਂਙ ਲਾਹੌਰ ਖੇਤਰ ਵਿਚਲੇ ਉਸ ਦੇ ਪਿੰਡਾਂ ਤੇ ਵੀ ਕਬਜ਼ਾ ਕਰ ਲਿਆ। ਤਿੰਨ ਦਹਾਕਿਆ ਤੋਂ ਵਧ ਸਮੇਂ ਪਿਛੋਂ ਲਾਹੌਰ ਸ਼ਹਿਰ ਮੁੜ ਇੱਕ ਇਕਾਈ ਬਣਿਆ। ਰਣਜੀਤ ਸਿੰਘ ਅਧੀਨ ਲਾਹੌਰ ਸ਼ਹਿਰ ਦਾ ਇਕ ਹੋਣਾ ਇਸ ਗਲ ਦਾ ਪ੍ਰਤੀਕ ਸੀ ਕਿ ਉਸ ਅਧੀਨ ਭਵਿੱਖ ਵਿਚ ਲਾਹੌਰ ਦਾ ਸੂਬਾ ਵੀ ਇੱਕ ਹੋ ਜਾਏਗਾ। ਰਣਜੀਤ ਸਿੰਘ ਨੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾ ਲਿਆ।

ਰਣਜੀਤ ਸਿੰਘ ਦੇ ਲਾਹੌਰ 'ਤੇ ਕਬਜ਼ੇ ਵਾਲੀ ਗਲ ਸਾਹਿਬ ਸਿੰਘ ਨੂੰ ਚੰਗੀ ਨਾ ਲਗੀ, ਜੋ ਕਿ ਕੁਝ ਇਲਾਕਾ ਖੁਸ ਜਾਣ ਦੇ ਬਾਵਜੂਦ ਸ਼ਕਤੀਸ਼ਾਲੀ ਹੁਕਮਰਾਨ ਸੀ। ਉਸ ਨੇ ਪ੍ਰਸਿਧ ਸਰਦਾਰ ਹਰੀ ਸਿੰਘ ਦੀ ਚੌਥੀ ਪੀੜ੍ਹੀ 'ਤੇ ਵਾਰਸ, ਅੰਮ੍ਰਿਤਸਰ ਦੇ ਗੁਲਾਬ ਸਿੰਘ ਭੰਗੀ ਤੋਂ ਮਦਦ ਮੰਗੀ। ਜੱਸਾ ਸਿੰਘ

ਰਾਮਗੜ੍ਹੀਆ ਵੀ ਇਨ੍ਹਾਂ ਨਾਲ ਰਲ ਗਿਆ। ਕਸੂਰ ਦਾ ਨਿਜ਼ਾਮੁਦੀਨ ਵੀ ਰਣਜੀਤ ਸਿੰਘ ਦੇ ਦੁਸ਼ਮਨਾਂ ਨਾਲ ਰਲਣ ਲਈ ਤਿਆਰ ਸੀ, ਕਿਉਂਜੋ ਉਹ ਸ਼ਾਹ ਜ਼ਮਾਨ ਦੇ ਹਲਿੱਆਂ ਦੇ ਸਮੇਂ ਤੋਂ ਹੀ ਵਡੀਆਂ ਆਸਾਂ ਲਾ ਕੇ ਲਾਹੌਰ ਤੇ ਅੱਖ ਟਿਕਾਈ ਬੈਠਾ ਸੀ। ਲਾਹੌਰ 'ਤੇ ਧਾਵੇ ਲਈ ਉਨ੍ਹਾਂ ਦੀਆਂ ਫੌਜਾਂ ਅੰਮ੍ਰਿਤਸਰ ਲਾਗੇ ਇੱਕਠੀਆਂ ਆ ਜੁੜੀਆਂ ਅਤੇ ਉਹ ਲਾਹੌਰ ਵੱਲ ਵਧਣ ਲਗੇ। ਰਣਜੀਤ ਸਿੰਘ ਉਹਨਾਂ ਨਾਲ ਮੁਕਾਬਲੇ ਲਈ ਆਪਣੀ ਫੋਜ ਸ਼ਹਿਰੋਂ ਬਾਹਰ ਲੈ ਆਇਆ। ਦੋਵੇਂ ਫੌਜਾਂ ਅੰਮ੍ਰਿਤਸਰ ਅਤੇ ਲਾਹੌਰ ਵਿਚਕਾਰ, ਭਸੀਨ ਲਾਗੇ ਪੁਜ ਆਹਮਣੇ ਸਾਹਮਣੇ ਆ ਖੜੀਆਂ ਹੋਈਆਂ ਅਤੇ ਓਥੇ ਉਨ੍ਹਾਂ ਆਪੋ ਆਪਣੇ ਡੇਰੇ ਆ ਜਮਾਏ। ਕੁਝ ਮਹੀਨਿਆਂ ਪਿਛੋਂ ਗੁਲਾਬ ਸਿੰਘ ਮਰ ਗਿਆ ਅਤੇ ਉਸ ਦੇ ਸਾਥੀ ਹੌਲੀ ਹੌਲੀ ਖਿੰਡ-ਪੁੰਡ ਗਏ। ਰਣਜੀਤ ਸਿੰਘ ਨੇ ਉਨ੍ਹਾਂ ਨੂੰ ਆਪੋ ਆਪਣੇ ਇਲਾਕਿਆਂ ਵੰਨੀ ਮੁੜਨ ਦਿਤਾ, ਤਾਂ ਜੋ ਉਹ ਆਪਣੀ ਸਹੂਲਤ ਅਨੁਸਾਰ ਉਨ੍ਹਾਂ ਨਾਲ ਸਿਝ ਸਕੇ।

ਸ਼ੁਰੂ ਤੋਂ ਹੀ ਦਲ ਸਿੰਘ ਦੀ ਰਣਜੀਤ ਸਿੰਘ ਪ੍ਰਤੀ ਵਫਾਦਾਰੀ ਸ਼ੱਕੀ ਸੀ। ਹੁਣ ਉਸ ਨੂੰ ਸਾਹਿਬ ਸਿੰਘ ਨੇ ਗੁਜਰਾਂਵਾਲਾ 'ਤੇ ਹਮਲਾ ਕਰਨ ਦੀ ਗੋਂਦ ਗੁੰਦਣ ਲਈ ਉਕਸਾਇਆ। ਰਣਜੀਤ ਸਿੰਘ ਨੇ ਦਲ ਸਿੰਘ ਨੂੰ, ਉਸ ਦੇ ਲਾਇਕ ਜਰਨੈਲ ਮੁਹਕਮ ਚੰਦ ਸਮੇਤ, ਰਾਮ ਨਗਰ ਬੁਲਾ ਭੇਜਿਆ। ਦਲ ਸਿੰਘ ਦੇ ਸਿਪਾਹੀਆਂ ਦਾ ਚਾਰਜ ਆਪਣੇ ਹੱਥ ਲੈ ਲਿਆ ਗਿਆ; ਉਸ ਨੂੰ ਨਜ਼ਰਬੰਦ ਕਰ ਦਿਤਾ ਗਿਆ ਅਤੇ ਅਕਾਲ ਗੜ੍ਹ ਨੂੰ ਘੇਰਾ ਪਾ ਲਿਆ ਗਿਆ। ਦਲ ਸਿੰਘ ਦੀ ਵਹੁਟੀ ਨੇ ਮੋਰਚਾਬੰਦੀ ਕੀਤੀ। ਵਜ਼ੀਰਾਬਾਦ ਦਾ ਜੋਧ ਸਿੰਘ ਆਪਣੇ ਚਾਚੇ ਦਲ ਸਿੰਘ ਪ੍ਰਤੀ ਹਮਦਰਦੀ ਰਖਦਾ ਸੀ, ਸੋ, ਉਸ ਨੇ ਸਾਹਿਬ ਸਿੰਘ ਤੋਂ ਮਦਦ ਮੰਗੀ। ਸਾਹਿਬ ਸਿੰਘ, ਰਣਜੀਤ ਸਿੰਘ ਵਿਰੁਧ ਲਾਮਬੰਦੀ ਲਈ ਤਿਆਰ ਸੀ। ਉਨ੍ਹਾਂ ਦੀ ਸਾਂਝੀ ਫੌਜ ਦਾ ਟਾਕਰਾ ਕਰਨ ਲਈ ਰਣਜੀਤ ਸਿੰਘ ਨੇ ਘੇਰਾ ਉਠਾ ਲਿਆ ਅਤੇ ਲੜਨ ਲਈ ਤੁਰ ਪਿਆ। ਪਰ ਸਦਾ ਕੌਰ ਅਤੇ ਇਕ ਸਤਿਕਾਰਯੋਗ ਸੋਢੀ, ਕੇਸਰਾ ਸਿੰਘ, ਵਿਚ ਆ ਪਏ। ਰਣਜੀਤ ਸਿੰਘ ਦਲ ਸਿੰਘ ਨੂੰ ਰਿਹਾ ਕਰਨਾ ਮੰਨ ਗਿਆ ਅਤੇ ਲਾਹੌਰ ਪਰਤ ਗਿਆ। ਬਿਰਧ ਦਲ ਸਿੰਘ, ਪਿਛੋਂ ਜਲਦੀ ਹੀ, ਚਲਾਣਾ ਕਰ ਗਿਆ। ਰਣਜੀਤ ਸਿੰਘ ਨੇ ਅਕਾਲ ਗੜ੍ਹ ਆਪਣੇ ਕਬਜ਼ੇ 'ਚ ਲੈ ਲਿਆ ਅਤੇ ਉਸ ਦੀ ਵਿਧਵਾ ਨੂੰ ਗੁਜ਼ਾਰੇ ਲਈ ਕੁਝ ਪਿੰਡ ਦੇ ਦਿੱਤੇ। ਆਪਣੀ ਤਾਕਤ ਵਧਾਉਣ ਅਤੇ ਆਪਣੇ ਪੁਰਾਣੇ ਵਿਰੋਧੀਆਂ ਦਾ ਖ਼ਾਤਮਾ ਕਰਨ ਲਈ, ਰਣਜੀਤ ਸਿੰਘ ਨੇ 1802 ਵਿਚ, ਸਰਦਾਰ ਫਤਿਹ ਸਿੰਘ ਆਹਲੂਵਾਲੀਏ ਨਾਲ ਦੋਸਤੀ ਗੰਢ ਲਈ। ਉਹ ਗੋਇੰਦਵਾਲ ਪਹੁੰਚ ਗਿਆ ਅਤੇ ਫਤਿਹ ਸਿੰਘ ਨੂੰ ਸੁਨੇਹਾ ਭੇਜਿਆ ਕਿ ਉਹ ਉਸ ਨੂੰ ਫਤਿਹਾਬਾਦ ਆ ਕੇ ਮਿਲੇ, ਜੋ ਕਿ ਆਹਲੂਵਾਲੀਏ ਸਰਦਾਰ ਦੇ ਅਧੀਨ ਇਲਾਕੇ ਵਿਚ ਸੀ। ਦੋਵੇਂ ਰਾਜੇ ਫਤਿਹਾਬਾਦ ਵਿਖੇ ਪੱਗ-ਵਟ ਭਰਾ ਬਣ ਗਏ, ਅਤੇ ਏਦਾਂ ਇਕ ਦੂਜੇ ਦੀ ਇੱਜ਼ਤ, ਦੁਖ-ਸੁਖ ਵਿਚ ਭਾਈਵਾਲ ਬਣ ਗਏ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਹੁੰ ਖਾਧੀ ਕਿ ਇਕ ਦੂਜੇ ਦੇ ਦੁਸ਼ਮਣ ਨੂੰ ਸਾਂਝਾ ਦੁਸ਼ਮਣ ਸਮਝਣਗੇ ਅਤੇ ਮੌਕਾ ਪੈਣ 'ਤੇ ਆਪਣੇ ਖ਼ਰਚ 'ਤੇ ਇਕ ਦੂਜੇ ਦੀ ਮਦਦ ਲਈ ਪਹੁੰਚਣਗੇ। ਸਾਂਝੇ ਜਿੱਤੇ ਗਏ ਇਲਾਕਿਆਂ ਵਿਚੋਂ ਫਤਹਿ ਸਿੰਘ ਆਹਲੂਵਾਲੀਏ ਨੂੰ ਵੀ ਹਿੱਸੇ ਵਜੋਂ ਕੁਝ ਇਲਾਕਾ ਦਿਤਾ ਜਾਏਗਾ।

ਇਸ ਸਮਝੌਤੇ ਤੋਂ ਜਲਦੀ ਹੀ ਮਗਰੋਂ ਰਣਜੀਤ ਸਿੰਘ ਨੇ ਫਤਿਹ ਸਿੰਘ ਦੀ ਮਦਦ ਨਾਲ ਸਾਹਿਬ ਸਿੰਘ ਤੋਂ ਝਾਮਕੇ ਖੋਹ ਲਿਆ ਅਤੇ ਉਥੇ ਆਪਣਾ 'ਥਾਣਾ' ਕਾਇਮ ਕਰ ਦਿਤਾ। ਰਣਜੀਤ ਸਿੰਘ ਨੇ ਫਤਿਹ ਸਿੰਘ ਨਾਲ ਮਿਲ ਕੇ 1802 ਵਿਚ ਸੰਸਾਰ ਚੰਦ ਨੂੰ ਲਖਣਪੁਰ ਦੀ ਘੇਰਾਬੰਦੀ

ਹਟਾਉਣ 'ਤੇ ਮਜਬੂਰ ਕਰ ਦਿਤਾ, ਜੋ ਕਿ ਬੁਧ ਸਿੰਘ ਬੱਗਾ ਦੀ ਮਾਲਕੀ ਹੇਠ ਸੀ। ਉਸ ਨੇ ਨੂਰਪੁਰ ਦੇ ਰਾਜੇ ਤੋਂ ਨੌਸ਼ਹਿਰੇ ਦਾ ਕਿਲਾ ਲੈ ਕੇ ਮੁੜ ਸਦਾ ਕੌਰ ਨੂੰ ਸੌਂਪ ਦਿੱਤਾ। ਸਾਹਿਬ ਸਿੰਘ ਦੇ ਭਣਵੱਈਏ, ਜੱਸਾ ਸਿੰਘ ਦੂਲੂ ਦੇ ਚਿਨਿਓਟ ਤੋਂ ਕਢੇ ਜਾਣ ਨਾਲ ਸਾਹਿਬ ਸਿੰਘ ਦੀ ਤਾਕਤ ਹੋਰ ਕਮਜ਼ੋਰ ਹੋ ਗਈ। ਉਸ ਨੂੰ ਗੁਜ਼ਾਰੇ ਲਈ ਕੁਝ ਪਿੰਡ ਦਿਤੇ ਗਏ। ਕਸੂਰ ਦੇ ਨਿਜ਼ਾਮੁਦੀਨ ਖਾਨ ਨੂੰ ਰਣਜੀਤ ਸਿੰਘ ਦੀ ਸਰਦਾਰੀ ਮੰਨਣ ਅਤੇ ਸਾਲਾਨਾ ਖਿਰਾਜ ਅਦਾ ਕਰਨ 'ਤੇ ਮਜਬੂਰ ਹੋਣਾ ਪਿਆ। 1803 ਵਿਚ ਕਿਲ੍ਹੇ ਤੋਂ ਛੁਟ ਮੁਲਤਾਨ ਸ਼ਹਿਰ ਉਪਰ ਕਬਜ਼ਾ ਕਰ ਲਿਆ ਗਿਆ। ਐਪਰ ਝੰਗ ਤੇ ਸਾਹੀਵਾਲ ਦੇ ਸਰਦਾਰਾਂ ਵਾਂਙ ਨਵਾਬ ਮੁਜ਼ੱਫਰ ਖਾਨ ਨੂੰ ਸਾਲਾਨਾ ਖਿਰਾਜ (ਕਾਰ-ਭੇਟ) ਦੇਣ ਦੀ ਗੱਲ ਮੰਨਣੀ ਪਈ। ਰਣਜੀਤ ਸਿੰਘ ਨੇ 1804 ਵਿਚ ਸੁਜਾਨਪੁਰ ਨੂੰ ਘੇਰਾ ਪਾ ਲਿਆ। ਉਸ ਦੇ ਮਾਲਕ, ਬੁਧ ਸਿੰਘ ਬੱਗਾ ਦੀ ਸਦਾ ਕੌਰ ਨਾਲ ਅਣਬਣ ਹੋ ਗਈ ਸੀ। ਉਸ ਨੇ ਸਦਾ ਕੌਰ ਨਾਲ ਝਗੜੇ-ਝਾਂਜੇ, ਅਰਥਾਤ ਵਿਵਾਦ ਖ਼ਤਮ ਕਰਨਾ ਮੰਨ ਲਿਆ ਅਤੇ ਰਣਜੀਤ ਸਿੰਘ ਨੂੰ ਇਕ ਤੋਪ ਭੇਟ ਕੀਤੀ। ਓਦੋਂ ਫਤਿਹ ਸਿੰਘ ਆਹਲੂਵਾਲੀਏ ਨੂੰ ਦੇਣ ਲਈ, ਫਗਵਾੜਾ ਕਾਬੂ ਕਰ ਲਿਆ ਗਿਆ।

ਰਣਜੀਤ ਸਿੰਘ ਨੇ 1805 ਦੇ ਸ਼ੁਰੂ ਵਿਚ, ਆਪਣਾ ਧਿਆਨ ਅੰਮ੍ਰਿਤਸਰ ਵੱਲੀ ਮੋੜਿਆ। ਗੁਲਾਬ ਸਿੰਘ ਭੰਗੀ, 1800 ਵਿਚ ਚੜ੍ਹਾਈ ਕਰ ਗਿਆ ਸੀ, ਉਸ ਪਿਛੋਂ ਉਸ ਦੇ ਇਲਾਕਿਆਂ ਦੇ ਮਾਲਕ ਉਸ ਦਾ ਨਾਬਾਲਗ ਪੁੱਤਰ ਗੁਰਦਿਤ ਸਿੰਘ ਅਤੇ ਮਾਈ ਸੁੱਖਾਂ ਬਣੇ। ਉਨ੍ਹਾਂ ਦੇ 'ਡਿਉਢੀਦਾਰ', ਸ਼ੇਖ ਕਮਾਲੁਦੀਨ ਅਤੇ ਉਨ੍ਹਾਂ ਦੇ 'ਮੁਖ਼ਤਾਰ-ਏ-ਕਾਰ' ਸੰਤੋਖ ਸਿੰਘ ਦੀ ਆਪਸ ਵਿਚ ਨਹੀਂ ਸੀ ਬਣਦੀ ਅਤੇ ਉਹ ਇਕ ਦੂਜੇ ਦੇ ਉਲਟ ਚਲਦੇ ਸਨ। ਮਾਈ ਸੁੱਖਾਂ ਦੀ ਮਾਲੀ ਹਾਲਤ ਨਾਜ਼ਕ ਹੋ ਗਈ ਅਤੇ ਉਸ ਨੇ ਭੰਗੀਆਂ ਦੇ ਕਟੜੇ ਦੇ ਇਕ 'ਸ਼ਾਹੂਕਾਰ', ਅਰੂੜ ਮਲ ਨੂੰ ਨਜ਼ਰਾਨਾ ਅਦਾ ਕਰਨ ਲਈ ਕਿਹਾ। ਅਰੂੜ ਮੱਲ ਅਦਾਇਗੀ ਤੋਂ ਬਚਣ ਲਈ ਘਨੱਈਆਂ ਦੇ ਕਟੜੇ ਜਾ ਵਸਿਆ। ਹੋਰ, ਉਸ ਨੇ ਸ਼ੇਖ ਕਮਾਲੁਦੀਨ ਨਾਲ ਸਾਜ਼ਸ਼ ਰਚ ਰਣਜੀਤ ਸਿੰਘ ਨੂੰ ਸੱਦਾ ਦਿਤਾ ਕਿ ਉਹ ਆ ਕੇ ਗੁਰਦਿਤ ਸਿੰਘ ਅਤੇ ਮਾਈ ਸੁੱਖਾਂ ਦੇ ਇਲਾਕੇ ਅਤੇ ਕਿਲ੍ਹੇ ਉਪਰ ਕਬਜ਼ਾ ਕਰ ਲਏ।

ਰਣਜੀਤ ਸਿੰਘ ਨੇ ਸ਼ਹਿਰ ਦੇ ਬਾਹਰ ਤਈਨਾਤ ਮਾਈ ਸੁੱਖਾਂ ਦੇ ਫੌਜੀ ਦਸਤਿਆਂ ਨੂੰ ਆ ਕਾਬੂ ਕੀਤਾ। ਫੇਰ ਉਹ ਆਹਲੂਵਾਲੀਆ ਗੇਟ ਰਾਹੀਂ ਸ਼ਹਿਰ ਵਿਚ ਦਾਖ਼ਲ ਹੋਇਆ ਅਤੇ ਜਾ ਸ਼ਹਿਰ ਵਿਚਲੇ ਕਿਲ੍ਹੇ ਨੂੰ ਘੇਰਾ ਪਾਇਆ। ਸ਼ੇਖ ਕਮਾਲੁਦੀਨ ਨੇ 'ਡਿਉਢੀ' ਦਾ ਫਾਟਕ ਖੋਲ੍ਹ ਦਿਤਾ। ਜੱਸਾ ਸਿੰਘ ਰਾਮਗੜ੍ਹੀਆ ਦੇ ਜਾਨਸ਼ੀਨ ਜੋਧ ਸਿੰਘ ਨੇ ਮਾਈ ਸੁੱਖਾਂ ਨੂੰ ਕਿਲ੍ਹਾ ਛਡ ਜਾਣ ਲਈ ਰਜ਼ਾਮੰਦ ਕਰ ਲਿਆ। ਉਸ ਆਪਣੇ ਪੁੱਤਰ ਗੁਰਦਿਤ ਸਿੰਘ ਨੂੰ ਲੈ ਕੇ ਸ਼ਹਿਰ ਵਿਚਲੇ ਰਾਮਗੜ੍ਹੀਆਂ ਦੇ ਬੁੰਗੇ ਵਿਚ ਜਾ ਪਨਾਹ ਲਈ। ਰਣਜੀਤ ਸਿੰਘ ਨੇ ਉਨ੍ਹਾਂ ਨੂੰ ਗੁਜ਼ਾਰੇ ਵਾਸਤੇ ਕੁਝ ਪਿੰਡ ਦੇ ਦਿੱਤੇ ਅਤੇ ਕਿਲ੍ਹੇ ਅਤੇ ਜ਼ਮਜ਼ਮਾ ਤੋਪ (ਜੋ ਆਮ ਕਰ ਕੇ 'ਭੰਗੀਆਂ ਦੀ ਤੋਪ' ਨਾਂ ਨਾਲ ਮਸ਼ਹੂਰ ਹੈ) 'ਤੇ ਕਬਜ਼ਾ ਕਰ ਲਿਆ। ਉਸ ਦੇ ਸ਼ਹਿਰ ਵਿਚਲੇ ਭੰਗੀਆਂ ਦੇ ਬੁੰਗੇ ਅਤੇ ਗੁਰਦਿਤ ਸਿੰਘ ਦੇ ਸਮੁੱਚੇ ਇਲਾਕੇ 'ਤੇ ਵੀ ਹੱਕ ਜਮਾ ਲਿਆ।

ਰਣਜੀਤ ਸਿੰਘ ਦੇ ਭੰਗੀ ਰਕੀਬਾਂ (ਵਿਰੋਧੀਆਂ) ਵਿਚੋਂ ਸਿਰਫ਼ ਗੁਜਰਾਤ ਦਾ ਸਾਹਿਬ ਸਿੰਘ ਹੀ ਬਾਕੀ ਰਹਿ ਗਿਆ ਸੀ। ਉਹ ਇਕ ਤਕੜੇ ਇਲਾਕੇ ਅਤੇ ਬਹੁਤ ਸਾਰੇ ਸਹਾਇਕਾਂ ਤੋਂ ਵਾਂਝਿਆ

ਗਿਆ ਸੀ। ਹੁਣ ਓਹ ਚਾਰ ਦਿਨਾਂ ਦਾ ਪਰਾਹੁਣਾ ਸੀ। ਫਤਿਹ ਸਿੰਘ ਆਹਲੂਵਾਲੀਆ, ਸਦਾ ਕੌਰ, ਸਤਘਰਾ ਦੇ ਨਕੱਈ ਸਰਦਾਰ ਅਤੇ ਜੋਧ ਸਿੰਘ ਰਾਮਗੜ੍ਹੀਆ ਵਰਗੇ ਚਾਰ ਪੱਕੇ, ਭਰੋਸੇਯੋਗ, ਹਿਮਾਇਤੀ ਉਘੇ ਹੁਕਮਰਾਨਾਂ ਦੇ ਹੁੰਦਿਆਂ ਰਣਜੀਤ ਸਿੰਘ ਨੂੰ ਬੇਜੋੜ ਪ੍ਰਸਿੱਧੀ ਪ੍ਰਾਪਤ ਹੋ ਗਈ ਸੀ। ਇਨ੍ਹਾਂ ਦਾ ਇਹ ਬਹੁਤ ਬਲਵਾਨ ਜੁੱਟ ਸੀ ਅਤੇ ਇਸ ਦਾ ਮੁਖੀ ਰਣਜੀਤ ਸਿੰਘ ਸੀ, ਅਤੇ ਹਰ ਕਿਸਮ ਦੀ ਪਹਿਲ-ਕਦਮੀ ਅਤੇ ਉੱਦਮ ਉਸ ਦੇ ਹੱਥਾਂ ਵਿਚ ਸੀ। ਉਹ ਹੁਣ ਪੰਜਾਬ ਦੇ ਪੰਜਾਂ ਦੁਆਬਿਆਂ ਦਾ, ਅਸਲ ਅਰਥਾਂ ਵਿਚ ਹੁਕਮਰਾਨ ਸੀ।

4.

# ਇਕ-ਮਾਤਰ ਅਧਿਰਾਜਪਤੀ ਵਜੋਂ ਉਭਰਨਾ

ਅਧਿਰਾਜਕੀ ਦੀ ਸੰਸਥਾ ਸਾਡੇ ਦੇਸ਼ ਵਿਚ ਚਿਰਾਂ ਤੋਂ ਚਲੀ ਆ ਰਹੀ ਹੈ। ਵਧੇਰੇ ਸ਼ਕਤੀਮਾਨ ਹੁਕਮਰਾਨ (ਰਾਜੇ) ਘਟ ਤਾਕਤਵਰ ਰਾਜਿਆਂ ਤੋਂ ਬਿਨਾ ਉਨ੍ਹਾਂ ਦੇ ਇਲਾਕੇ 'ਤੇ ਕਬਜ਼ਾ ਕਰਨ ਦੇ, ਉਨ੍ਹਾਂ ਨੂੰ ਆਪਣੇ ਰਾਜਨੀਤਿਕ ਨਿਯੰਤ੍ਰਣ ਹੇਠ (ਅਧੀਨ) ਰਖਦੇ ਆਏ ਹਨ। ਜੈ ਸਿੰਘ ਘਨੱਈਆ, ਗੁਜੱਰ ਸਿੰਘ ਭੰਗੀ ਅਤੇ ਚੜ੍ਹਤ ਸਿੰਘ ਸੁਕਰਚੱਕੀਆ ਵਰਗੇ ਸਿਖ ਸਰਦਾਰਾਂ (ਹੁਕਮਰਾਨਾਂ) ਨੇ ਕੁਝ ਗੈਰ-ਸਿਖ ਸਰਦਾਰਾਂ ਨੂੰ ਆਪਣੇ ਕਰ-ਦਾਤਾ (ਖਿਰਾਜ-ਗੁਜ਼ਾਰ) ਬਣਾ ਲਿਆ ਸੀ। ਮਹਾਂ ਸਿੰਘ ਨੇ ਕੁਝ ਨਵੇਂ ਸਰਦਾਰ ਆਪਣੀ ਤਾਬੇਦਾਰੀ ਵਿਚ ਕਰ ਲਏ। ਰਣਜੀਤ ਸਿੰਘ ਨੇ ਪਹਿਲਾਂ ਹੋ ਚੁੱਕੇ ਸਮੁੱਚੇ ਸਿਖ ਸਰਦਾਰਾਂ ਨਾਲੋਂ ਕਿਤੇ ਵਧ ਇਸ ਸੰਸਥਾ (ਵਿਵਸਥਾ) ਨੂੰ ਆਪਣੇ ਰਾਜ ਅਤੇ ਰਾਜਸੀ ਪ੍ਰਭਾਵ ਦੇ ਫੈਲਾਉ ਲਈ ਵਡੇ ਪੈਮਾਨੇ ਤੇ ਵਰਤਣ ਦਾ ਫੈਸਲਾ ਕੀਤਾ। ਇਸ ਮਕਸਦ ਲਈ ਉਸ ਨੇ ਸਿੱਖ ਅਤੇ ਗੈਰ-ਸਿੱਖ ਰਾਜਿਆਂ/ਸਰਦਾਰਾਂ ਵਿਚ ਕੋਈ ਫਰਕ ਨਾਂਹ ਰਖਿਆ ਅਤੇ ਨਾ ਹੀ ਕੋਈ ਵਿਤਕਰਾ ਜਾਂ ਭਿੰਨ ਭੇਦ ਵਿਖਾਇਆ। ਬਹੁਤ ਸਾਰੀਆਂ ਹਾਲਤਾਂ ਵਿਚ ਉਸ ਨੇ ਇਸ ਵਿਵਸਥਾ ਨੂੰ ਅਸਥਾਈ ਪ੍ਰਬੰਧ ਦੇ ਤੌਰ ਹੀ ਵਰਤਿਆ; ਜਿਹੜੇ ਰਾਜਿਆਂ ਨੇ ਉਸ ਦੀ ਸਰਦਾਰੀ ਪ੍ਰਵਾਨ ਕੀਤੀ, ਉਨ੍ਹਾਂ 'ਚੋਂ ਕਾਫੀ ਜਣਿਆਂ ਦੇ ਇਲਾਕੇ, ਸਮਾਂ ਪੈਣ 'ਤੇ ਉਸ ਆਪਣੇ ਰਾਜ ਵਿਚ ਰਲਾ ਲਏ। ਅਕਬਰ ਵਾਂਙ ਉਸ ਨੇ ਉਸ ਦੀ ਸਰਦਾਰੀ ਮੰਨਣ ਵਾਲੇ ਰਾਜਿਆਂ ਨੂੰ ਆਪਣੀ ਚਾਕਰੀ, ਅਰਥਾਤ, ਨੌਕਰੀ ਕਰਨ ਲਈ ਉਤਸ਼ਾਹ ਦਿੱਤਾ। ਵਕਤ ਪਾ ਕੇ ਉਸ ਨੇ ਅਜਿਹੀਆਂ ਸ਼ਰਤਾਂ 'ਤੇ ਨਵੇਂ 'ਰਾਜੇ' ਵੀ ਥਾਪੇ, ਜਿਹੜੀਆਂ ਕਿ ਆਮ ਤੌਰ ਤੇ ਅਧੀਨ ਰਜਵਾੜਿਆਂ, ਅਰਥਾਤ, ਸਰਦਾਰਾਂ ਉਤੇ ਲਾਗੂ ਕੀਤੀਆਂ ਜਾਂਦੀਆਂ ਸਨ।

ਰਣਜੀਤ ਸਿੰਘ ਨੇ 1805 ਦੀ ਸਿਆਲ ਰੁੱਤੇ ਆਪਣੀ ਫੌਜ ਨਾਲ ਨਿਚਲੇ ਰਚਨਾ ਦੁਆਬ 'ਤੇ ਚੜ੍ਹਾਈ ਕਰ ਦਿਤੀ ਅਤੇ ਝੰਗ ਦੇ ਸਿਆਲ ਸਰਦਾਰ ਤੋਂ ਖਿਰਾਜ ਦੀ ਮੰਗ ਕੀਤੀ। ਹੁਣ ਇਹ ਇਕ ਲਖ ਵੀਹ ਹਜ਼ਾਰ ਰੁਪਏ ਸਾਲਾਨਾ ਮਿਥਿਆ ਗਿਆ। ਫਤਿਹ ਸਿੰਘ ਆਹਲੂਵਾਲੀਏ ਨੂੰ, ਜੋ ਉਸ ਸਮੇਂ ਉਸ ਦੇ ਨਾਲ ਸੀ, ਦੂਜੇ ਸਰਦਾਰਾਂ ਨਾਲ ਖਿਰਾਜ ਨਿਸ਼ਚਿਤ ਕਰਨ ਵਾਸਤੇ ਗਲਬਾਤ ਕਰਨ ਲਈ ਕਿਹਾ। ਰਣਜੀਤ ਸਿੰਘ ਨੂੰ ਕਾਹਲੀ ਨਾਲ ਅੰਮ੍ਰਿਤਸਰ ਵਲ ਜਾਣਾ ਪਿਆ, ਕਿਉਂਜੋ ਉਸ ਨੇ ਜਸਵੰਤ ਰਾਓ ਹੋਲਕਰ ਦੀ ਪੰਜਾਬ ਵਿਚ ਆਮਦ ਦੀ ਖ਼ਬਰ ਸੁਣੀ ਸੀ। ਹੋਲਕਰ ਦੀ ਅੰਗ੍ਰੇਜ਼ਾਂ ਨਾਲ ਟੱਕਰ ਹੋ ਗਈ ਸੀ ਅਤੇ ਆਰੰਭਕ ਜਿੱਤ ਪਿਛੋਂ ਉਹ ਜਨਰਲ ਲੇਕ ਹਥੋਂ ਹਾਰ ਗਿਆ ਸੀ। ਹੁਣ ਉਹ ਸਿਖ ਰਾਜਿਆਂ ਪਾਸੋਂ ਅਤੇ ਜੇਕਰ ਸੰਭਵ ਹੋਵੇ ਤਾਂ, ਅਫਗਾਨਾਂ ਤੋਂ ਵੀ ਸਹਾਇਤਾ ਲੈਣ ਦੀ ਗਲ ਸੋਚ ਰਿਹਾ ਸੀ। ਓੜਕ, ਉਹ ਅੰਮ੍ਰਿਤਸਰ ਪਹੁੰਚ ਗਿਆ, ਅਤੇ ਜਨਰਲ ਲੇਕ ਨੇ ਬਿਆਸ ਕੰਢੇ ਡੇਰਾ ਲਾ ਲਿਆ।

ਹੋਲਕਰ ਚਾਹੁੰਦਾ ਸੀ ਕਿ ਰਣਜੀਤ ਸਿੰਘ, ਲੇਕ ਵਿਰੁਧ ਉਸ ਦਾ ਸਾਂਝੀਵਾਲ ਬਣੇ ਪਰ ਦੂਜੇ ਬੰਨੇ ਲੇਕ ਚਾਹੁੰਦਾ ਸੀ ਕਿ ਉਹ ਹੋਲਕਰ ਨੂੰ ਪੰਜਾਬੋਂ ਬਾਹਰ ਕਢ ਦੇਵੇ। ਇਕ ਹਦ ਤੀਕਰ ਸਥਿਤੀ

ਨਾਜ਼ਕ ਅਤੇ ਚਿੰਤਾਜਨਕ ਸੀ। ਤੋੜਵੇਂ ਜਵਾਬ ਨਾਲ ਹੋਲਕਰ ਕੋਈ ਮੁਸੀਬਤ ਖੜੀ ਕਰ ਸਕਦਾ ਸੀ। ਲੇਕ ਦੀ ਗਲ ਨਾ ਮੰਨਣ ਦਾ ਮਤਲਬ ਸੀ ਕਿ ਜੰਗ ਪੰਜਾਬ ਵਿਚ ਆ ਵੜ ਸਕਦੀ ਸੀ। ਰਣਜੀਤ ਸਿੰਘ ਦੀ ਕੂਟਨੀਤੀ ਨੇ ਸਥਿਤੀ ਤੇ ਕਾਬੂ ਪਾ ਲਿਆ। ਉਸ ਦੀ ਵਿਚੋਲਗੀ ਨਾਲ ਹੋਲਕਰ ਅਤੇ ਲੇਕ, ਦੋਹਾਂ ਧਿਰਾਂ ਨੂੰ ਮੰਨਜ਼ੂਰ ਸ਼ਰਤਾਂ 'ਤੇ, ਸਮਝੌਤਾ ਕਰਨ ਲਈ ਤਿਆਰ ਹੋ ਗਏ। ਰਣਜੀਤ ਸਿੰਘ ਅਤੇ ਫਤਿਹ ਸਿੰਘ ਆਹਲੂਵਾਲੀਏ ਨੇ, 1806 ਦੇ ਪਹਿਲੇ ਦਿਨ, ਅੰਗ੍ਰੇਜ਼ਾਂ ਨਾਲ ਇਕ ਅਹਿਦਨਾਮੇ (ਸੰਧੀ-ਪਤਰ) ਤੇ ਦਸਖ਼ਤ ਕੀਤੇ, ਜਿਸ ਨੂੰ ਲਾਹੌਰ ਦਾ ਅਹਿਦਨਾਮਾ ਕਿਹਾ ਜਾਂਦਾ ਹੈ। ਉਸ ਅਨੁਸਾਰ ਹੋਲਕਰ ਅਤੇ ਉਸ ਦੀ ਫੌਜ ਨੇ ਤੁਰਤ ਅੰਮ੍ਰਿਤਸਰੋਂ ਤੀਹ ਕੋਹ ਦੂਰ ਜਾਣਾ ਸੀ ਅਤੇ ਭਵਿੱਖ ਵਿਚ ਉਸ ਨਾਲ ਕੋਈ ਸੰਬੰਧ ਨਹੀਂ ਸੀ ਰਖਿਆ ਜਾਣਾ। ਇਸ ਬਦਲੇ, ਅੰਗ੍ਰੇਜ਼ਾਂ ਨੇ ਮੁੜ ਪੰਜਾਬ ਵਿਚ ਦਾਖ਼ਲ ਨਹੀਂ ਸੀ ਹੋਣਾ, ਅਤੇ ਰਣਜੀਤ ਸਿੰਘ ਜਾਂ ਫਤਿਹ ਸਿੰਘ ਆਹਲੂਵਾਲੀਏ ਦੀ ਮਾਲਕੀ ਵਾਲੇ ਕਿਸੇ ਵੀ ਇਲਾਕੇ 'ਚ ਦਖ਼ਲ ਨਹੀਂ ਸੀ ਦੇਣਾ ਤੇ ਨਾ ਹੀ ਉਸ 'ਤੇ ਕਬਜ਼ਾ ਕਰਨਾ ਸੀ। ਇਸ ਤਰ੍ਹਾਂ ਮੁਸੀਬਤ ਲਿਆਉਣ ਵਾਲੇ ਦੋਹਾਂ ਉਪੱਦਰਵੀ ਬਿਨ ਬੁਲਾਏ ਮਹਿਮਾਨਾਂ ਤੋਂ ਉਨ੍ਹਾਂ ਦਾ ਖਹਿੜਾ ਛੁੱਟਾ।

ਰਣਜੀਤ ਸਿੰਘ ਨੇ 1806 ਦੇ ਦਸਹਿਰੇ ਮਗਰੋਂ ਲੁਧਿਆਣੇ ਲਾਗਿਓਂ ਸਤਲੁਜ ਪਾਰ ਕਰ ਕੇ ਸ਼ਹਿਰ ਤੇ ਕਬਜ਼ਾ ਕਰ ਲਿਆ ਅਤੇ ਉਸ ਨੂੰ ਦੁਆਲੇ ਦੇ ਕੁਝ ਪਿੰਡਾਂ ਸਮੇਤ ਆਪਣੇ ਮਾਮੇ, ਜੀਂਦ ਦੇ ਰਾਜਾ ਭਾਗ ਸਿੰਘ ਨੂੰ ਦੇ ਦਿੱਤਾ। ਸਾਹਨੇਵਾਲ ਦੀ ਨਿੱਕੀ ਜਿਹੀ ਰਿਆਸਤ 'ਤੇ ਕਬਜ਼ਾ ਕਰਨ ਪਿਛੋਂ, ਤੀਹ ਹਜ਼ਾਰ ਰੁਪਏ 'ਨਜ਼ਰਾਨਾ' ਜਾਂ ਖ਼ਿਰਾਜ ਲੈ ਕੇ ਪਹਿਲੇ ਮਾਲਕ ਨੂੰ ਹੀ ਵਾਪਸ ਕਰ ਦਿਤੀ। ਇਸ ਸਮੇਂ ਪਟਿਆਲੇ ਅਤੇ ਨਾਭੇ ਦੇ ਰਾਜੇ ਕਿਸੇ ਇਕ ਇਲਾਕੇ ਲਈ ਝਗੜ ਰਹੇ ਸਨ; ਨਾਭੇ ਦਾ ਰਾਜਾ, ਜੋ ਕਿ ਭਾਗ ਸਿੰਘ ਦਾ ਮਿੱਤਰ ਸੀ, ਚਾਹੁੰਦਾ ਸੀ ਕਿ ਰਣਜੀਤ ਸਿੰਘ ਇਸ ਮਾਮਲੇ ਵਿਚ ਦਖ਼ਲ ਦੇਵੇ। ਦੋਹਾਂ ਧਿਰਾਂ ਨੇ ਉਸ ਦੀ ਸ੍ਰੇਸ਼ਟਤਾ, ਅਰਥਾਤ, ਉੱਚਤਾ ਨੂੰ ਮੰਨ ਕੇ ਉਸ ਦਾ ਦਿਤਾ ਫੈਸਲਾ ਮੰਨ ਲਿਆ। ਅਸਲ ਵਿਚ, ਪਟਿਆਲੇ ਦੇ ਰਾਜੇ ਸਾਹਿਬ ਸਿੰਘ ਨੇ ਰਣਜੀਤ ਸਿੰਘ ਨੂੰ 70,000 ਰੁਪਏ 'ਨਜ਼ਰਾਨੇ' ਵਜੋਂ ਦਿਤੇ ਅਤੇ ਉਸ ਤੋਂ 21 ਕਪੜਿਆਂ ਦੀ ਖ਼ਿਲਅਤ, ਅਰਥਾਤ ਸਿਰੋਪਾ ਪ੍ਰਾਪਤ ਕੀਤਾ। ਨਾਭੇ ਦੇ ਰਾਜੇ ਜਸਵੰਤ ਸਿੰਘ ਨੇ ਰਣਜੀਤ ਸਿੰਘ ਨੂੰ ਨਜ਼ਰਾਨਾ ਭੇਟ ਕਰ ਅਤੇ ਖ਼ਿਲਅਤ ਪ੍ਰਾਪਤ ਕਰ, ਉਸ ਦੀ ਅਧਿਰਾਜਕੀ (ਸਰਦਾਰੀ) ਮੰਨ ਲਈ। ਹੋਰਨਾਂ ਕਈ ਸਰਦਾਰਾਂ : ਜੀਂਦ ਦੇ ਭਾਗ ਸਿੰਘ, ਕੈਥਲ ਦੇ ਲਾਲ ਸਿੰਘ, ਲਾਡਵਾ ਦੇ ਗੁਰਦਿਤ ਸਿੰਘ, ਸ਼ਾਹਾਬਾਦ ਦੇ ਕਰਮ ਸਿੰਘ, ਬੂੜੀਆ ਦੇ ਭਗਵਾਨ ਸਿੰਘ, ਕਲਸੀਆ ਦੇ ਜੋਧ ਸਿੰਘ, ਰੋਪੜ ਦੇ ਹਰੀ ਸਿੰਘ, ਮਨੀ ਮਾਜਰਾ ਦੇ ਗੋਪਾਲ ਸਿੰਘ, ਮਨੌਲੀ ਦੇ ਰਣਜੀਤ ਸਿੰਘ ਅਤੇ ਅੰਬਾਲਾ ਦੀ ਰਾਣੀ ਦਯਾ ਕੌਰ ਨੇ ਵੀ ਇੰਞ ਹੀ ਕੀਤਾ। ਏਦਾਂ ਸਤਲੁਜ ਦੇ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਸਰਦਾਰਾਂ ਨੇ ਰਣਜੀਤ ਸਿੰਘ ਨੂੰ ਆਪਣਾ ਅਧਿਰਾਜ ਮੰਨ ਲਿਆ।

1807 ਦੇ ਸ਼ੁਰੂ ਵਿਚ, ਰਣਜੀਤ ਸਿੰਘ ਨੇ ਚਮਿਆਰੀ ਦੇ ਸਰਦਾਰ ਨਾਹਰ ਸਿੰਘ ਦੀ ਮੌਤ ਪਿਛੋਂ ਉਸ ਦੇ ਪੁੱਤਰ ਨੂੰ ਉਸ ਦਾ ਉੱਤਰਾਧਿਕਾਰੀ ਹੋਣ ਦੀ ਸਵੀਕ੍ਰਿਤੀ ਨਾ ਦਿਤੀ। ਬਾਰੀ ਅਤੇ ਰਚਨਾ ਦੁਆਬਾਂ ਵਿਚਲੇ ਉਸ ਦੇ ਸਾਰੇ ਇਲਾਕੇ ਨੂੰ ਜ਼ਬਤ ਕਰ ਲਿਆ ਗਿਆ ਅਤੇ ਗੁਜ਼ਾਰੇ ਲਈ ਉਸ ਨੂੰ ਕੁਝ ਪਿੰਡ ਪ੍ਰਦਾਨ ਕੀਤੇ ਗਏ। ਛੇਤੀ ਹੀ, ਕੁਝ ਸਮੇਂ ਬਾਅਦ ਰਣਜੀਤ ਸਿੰਘ ਨੇ ਕਸੂਰ ਵਿਰੁਧ ਫੌਜਾਂ ਚਾੜ੍ਹੀਆਂ। ਨਿਜ਼ਾਮੁਦੀਨ ਖ਼ਾਨ ਮਰ ਚੁਕਾ ਸੀ ਅਤੇ ਕਸੂਰ ਹੁਣ ਉਸ ਦੇ ਭਰਾ ਕੁਤਬੁਦੀਨ ਖ਼ਾਨ ਦੀ ਨਵਾਬੀ ਅਧੀਨ ਸੀ। ਮੈਦਾਨ 'ਚ ਖੁਲ੍ਹਿਆਂ ਲੜਾਈ ਲੜਨ ਦੇ ਯੋਗ ਨਾ ਹੋਣ ਕਰ ਕੇ ਉਸ ਕਿਲ੍ਹੇ 'ਚ

ਆਪਣੇ ਆਪ ਨੂੰ ਬੰਦ ਕਰ ਲਿਆ, ਪਰ ਕੁਝ ਹਫਤਿਆਂ ਪਿਛੋਂ ਉਸ ਹਥਿਆਰ ਸੁੱਟ ਦਿਤੇ। ਕਸੂਰ ਸ਼ਹਿਰ ਅਤੇ ਬਾਰੀ ਦੁਆਬ ਵਿਚਲੇ ਕੁਤਬੁਦੀਨ ਖਾਨ ਦੇ ਸਾਰੇ ਇਲਾਕੇ 'ਤੇ ਰਣਜੀਤ ਸਿੰਘ ਨੇ ਕਬਜ਼ਾ ਕਰ ਲਿਆ। ਇਹ ਇਕ ਮਹੱਤਵਪੂਰਨ ਘਟਨਾ ਸੀ। ਮੁਗ਼ਲ ਸਮਿਆਂ ਤੋਂ ਕਸੂਰ ਅਫਗਾਨਾਂ ਦਾ ਗੜ੍ਹ ਚਲਿਆ ਆ ਰਿਹਾ ਸੀ। ਮੁਗਲ ਹਕੂਮਤ ਦੇ ਪਤਨ ਦੌਰਾਨ ਕਸੂਰ ਦੇ ਸਰਦਾਰ ਸੁਤੰਤਰ ਹੋ ਗਏ ਅਤੇ ਲਗਭਗ ਅਧੀ ਸਦੀ ਉਨ੍ਹਾਂ ਨੇ ਬਾਰੀ ਦੁਆਬ ਦੇ ਮਧ ਵਿਚ ਆਪਣੀ ਇਹ ਸਥਿਤੀ ਕਾਇਮ ਰਖੀ। ਹੁਣ ਕੁਤਬੁਦੀਨ ਨੂੰ ਸਤਲੁਜ ਦੇ ਦਖਣ ਵੱਲੀ ਛੋਟਾ ਜਿਹਾ ਇਲਾਕਾ ਦੇ ਦਿਤਾ ਗਿਆ ਅਤੇ ਉਸ ਨੂੰ ਸੇਵਾ ਲਈ ਘੋੜ-ਸਵਾਰਾਂ ਦਾ ਇਕ ਦਸਤਾ ਰਖਣ ਦੀ ਆਗਿਆ ਦਿਤੀ ਗਈ। ਫੇਰ ਰਣਜੀਤ ਸਿੰਘ ਦੀ ਫੌਜ ਨਿਚਲੇ ਬਾਰੀ ਦੁਆਬ ਵਿਚ ਮੁਲਤਾਨ ਫਤਿਹ ਕਰਨ ਹਿਤ ਚਲ ਪਈ। ਨਵਾਬ ਮੁਜ਼ੱਫਰ ਖਾਨ ਨੇ ਕਿਲ੍ਹੇ ਵਿਚ ਪਨਾਹ ਲਈ, ਪਰ ਉਸ ਨੂੰ ਘੇਰਾ ਖਤਮ ਕਰਵਾਉਣ ਲਈ ਵੀਹ ਹਜ਼ਾਰ ਰੁਪਏ 'ਨਜ਼ਰਾਨਾ' ਦੇਣਾ ਪਿਆ।

ਸਿਆਲ ਦੇ ਸ਼ੁਰੂ ਹੁੰਦਿਆਂ ਹੀ ਰਣਜੀਤ ਸਿੰਘ ਨਵੇਂ ਇਲਾਕੇ ਜਿੱਤਣ ਅਤੇ ਉਨ੍ਹਾਂ ਸਰਦਾਰਾਂ ਤੋਂ ਖਿਰਾਜ ਵਸੂਲਣ ਲਈ ਹਰੀਕੇ ਦੇ ਪਤਣ ਤੋਂ ਸਤਲੁਜ ਦਰਿਆ ਪਾਰ ਕਰ ਗਿਆ, ਜੋ ਕਿ ਪਹਿਲਾਂ ਹੀ ਉਸ ਦੀ ਅਧੀਨਗੀ ਕਬੂਲ ਕਰ ਚੁੱਕੇ ਸਨ। ਉਸ ਨੇ ਜਗਰਾਉਂ ਅਤੇ ਰਾਏਕੋਟ ਸਮੇਤ, ਰਾਇ ਇਲਿਆਸ ਦੇ ਸਾਰੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਉਸ ਨੇ ਪਟਿਆਲਾ, ਨਾਭਾ, ਜੀਂਦ, ਆਦਿ, ਦੇ ਰਾਜਿਆਂ ਤੋਂ ਖਿਰਾਜ ਵਸੂਲਿਆ। ਉਸ ਨੇ ਨਾਹਨ ਦੇ ਰਾਜੇ ਤੋਂ ਨਰੈਣਗੜ੍ਹ ਫਤਹਿ ਕਰ, ਫਤਹਿ ਸਿੰਘ ਆਹਲੂਵਾਲੀਆ ਨੂੰ ਸੌਂਪ ਦਿਤਾ। ਇਸ ਦੌਰਾਨ ਸਰਦਾਰ ਤਾਰਾ ਸਿੰਘ ਡੱਲੇਵਾਲੀਆ ਮਰ ਗਿਆ, ਜੋ ਰਣਜੀਤ ਸਿੰਘ ਦੀ ਅਧੀਨਗੀ ਮੰਨ, ਉਸ ਮਾਤਹਿਤ ਕੰਮ ਕਰਦਾ ਸੀ। ਰਣਜੀਤ ਸਿੰਘ ਨੇ ਉਸ ਦੇ ਪੁੱਤਰਾਂ ਨੂੰ ਉਸ ਦੀ ਥਾਂ ਲੈਣ ਦੀ ਆਗਿਆ ਨਾ ਦਿਤੀ ਅਤੇ ਡੱਲੇਵਾਲੀਏ ਸਰਦਾਰ ਦੇ ਸਰਾਏ ਦਖਣੀ, ਨਕੋਦਰ ਅਤੇ ਰਾਹੋਂ ਸਮੇਤ, ਸਤਲੁਜ ਦੇ ਦੋਹਾਂ ਕੰਢਿਆਂ ਵਾਲੇ ਇਲਾਕਿਆਂ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਗੁਜ਼ਾਰੇ ਲਈ ਉਸ ਦੇ ਪੁੱਤਰਾਂ ਨੂੰ ਕੁਝ ਪਿੰਡ ਦੇ ਦਿੱਤੇ ਗਏ। ਏਦਾਂ ਹੀ, ਸਰਦਾਰ ਬਘੇਲ ਸਿੰਘ ਦੀ ਵਿਧਵਾ ਨੂੰ ਬਹਿਲੋਲਪੁਰ ਤਿਆਗਣਾ ਪਿਆ। ਸਰਦਾਰ ਧਰਮ ਸਿੰਘ ਦੇ ਪੁੱਤਰ ਨੂੰ ਮੋਰਿੰਡਾ ਤੋਂ ਦਸਤਬਰਦਾਰ ਹੋਣ ਪਿਆ। ਇਨ੍ਹਾਂ ਸਰਦਾਰਾਂ ਦੇ ਸਾਰੇ ਇਲਾਕਿਆਂ ਨੂੰ, ਰਣਜੀਤ ਸਿੰਘ ਦੇ ਰਾਜ ਵਿਚ ਰਲਾਉਣ ਦਾ ਕਾਰਜ ਦੀਵਾਨ ਮੁਹਕਮ ਚੰਦ ਨੂੰ ਸੌਂਪਿਆ ਗਿਆ, ਜੋ ਪਹਿਲਾਂ ਗੁਜਰਾਤ ਦੇ ਦਲ ਸਿੰਘ ਅਤੇ ਸਾਹਿਬ ਸਿੰਘ ਅਧੀਨ ਕੰਮ ਕਰਦਾ ਰਿਹਾ ਸੀ ਅਤੇ ਹੁਣ ਰਣਜੀਤ ਸਿੰਘ ਦੀ ਸੇਵਾ ਵਿਚ ਸੀ।

ਰਣਜੀਤ ਸਿੰਘ, 1808 ਦੇ ਸ਼ੁਰੂ ਵਿਚ, ਹੋਰਨਾਂ ਦੇ ਨਾਲ ਨਾਲ ਫਤਿਹਗੜ੍ਹ ਅਤੇ ਸੁਜਾਨਪੁਰ ਦੇ ਸਰਦਾਰਾਂ ਤੋਂ ਖਿਰਾਜ ਵਸੂਲਣ, ਉਪਰਲੇ ਬਾਰੀ ਦੁਆਬ 'ਚ ਗਿਆ। ਉਪਰਲੇ ਰਚਨਾ ਦੁਆਬ 'ਚ ਦਾਖਲ ਹੋਣ ਤੋਂ ਪਹਿਲਾਂ ਉਸ ਨੇ ਪਠਾਨਕੋਟ ਦੇ ਕਿਲ੍ਹੇ ਉਪਰ ਕਬਜ਼ਾ ਕਰ ਲਿਆ। ਉਸ ਖੇਤਰ ਵਿਚਲਾ ਸਿਆਲਕੋਟ ਦਾ ਕਿਲ੍ਹਾ ਅਤੇ ਕਈ ਸਰਦਾਰਾਂ ਦੇ ਇਲਾਕੇ ਉਸ ਨੇ ਆਪਣੇ ਅਧੀਨ ਲੈ ਆਂਦੇ। ਸ਼ੇਖੂਪੁਰ ਦਾ ਕਿਲ੍ਹਾ ਵੀ ਸਰ ਕਰ ਲਿਆ ਗਿਆ, ਜਿਸ 'ਤੇ ਰਣਜੀਤ ਸਿੰਘ ਨੇ ਪਹਿਲੀ ਵਾਰ ਲਗਭਗ ਪੰਦਰਾਂ ਸਾਲ ਪਹਿਲਾਂ ਹਮਲਾ ਕੀਤਾ ਸੀ। ਇਨ੍ਹਾਂ ਕਿਲ੍ਹਿਆਂ ਨੂੰ ਬੜੇ ਮਜ਼ਬੂਤ, ਅਤੇ ਇਸ ਲਈ ਅਹਿਮ ਮੰਨਿਆ ਜਾਂਦਾ ਸੀ।

1808 ਵਿਚ ਸਰਦੀਆਂ ਦੇ ਸ਼ੁਰੂ ਹੁੰਦੇ ਹੀ ਰਣਜੀਤ ਸਿੰਘ ਨੇ ਤੀਜੀ ਵਾਰ ਸਤਲੁਜ ਪਾਰ ਕੀਤਾ। ਉਸ ਨੇ ਫਰੀਦਕੋਟ ਫਤਹਿ ਕਰ ਕੇ ਸਦਾ ਕੌਰ ਨੂੰ ਦੇ ਦਿੱਤਾ। ਫੇਰ ਉਸਨੇ ਮਾਲੇਰ ਕੋਟਲੇ ਨੂੰ ਜਾ ਘੇਰਾ ਪਾਇਆ, ਅਤੇ ਉਸ ਦਾ ਨਵਾਬ ਖ਼ਿਰਾਜ ਦੇਣਾ ਮੰਨ ਗਿਆ। ਇਸ ਪਿਛੋਂ ਅੰਬਾਲੇ ਦੀ ਰਾਣੀ ਦੇ ਇਲਾਕੇ ਤੇ ਕਬਜ਼ਾ ਕਰ ਲਿਆ, ਉਹ ਇਲਾਕੇ ਨਾਭੇ ਅਤੇ ਕੈਥਲ ਦੇ ਸਰਦਾਰਾਂ (ਰਾਜਿਆਂ) ਦੇ ਹਵਾਲੇ ਕਰ ਦਿਤੇ। ਉਸ ਦੇ ਰਾਜਾ ਸਾਹਿਬ ਸਿੰਘ ਨਾਲ ਪੱਗ ਵਟਾਉਣ, ਪਟਿਆਲੇ ਵਲ ਕੂਚ ਕਰਨ ਤੋਂ ਪਹਿਲਾਂ, ਸ਼ਾਹਾਬਾਦ ਅਤੇ ਥਾਨੇਸਰ ਦੇ ਸਿੱਖ ਸਰਦਾਰਾਂ ਨੇ ਉਸ ਨੂੰ ਖ਼ਿਰਾਜ ਅਦਾ ਕਰ ਦਿਤਾ।

ਇਸ ਵਾਰ ਰਣਜੀਤ ਸਿੰਘ ਪਹਿਲਾਂ ਨਾਲੋਂ ਕਿਤੇ ਵਧ ਪਟਿਆਲੇ ਦੇ ਮਹਾਰਾਜੇ ਅਤੇ ਨਾਭੇ ਤੇ ਜੀਂਦ ਦੇ ਰਾਜਿਆਂ ਪ੍ਰਤੀ ਲਿਹਾਜ਼ਦਾਰੀ ਦੇ ਭਾਵ ਦਰਸਾ ਰਿਹਾ ਸੀ। ਉਸ ਦੀ ਅੰਗ੍ਰੇਜ਼ਾਂ ਨਾਲ ਕਸ਼ਮਕਸ਼ (ਖਹਿਬਾਜ਼ੀ) ਸਿਖਰ ਤੇ ਅਪੜ ਰਹੀ ਸੀ। ਈਸਟ ਇੰਡੀਆ ਕੰਪਨੀ ਨੇ 1803 ਵਿਚ ਦਿੱਲੀ ਅਤੇ ਮੁਗ਼ਲ ਬਾਦਸ਼ਾਹ 'ਤੇ ਪੂਰਾ ਨਿਯੰਤ੍ਰਣ ਕਾਇਮ ਕਰ ਲਿਆ ਸੀ। ਪਰ ਉਸ ਸਮੇਂ ਉਨ੍ਹਾਂ ਦਾ ਝੁਕਾਅ ਜਮਨਾ ਦਰਿਆ ਨੂੰ ਹੀ ਆਪਣੇ ਰਾਜ ਦੀ ਹੱਦ ਸਮਝਣ ਵੱਲੀ ਸੀ। ਉਨ੍ਹਾਂ ਨੇ 1808 ਦੇ ਆਰੰਭ ਤੀਕਰ ਰਣਜੀਤ ਸਿੰਘ ਦੇ ਸਤਲੁਜ ਅਤੇ ਜਮਨਾ ਵਿਚਕਾਰਲੇ ਰਾਜਿਆਂ ਨਾਲ ਸੰਬੰਧਾਂ ਵੱਲੀ ਕੋਈ ਧਿਆਨ ਨਹੀਂ ਸੀ ਦਿਤਾ। ਪਰ ਫੇਰ ਸਥਿਤੀ ਇਕਦਮ ਬਦਲ ਗਈ। ਫਰਾਂਸ ਅਤੇ ਰੂਸ ਵਿਚਾਲੇ ਟਿਲਸਟ ਦੀ ਸੰਧੀ ਪਿਛੋਂ ਨੈਪੋਲੀਅਨ ਦਾ ਅੰਗ੍ਰੇਜ਼ਾਂ ਪ੍ਰਤੀ ਵੈਰਭਾਵ, ਉਨ੍ਹਾਂ ਲਈ ਇਕ ਹਊਆ ਬਣ ਗਿਆ। ਇਸ ਗਲ ਦਾ ਖ਼ਤਰਾ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਰੂਸ ਅਤੇ ਫਰਾਂਸ ਮਿਲ ਕੇ ਕਿਧਰੇ ਅੰਗ੍ਰੇਜ਼ਾਂ ਨੂੰ ਏਸ਼ੀਆ ਵਿਚੋਂ ਕਢ ਹੀ ਨਾ ਦੇਣ। ਸੋ ਹਿੰਦੁਸਤਾਨ ਵਿਚਲੀ ਈਸਟ ਇੰਡੀਆ ਕੰਪਨੀ ਦੀ ਸਰਕਾਰ ਨੂੰ ਕਿਹਾ ਗਿਆ ਕਿ ਉਹ ਈਰਾਨ, ਅਫਗਾਨਿਸਤਾਨ ਅਤੇ ਪੰਜਾਬ ਵਿਚ ਆਪਣੇ ਏਲਚੀ (ਦੂਤ) ਭੇਜ ਕੇ ਪਤਾ ਲਾਏ ਕਿ ਫਰਾਂਸ ਅਤੇ ਰੂਸ ਦੇ ਸੰਭਾਵੀ ਹਮਲੇ ਵਿਰੁਧ ਉਨ੍ਹਾਂ ਮੁਲਕਾਂ ਦੇ ਹੁਕਮਰਾਨਾਂ ਨਾਲ ਸੁਰੱਖਿਆ ਸੰਧੀਆਂ, ਅਰਥਾਤ, ਗਠਬੰਧਨਾਂ ਦੀਆਂ ਕਿੰਨੀਆਂ ਸੰਭਾਵਨਾਵਾਂ ਹਨ। ਪੰਜਾਬ ਨੂੰ ਘਲਿਆ ਗਿਆ ਦੂਤ ਚਾਰਲਸ ਮੈਟਕਾਫ ਸੀ।

ਮੈਟਕਾਫ, ਸਤੰਬਰ 1808 ਵਿਚ, ਰਣਜੀਤ ਸਿੰਘ ਨੂੰ ਕਸੂਰ ਲਾਗੇ ਖੇਮਕਰਨ ਵਿਖੇ ਮਿਲਿਆ ਅਤੇ ਉਸ ਸਾਹਵੇਂ ਇਕ ਸੁਰੱਖਿਆ ਸੰਧੀ ਦਾ ਵਿਚਾਰ ਰਖਿਆ। ਜਦੋਂ ਉਸ ਨੂੰ ਦੋਹਾਂ ਰਾਜਾਂ ਦੀ ਹੱਦ ਬਾਰੇ ਪੁੱਛਿਆ ਗਿਆ ਤਾਂ ਮੈਟਕਾਫ ਨੇ ਸੰਕੇਤ ਦਿਤਾ ਕਿ ਸਤਲੁਜ ਹੀ ਹੱਦ ਹੋਏਗਾ। ਇਸ ਦਾ ਭਾਵ ਸੀ, ਰਣਜੀਤ ਸਿੰਘ ਦੀਆਂ ਸਤਲੁਜ ਪਾਰ ਦੀਆਂ ਜਿੱਤਾਂ ਅਤੇ ਉਥੋਂ ਦੀ ਅਧਿਰਾਜਕਤਾ ਦਾ ਖ਼ਾਤਮਾ। ਉਹ ਸਹਿਜੇ ਹੀ ਦਰਿਆ ਪਾਰ ਕਰ ਗਿਆ ਅਤੇ ਮੈਟਕਾਫ 'ਸਤਲੁਜ-ਜਮਨਾ ਪਾੜ' ਵਿਚ ਉਸ ਦੀਆਂ ਕਾਰਵਾਈਆਂ ਦਾ ਮੂਕ ਸ਼ਾਹਦ ਬਣ ਕੇ ਰਹਿ ਗਿਆ। ਫਰੀਦਕੋਟ ਅਤੇ ਮਾਲੇਰਕੋਟਲਾ ਵਿਖੇ, ਮੈਟਕਾਫ ਨੂੰ ਕਿਹਾ ਗਿਆ ਕਿ ਈਸਟ ਇੰਡੀਆ ਕੰਪਨੀ ਨੂੰ ਇਸ ਖੇਤਰ ਦੇ ਸਰਦਾਰਾਂ 'ਤੇ ਰਣਜੀਤ ਸਿੰਘ ਦੀ ਅਧਿਰਾਜਕਤਾ ਨੂੰ ਮੰਨ ਲੈਣਾ ਚਾਹੀਦਾ ਹੈ। ਮੈਟਕਾਫ ਨੇ ਇਸ ਤੱਥ ਨੂੰ ਮੰਨ ਲਿਆ ਅਤੇ ਗਵਰਨਰ ਜਨਰਲ ਨੂੰ ਇਸ ਦੀ ਰਿਪੋਰਟ ਘਲ ਦਿਤੀ।

ਪਰ, ਜਦੋਂ ਰਣਜੀਤ ਸਿੰਘ ਸਤਲੁਜ ਮੁੜ ਪਾਰ ਕਰ ਕੇ ਵਾਪਸ ਅੰਮ੍ਰਿਤਸਰ ਪਰਤਿਆ, ਤਦ 1808 ਦੇ ਦਸੰਬਰ ਮਹੀਨੇ ਦੇ ਦੂਜੇ ਹਫਤੇ ਮੈਟਕਾਫ ਨੇ ਉਸ ਨੂੰ ਗਵਰਨਰ-ਜਨਰਲ ਦਾ ਇਕ ਪੱਤਰ

ਦਿਤਾ। ਉਕਤ ਪੱਤਰ ਵਿਚ ਲਾਰਡ ਮਿੰਟੋ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਸੀ ਕਿ ਰਣਜੀਤ ਸਿੰਘ 'ਸਤਲੁਜ-ਜਮਨਾ ਪਾੜ' ਵਿਚਲੇ ਸਰਦਾਰਾਂ ਨੂੰ ਆਪਣੇ ਅਧੀਨ ਕਰੀ ਜਾ ਰਿਹਾ ਸੀ, ਜੋ ਪਹਿਲਾਂ ਮਰਹੱਟਿਆਂ ਦੀ ਛਤਰ-ਛਾਇਆ ਹੇਠ ਸਨ ਅਤੇ ਹੁਣ ਅੰਗਰੇਜ਼ਾਂ ਦੀ ਪਨਾਹ ਵਿਚ ਆ ਗਏ ਸਨ। ਲਾਰਡ ਮਿੰਟੋ ਨੇ ਪੱਤਰ ਵਿਚ ਜ਼ੋਰ ਦੇ ਕੇ ਇਹ ਗੱਲ ਕਹੀ ਸੀ ਕਿ ਬਰਤਾਨਵੀ ਸਰਕਾਰ ਇਸ ਗੱਲ ਦੀ ਹਾਮੀ ਨਹੀਂ ਭਰ ਸਕਦੀ ਕਿ ਰਣਜੀਤ ਸਿੰਘ ਇਨ੍ਹਾਂ ਸਰਦਾਰਾਂ ਨੂੰ ਆਪਣੇ ਅਧੀਨ ਕਰੀ ਜਾਵੇ। ਅਤੇ ਇਸ ਲਈ 'ਫਲਸਰੂਪ ਘੋਸ਼ਣਾ ਕੀਤੀ ਜਾਂਦੀ ਹੈ ਕਿ ਇਹ ਸਰਦਾਰ, ਸਥਾਪਤ ਰਿਵਾਜ (ਰੀਤ) ਅਨੁਸਾਰ, ਬਰਤਾਨਵੀ ਸਰਕਾਰ ਦੀ ਪਨਾਹ ਵਿਚ ਹਨ ਅਤੇ ਰਹਿਣਗੇ, ਅਰਥਾਤ ਉਹ ਅੰਗ੍ਰੇਜ਼ ਸਰਕਾਰ ਦੀ ਰਖਵਾਲੀ ਅਧੀਨ ਹਨ ਅਤੇ ਰਹਿਣਗੇ'। ਅਸਲ ਵਿਚ, ਲਾਰਡ ਮਿੰਟੋ ਨੇ ਅਕਤੂਬਰ ਵਿਚ ਪਹਿਲਾਂ ਹੀ ਇਹ ਫੈਸਲਾ ਕਰ ਲਿਆ ਹੋਇਆ ਸੀ, ਅਤੇ ਉਹ ਇਸ ਦੀ ਪ੍ਰੋੜ੍ਹਤਾ ਲਈ ਫੌਜੀ ਸ਼ਕਤੀ ਦੀ ਵਰਤੋਂ ਲਈ ਵੀ ਤਿਆਰ ਸੀ। ਮੈਟਕਾਫ ਨੂੰ ਹਦਾਇਤ ਕੀਤੀ ਗਈ ਕਿ ਉਹ ਓਨੀ ਦੇਰ ਗੱਲਬਾਤ ਨੂੰ ਲਮਕਾਵੇ ਜਿੰਨੀ ਦੇਰ ਕਰਨਲ ਔਕਟਰਲੋਨੀ ਦੀ ਕਮਾਨ ਹੇਠ ਬਰਤਾਨਵੀ ਫੌਜ ਸਤਲੁਜ ਤੀਕਰ ਨਹੀਂ ਪੁਜ ਜਾਂਦੀ।

ਮੈਟਕਾਫ ਅਤੇ ਔਕਟਰਲੋਨੀ ਦੋਵੇਂ, ਹੁਣ ਰਣਜੀਤ ਸਿੰਘ ਨਾਲ ਲੜਾਈ ਦੀ ਸੋਚ ਰਹੇ ਸਨ। ਪਰ, ਸਤਲੁਜ ਵੱਲੀ ਜਾਂਦਿਆਂ ਰਾਹ ਵਿਚ ਔਕਟਰਲੋਨੀ ਨੂੰ, 1809 ਦੀ ਜਨਵਰੀ ਦੇ ਅਖੀਰ 'ਚ ਗਵਰਨਰ ਜਨਰਲ ਦੀਆਂ ਤਾਜ਼ਾ ਹਦਾਇਤਾਂ ਮਿਲੀਆਂ ਕਿ ਰਣਜੀਤ ਸਿੰਘ ਦੇ ਅਮਲਦਾਰੀ ਇਲਾਕਿਆਂ ਦਾ ਖ਼ਾਤਮਾ ਹੁਣ ਬਰਤਾਨਵੀ ਸਰਕਾਰ ਲਈ ਕੋਈ ਬਹੁਤੀ ਮਹੱਤਤਾ ਨਹੀਂ ਰਖਦਾ। ਹੁਣ ਏਸ਼ੀਆ ਉੱਪਰ ਫਰਾਂਸੀਸੀ ਹਮਲੇ ਦਾ ਡਰ ਨਹੀਂ ਰਿਹਾ। ਰਣਜੀਤ ਸਿੰਘ ਨੂੰ ਆਪਣੇ ਹਾਲ 'ਤੇ ਛਡ ਦਿਤਾ ਜਾਏ, ਉਸ ਨਾਲ ਉਲਝਣ ਦੀ ਹੁਣ ਕੋਈ ਲੋੜ ਨਹੀਂ। ਗੰਭੀਰ ਸੰਕਟ ਟਲ ਗਿਆ ਸੀ। ਇਕ ਹੀ ਹਫਤਾ ਪਹਿਲਾਂ ਮੈਟਕਾਫ ਦਾ ਕਹਿਣਾ ਸੀ ਕਿ ਲੜਾਈ ਤੇ ਝਪਟਾਂ ਅਟਲ ਹਨ। ਰਣਜੀਤ ਸਿੰਘ ਨੇ ਵੀ ਔਕਟਰਲੋਨੀ ਦੇ ਸਤਲੁਜ ਦਰਿਆ ਪਾਰ ਕਰਨ ਦੀ ਸੂਰਤ ਵਿਚ ਮਰਨ ਮਾਰਣ ਦੀ ਠਾਣ ਲਈ ਹੋਈ ਸੀ।

ਗੱਲਾਂਬਾਤਾਂ ਚਲਦੀਆਂ ਰਹੀਆਂ। ਰਣਜੀਤ ਸਿੰਘ ਹੁਣ ਅੰਗ੍ਰੇਜ਼ਾਂ ਨਾਲ ਸਥਾਈ ਸੰਧੀ ਕਰਨ ਲਈ ਉਤਸੁਕ ਸੀ। ਉਸ ਨੂੰ ਮੈਟਕਾਫ ਦੀ ਆਮਦ ਪਿਛੋਂ ਸਤਲੁਜ ਪਾਰਲੇ ਸਾਰੇ ਜਿੱਤੇ ਇਲਾਕੇ ਛਡਣ ਲਈ ਕਿਹਾ ਗਿਆ। ਫਰੀਦਕੋਟ ਬਾਰੇ ਕੁਝ ਵਿਵਾਦ ਸੀ, ਪਰ ਲਾਹੌਰ ਦਰਬਾਰ ਦੀ ਫੌਜ ਨੇ ਉਹ ਵੀ ਅਖੀਰ, 1809 ਅਪ੍ਰੈਲ ਦੇ ਪਹਿਲੇ ਹਫਤੇ ਖਾਲੀ ਕਰ ਦਿਤਾ। ਸੋ 25 ਅਪ੍ਰੈਲ ਨੂੰ ਅੰਮ੍ਰਿਤਸਰ ਸੰਧੀ 'ਤੇ ਦਸਤਖਤ ਹੋ ਗਏ। ਇਸ ਸੰਧੀ ਅਨੁਸਾਰ ਰਣਜੀਤ ਸਿੰਘ ਸਤਲੁਜ ਪਾਰ ਦੇ ਉਹ ਸਾਰੇ ਇਲਾਕੇ ਰਖ ਸਕਦਾ ਸੀ, ਜੋ ਕਿ ਮੈਟਕਾਫ ਦੀ ਆਮਦ ਤੋਂ ਪਹਿਲਾਂ ਉਸ ਦੇ ਕਬਜ਼ੇ ਵਿਚ ਸਨ; ਪਰ ਓਥੇ ਉਹ ਓਨੀ ਹੀ ਫੌਜ ਰਖ ਸਕਦਾ ਸੀ, ਜਿੰਨੀ ਕਿ ਸਥਾਨਕ ਅੰਦਰੂਨੀ ਪ੍ਰਸ਼ਾਸਨ ਲਈ ਲੋੜੀਂਦੀ ਸੀ। ਇਸ ਅਨੁਸਾਰ ਰਣਜੀਤ ਸਿੰਘ ਨੂੰ ਸਤਲੁਜ ਦਰਿਆ ਨੂੰ ਸਰਹੱਦ ਮੰਨਣਾ ਸੀ ਅਤੇ ਦਰਿਆ ਪਾਰਲੇ ਸਰਦਾਰਾਂ ਉੱਪਰ ਬਰਤਾਨਵੀ ਸਰਦਾਰੀ (ਅਧਿਰਾਜਕਤਾ) ਦੇ ਤੱਥ ਨੂੰ ਸਵੀਕਾਰ ਕਰਨਾ ਸੀ। ਇਸ ਬਦਲੇ, ਉਸ ਦੇ 'ਰਾਜ' ਨੂੰ ਈਸਟ ਇੰਡੀਆ ਕੰਪਨੀ ਨੇ 'ਅਤਿ ਨਿਵਾਜੀਆਂ ਸ਼ਕਤੀਆਂ, ਅਰਥਾਤ ਰਾਜਾਂ ਦੇ ਦਰਜੇ' ਬਰਾਬਰ ਰੁਤਬਾ ਦਿਤਾ, ਅਤੇ ਰਣਜੀਤ ਸਿੰਘ ਨੂੰ, ਸਤਲੁਜ ਦਰਿਆ ਦੇ ਉਸ ਦੇ

ਪਾਸੇ ਵਾਲੇ ਰਾਜ-ਖੇਤਰ ਵਿਚ, ਉਸ ਦੀ ਇਕੱਲੇ ਦੀ ਪ੍ਰਭੁਤਾ ਨੂੰ ਮਾਣਤਾ ਦਿਤੀ। ਹੁਣ ਉਹ ਅੰਗ੍ਰੇਜ਼ਾਂ ਨਾਲ ਕਿਸੇ ਟਕਰਾਉ ਦੀ ਸੰਭਾਵਨਾ ਬਿਨਾ ਆਪਣੀ ਸਰਦਾਰੀ (ਅਧਿਰਾਜਕਤਾ) ਕਾਇਮ ਕਰਨ ਵਿਚ ਆਜ਼ਾਦ ਸੀ।

1809 ਦੇ ਸਾਲ ਦਾ ਅੰਤ ਕਾਂਗੜੇ ਦੇ ਇਤਿਹਾਸਕ ਕਿਲ੍ਹੇ ਅੰਦਰ ਰਣਜੀਤ ਸਿੰਘ ਦੇ ਦਾਖਲੇ ਅਤੇ ਸਤਲੁਜ-ਰਾਵੀ ਵਿਚਕਾਰਲੇ ਖੇਤਰਾਂ ਦੇ ਬਹੁਤ ਸਾਰੇ ਰਾਜਿਆਂ 'ਤੇ ਉਸ ਦੀ ਅਧਿਰਾਜਗੀ ਦੀ ਸਥਾਪਤੀ ਨਾਲ ਹੋਇਆ। ਉਨ੍ਹੀਵੀਂ ਸਦੀ ਦੇ ਮੁਢਲੇ ਸਾਲਾਂ ਵਿਚ ਗੋਰਖੇ ਨੇਪਾਲ ਅਤੇ ਪੰਜਾਬ ਵਿਚਲੇ ਪਹਾੜੀ ਰਾਜਿਆਂ ਨੂੰ ਆਪਣੇ ਤਾਬਿਆ ਕਰਨ ਦੇ ਮਾਮਲੇ ਵਿਚ ਬਹੁਤ ਸਰਗਰਮ ਰਹੇ। ਬਿਲਾਸਪੁਰ ਦੇ ਸਰਦਾਰ (ਰਾਜੇ) ਨੇ, ਜਿਸ ਦਾ ਰਾਜ ਸਤਲੁਜ ਦੇ ਦੋਹਾਂ ਪਾਸੇ ਫੈਲਿਆ ਹੋਇਆ ਸੀ, 1806 ਵਿਚ ਗੋਰਖਿਆਂ ਨੂੰ ਕਾਂਗੜੇ ਦੇ ਰਾਜੇ ਸੰਸਾਰ ਚੰਦ ਵਿਰੁਧ ਮਦਦ ਲਈ ਸਦਿਆ। ਇਕ ਵਾਰ ਸਤਲੁਜ ਦੇ ਏਸ ਕੰਢੇ ਪੁਜ ਕੇ ਉਹ ਆਪਣੇ ਅਧਿਕਾਰ ਨੂੰ ਪਛੱਮ ਵੱਨੀ ਫੈਲਾਉਣ ਦੇ ਤਾਂਘੀ ਹੋਏ। ਜਦ ਰਣਜੀਤ ਸਿੰਘ ਦੀ ਮੈਟਕਾਫ ਨਾਲ ਗਲਬਾਤ ਚਲ ਰਹੀ ਸੀ, ਉਦੋਂ ਗੋਰਖਾ ਕਮਾਨਦਾਰ (ਫੌਜਦਾਰ) ਅਮਰ ਸਿੰਘ ਥਾਪਾ ਨੇ ਸੰਸਾਰ ਚੰਦ ਦਾ ਕੁਝ ਇਲਾਕਾ ਕਾਬੂ ਕਰ ਲਿਆ ਅਤੇ ਕਾਂਗੜੇ ਦੇ ਕਿਲ੍ਹੇ ਦੀ ਘੇਰਾਬੰਦੀ ਕਰ ਦਿਤੀ। ਸੰਸਾਰ ਚੰਦ ਭਾਵੇਂ ਸਤਲੁਜ-ਰਾਵੀ ਵਿਚਾਲੇ, ਸਭ ਤੋਂ ਸ਼ਕਤੀਸ਼ਾਲੀ ਪਹਾੜੀ ਰਾਜਾ (ਸਰਦਾਰ) ਸੀ ਅਤੇ ਬਹੁਤ ਸਾਰੇ ਸਰਦਾਰ ਉਸ ਦੇ ਮਾਤਹਿਤ ਸਨ, ਪਰ ਉਹ ਗੋਰਖਿਆਂ ਦਾ ਮੁਕਾਬਲਾ ਕਰਨ ਦੇ ਯੋਗ ਨਹੀਂ ਸੀ। ਸੋ ਉਸ ਨੇ ਸਹਾਇਤਾ ਲਈ ਰਣਜੀਤ ਸਿੰਘ ਤੀਕਰ ਪਹੁੰਚ ਕੀਤੀ।

ਗੋਰਖਿਆਂ ਦੇ ਗੰਭੀਰ ਖ਼ਤਰੇ ਨੂੰ ਵੇਖਦੇ ਹੋਏ, ਸੰਸਾਰ ਚੰਦ, ਕਾਂਗੜੇ ਦਾ ਕਿਲ੍ਹਾ ਰਣਜੀਤ ਸਿੰਘ ਦੇ ਹਵਾਲੇ ਕਰਨ ਦੀ ਸ਼ਰਤ ਮੰਨ ਗਿਆ ਅਤੇ ਉਸ ਨੇ ਆਪਣੇ ਪੁੱਤਰ ਅਨੀਰੁਧ ਚੰਦ ਨੂੰ, ਇਕ ਤਰ੍ਹਾਂ ਨਾਲ ਬੰਧਕ ਦੇ ਤੌਰ, ਉਸ ਦੇ ਕੈਂਪ ਵਿਚ ਭੇਜ ਦਿਤਾ। ਸੰਸਾਰ ਚੰਦ ਦਾ ਆਪਣਾ ਵਚਨ ਪੂਰਾ ਕਰਨ ਦਾ ਕੋਈ ਇਰਾਦਾ ਨਹੀਂ ਸੀ, ਉਸ ਨੇ ਕਿਲ੍ਹੇ ਵਿਚ ਇਕ ਲੰਮੇ ਘੇਰੇ ਨਾਲ ਨਿਪਟਣ ਲਈ ਵਾਹਵਾ ਰਸਦ ਪਾਣੀ ਦਾ ਬੰਦੋਬਸਤ ਕਰ ਲਿਆ। ਰਣਜੀਤ ਸਿੰਘ ਨੇ ਅਨੀਰੁਧ ਚੰਦ ਨੂੰ ਕਿਹਾ ਕਿ ਉਹ ਕਿਲ੍ਹੇ ਵਿਚਲੇ ਘਿਰੇ ਬੰਦਿਆਂ ਨੂੰ ਹੁਕਮ ਕਰੇ ਕਿ ਉਹ ਕਿਲ੍ਹੇ ਦਾ ਇਕੋ ਇਕ ਦਰਵਾਜ਼ਾ ਖੋਲ੍ਹ ਦੇਣ, ਤਾਂ ਜੋ ਉਸ ਦੇ ਫੌਜੀ ਅੰਦਰ ਦਾਖ਼ਲ ਹੋ ਸਕਣ। ਮਾਮੂਲੀ ਨਾਂਹ-ਨੁੱਕਰ ਪਿਛੋਂ ਘਿਰੇ ਬੰਦਿਆਂ ਨੇ ਲਾਹੌਰ ਦਰਬਾਰ ਦੀ ਫੌਜ ਨੂੰ ਅੰਦਰ ਵਾੜ ਲਿਆ। ਅੰਦਰ ਦਾਖ਼ਲ ਹੋਣ ਪਿਛੋਂ ਹੀ ਰਣਜੀਤ ਸਿੰਘ ਨੇ ਪਹਿਲਾਂ ਆਪਣੇ ਤੋਪਖ਼ਾਨੇ ਨਾਲ ਅਤੇ ਮਗਰੋਂ ਪਿਆਦਾ ਫੌਜ ਨਾਲ ਅਮਰ ਸਿੰਘ ਥਾਪਾ ਉੱਪਰ ਹਮਲਾ ਕੀਤਾ। ਗੋਰਖਿਆਂ ਦਾ ਭਾਰੀ ਨੁਕਸਾਨ ਹੋਇਆ ਅਤੇ ਅਮਰ ਸਿੰਘ ਨੇ ਨੇਪਾਲ ਵਾਪਸ ਜਾਣ ਦਾ ਫੈਸਲਾ ਕਰ ਲਿਆ। ਰਣਜੀਤ ਸਿੰਘ ਨੇ ਉਨ੍ਹਾਂ ਦੀ ਬਹਾਦਰੀ ਦੀ ਕਦਰਦਾਨੀ ਵਜੋਂ, ਪਹਿਲੀ ਲੜਾਈ ਪਿਛੋਂ ਗੋਰਖਿਆਂ ਨੂੰ ਬਿਨਾ ਕਿਸੇ ਛੇੜ-ਛਾੜ ਅਤੇ ਤੰਗੀ ਦੇ ਵਾਪਸ ਪਰਤਣ ਦਿਤਾ। ਰਣਜੀਤ ਸਿੰਘ ਦੀ ਚੜ੍ਹਤਲ ਵਾਲੀ, ਉਭਰ ਰਹੀ ਸ਼ਕਤੀ ਦੀ ਕਦਰ ਕਰਦੇ ਹੋਏ, ਗੋਰਖੇ ਮੁੜ ਕੇ ਪੰਜਾਬ ਆਏ, ਪਰ ਹਮਲਾ ਕਰਨ ਨਹੀਂ, ਸਗੋਂ ਉਸ ਦੀ ਨੌਕਰੀ ਕਰਨ ਲਈ ਹੀ। ਰਣਜੀਤ ਸਿੰਘ, 24 ਦਸੰਬਰ 1809 ਵਾਲੇ ਦਿਨ ਕਾਂਗੜੇ ਦੇ ਕਿਲ੍ਹੇ ਵਿਚ ਦਾਖ਼ਲ ਹੋਇਆ। ਨੂਰਪੁਰ, ਕੁੱਲੂ, ਦਾਤਾਰਪੁਰ ਅਤੇ ਚੰਬਾ ਦੇ ਰਾਜੇ ਉਸ ਨੂੰ ਸ਼ਰਧਾ, ਮਾਣ, ਭੇਟ ਕਰਨ ਆਏ, ਅਰਥਾਤ, ਉਸ ਦੀ ਵਫ਼ਾਦਾਰੀ ਦਾ ਹਲਫ਼ ਉਠਾਉਣ ਆਏ। ਹੁਣ ਪਹਾੜੀ ਇਲਾਕਿਆਂ ਅਤੇ ਪੰਜਾਬ ਦੇ ਮੈਦਾਨਾਂ ਵਿਚ ਕੇਵਲ ਇਕ ਹੀ ਅਧਿਰਾਜਪਤੀ (ਮਹਾਰਾਜਾ) ਸੀ।

5.

# ਸਾਮਰਾਜ-ਕਾਇਮੀ ਦੇ ਰਾਹ 'ਤੇ

ਅੰਮ੍ਰਿਤਸਰ ਦੀ ਸੰਧੀ ਦੇ ਤਿੰਨਾਂ ਸਾਲਾਂ ਦੇ ਵਿਚ ਵਿਚ, 1812 ਦੇ ਸ਼ੁਰੂ ਵਿਚ, ਮੈਟਕਾਫ ਨੇ, ਜੋ ਹੁਣ ਦਿੱਲੀ ਵਿਚ 'ਰੈਜ਼ੀਡੈਂਟ' ਸੀ, ਰਣਜੀਤ ਸਿੰਘ ਦੇ ਰੁਤਬੇ (ਸਥਾਨ) ਦਾ ਮੁਲਾਂਕਣ ਨਿਮਨ ਲਿਖਤ ਸ਼ਬਦਾਂ ਵਿਚ ਕੀਤਾ: 'ਰਣਜੀਤ ਸਿੰਘ ਦਾ ਰਾਜ, ਉਸਦੇ ਗਵਾਂਢੀ ਉਲਝਨਾਂ-ਭਰਪੂਰ, ਕਮਜ਼ੋਰ ਅਤੇ ਬਦ-ਅਮਨੀ ਦੇ ਮਾਰੇ ਹੋਏ ਪ੍ਰਤਿਦਵੰਦੀ ਰਜਵਾੜਿਆਂ ਦੇ ਮੁਕਾਬਲੇ ਕਿਤੇ ਵਧ ਖੁਸ਼ਹਾਲ ਅਤੇ ਸ਼ਕਤੀਸ਼ਾਲੀ ਹੈ'। ਉਹ ਕਹਿੰਦਾ ਹੈ : 'ਉਹ ਪੰਜਾਬ ਵਿਚ ਨਿਰਸੰਦੇਹ ਸਰਬੋਤਮ ਹੈ। ਜਿਸ ਦਾ ਘਰ ਵਿਚ ਦਬਦਬਾ ਅਤੇ ਬਾਹਰੇ ਵਿਚ ਇੱਜ਼ਤ ਹੈ। ਉਹ ਬਿਨਾ ਕਿਸੇ ਚਿੰਤਾ, ਡਰ ਤੇ ਤੌਖਲੇ ਦੇ ਬੜੀ ਲਿਆਕਤ ਨਾਲ ਆਪਣੀ ਹਕੂਮਤ ਚਲਾਉਂਦਾ ਹੈ'।

ਲਗਭਗ ਦੋ ਸਾਲਾਂ ਵਿਚ ਰਣਜੀਤ ਸਿੰਘ ਨੇ ਸਤਲੁਜ ਅਤੇ ਜਿਹਲਮ ਦੇ ਮੈਦਾਨੀ ਇਲਾਕੇ ਦੇ ਉਪਰਲੇ ਹਿੱਸੇ ਵਿਚ ਆਪਣੇ ਰਾਜ ਨੂੰ ਪੱਕਿਆਂ ਕਰ ਲਿਆ ਅਤੇ ਆਪਣੇ ਰਾਜ ਦੇ ਤਿੰਨ ਪਾਸਿਆਂ ਦੇ ਆਪਣੇ ਗਵਾਂਢੀਆਂ ਨੂੰ ਖਿਰਾਜ ਭਰਨ ਤੇ ਮਜਬੂਰ ਕਰ ਦਿਤਾ। ਜਲੰਧਰ ਦੁਆਬ ਵਿਚ ਉਸ ਨੇ ਜਲੰਧਰ ਅਤੇ ਉਸ ਦੇ ਨਾਲ ਦਾ ਇਲਾਕਾ ਸਰਦਾਰ ਬੁਧ ਸਿੰਘ ਫੈਜ਼ਲਪੁਰੀਏ ਤੋਂ ਖੋਹ ਲਿਆ, ਅਤੇ ਹਾਜੀਪੁਰ ਅਤੇ ਮੁਕੇਰੀਆਂ ਦੇ ਦੁਆਲੇ ਦਾ ਇਲਾਕਾ ਸਰਦਾਰ ਨਿਧਾਨ ਸਿੰਘ ਤੋਂ। ਬਾਰੀ ਦੁਆਬ ਵਿਚ ਉਸ ਪੱਟੀ, ਅਤੇ ਬੁੱਧ ਸਿੰਘ ਦੇ ਸਾਰੇ ਪਿੰਡਾਂ 'ਤੇ, ਕਬਜ਼ਾ ਕਰ ਲਿਆ। ਉਸ ਨੇ ਦੀਪਾਲਪੁਰ, ਕਮਾਲੀਆ ਅਤੇ ਸਤਘਰਾ ਸਮੇਤ ਨਕੱਈਆਂ ਦੇ ਸਾਰੇ ਇਲਾਕੇ ਵੀ ਆਪਣੇ ਅਧੀਨ ਕਰ ਲਏ। ਉਸ ਨੇ ਮੁਲਤਾਨ ਦੇ ਨਵਾਬ ਨੂੰ 1,80,000 ਰੁਪਏ 'ਨਜ਼ਰਾਨੇ' ਵਜੋਂ ਦੇਣ 'ਤੇ ਮਜਬੂਰ ਕਰ ਦਿਤਾ। ਰਚਨਾ ਦੁਆਬ ਵਿਚ ਉਸ ਨੇ ਦਲ ਸਿੰਘ ਗਿਲ ਦੇ ਪੁੱਤਰ ਗੰਡਾ ਸਿੰਘ ਤੋਂ ਵਜ਼ੀਰਾਬਾਦ ਖੋਹ ਲਿਆ। ਡਸਕੇ ਦੇ ਸਰਦਾਰ ਨਿਧਾਨ ਸਿੰਘ ਹੱਟੂ ਦਾ ਇਲਾਕਾ ਅਤੇ ਬਾਘ ਸਿੰਘ ਹੱਲੋਵਾਲੀਏ ਦੇ ਕਸਬੇ ਅਤੇ ਪਿੰਡ ਵੀ ਹਾਸਲ ਕਰ ਲਏ ਗਏ। ਚੱਜ ਦੁਆਬ ਵਿਚ ਗੁਜਰਾਤ ਦੇ ਸਾਹਿਬ ਸਿੰਘ ਕੋਲ ਹਾਲੀ ਬਚਿਆ ਇਲਾਕਾ ਵੀ, ਉਸ ਤੋਂ ਖੋਹ ਲਿਆ ਗਿਆ। ਸਾਹੀਵਾਲ ਦੇ ਬਲੋਚ ਸਰਦਾਰ, ਫਤਿਹ ਖ਼ਾਨ ਦਾ ਸਾਰਾ ਇਲਾਕਾ ਵੀ ਜਿੱਤ ਲਿਆ ਗਿਆ। ਸਤਲੁਜ ਅਤੇ ਜਿਹਲਮ ਵਿਚਕਾਰਲੇ ਮੈਦਾਨਾਂ ਨਾਲ ਲਗਦੇ ਸਾਰੇ ਪਹਾੜੀ ਰਜਵਾੜਿਆਂ ਨੂੰ ਖਿਰਾਜ ਦੇਣ ਤੇ ਮਜਬੂਰ ਕਰ ਦਿਤਾ ਗਿਆ। ਉਨ੍ਹਾਂ ਵਿਚੋਂ ਕੁਝ ਦੇ ਇਲਾਕੇ ਲਾਹੌਰ ਦਰਬਾਰ ਦੇ ਇਲਾਕੇ ਵਿਚ ਰਲਾ ਲਏ ਗਏ।

ਏਦਾਂ, 1812 ਦੇ ਸ਼ੁਰੂ ਵਿਚ ਸਿਰਫ ਫਤਿਹ ਸਿੰਘ ਆਹਲੂਵਾਲੀਆ, ਜੋਧ ਸਿੰਘ ਰਾਮਗੜ੍ਹੀਆ ਅਤੇ ਸਦਾ ਕੌਰ ਹੀ ਮਹੱਤਵਪੂਰਨ ਸਿਖ ਸਰਦਾਰ ਬਾਕੀ ਰਹਿ ਗਏ। ਅਹਿਮ ਪਹਾੜੀ ਸਾਮੰਤ, ਜਿਵੇਂ ਕਿ ਕਾਂਗੜੇ ਦਾ ਕਟੋਚ ਰਾਜਾ ਅਤੇ ਉਸ ਦੇ ਬਾਜਗੁਜ਼ਾਰ, ਜੰਮੂ ਦਾ ਡੋਗਰਾ ਰਾਜਾ ਅਤੇ ਉਸ ਦੇ ਬਾਜਗੁਜ਼ਾਰ, ਅਤੇ ਭਿੰਬਰ ਅਤੇ ਰਾਜੌਰੀ ਦੇ ਰਜਵਾੜੇ, ਉਸ ਦੇ ਬਾਹੂਬਲ ਨੂੰ ਪਛਾਣ ਗਏ ਸਨ। ਨਿਚਲੇ

ਰਚਨਾ ਦੁਆਬ ਵਿਚ ਝੰਗ ਦਾ ਸਰਦਾਰ, ਅਹਿਮਦ ਖਾਨ ਸਿਆਲ ਉਸਨੂੰ ਖਿਰਾਜ ਦਿੰਦਾ ਸੀ। ਐਪਰ, ਇਨ੍ਹਾਂ ਸਭ ਤੋਂ ਮਹੱਤਵਪੂਰਨ ਮੁਲਤਾਨ ਦਾ ਨਵਾਬ ਸੀ, ਜੋ ਕਾਬਲ ਦੇ ਹੁਕਮਰਾਨਾਂ ਪ੍ਰਤੀ ਅਖੌਤੀ ਵਫ਼ਾਦਾਰੀ ਦਾ ਦਮ ਭਰਦਾ ਸੀ। ਸਿੰਧ ਸਾਗਰ ਦੁਆਬ ਵਿਚ ਅਟਕ, ਇਕ ਹੋਰ ਅਫ਼ਗਾਨ ਗੜ੍ਹ ਸੀ। ਪੰਜਾਬੋਂ ਬਾਹਰ ਆਪਣੇ ਬਾਜਗੁਜ਼ਾਰਾਂ ਵਾਲਾ, ਕਸ਼ਮੀਰ ਇਕ ਅਫ਼ਗਾਨ ਸੂਬਾ ਸੀ।

ਅਗਲੇ ਚਾਰ ਸਾਲ, ਰਣਜੀਤ ਸਿੰਘ ਮੁਲਤਾਨ ਅਤੇ ਕਸ਼ਮੀਰ ਦੀ ਫ਼ਤਿਹ ਦਾ ਰਾਹ ਪਧਰਾ ਕਰਦਾ ਹੋਇਆ ਜਿੱਤਾਂ ਅਤੇ ਰਾਜ ਦੇ ਸੰਗਠਨ ਦੇ ਪ੍ਰੋਗਰਾਮ ਵਿਚ ਰੁਝਾ ਰਿਹਾ। ਸਰਦਾਰ ਜੋਧ ਸਿੰਘ ਦੇ 1816 ਵਿਚ ਸਵਰਗਵਾਸ ਹੋ ਜਾਣ 'ਤੇ, ਜਲੰਧਰ ਦੁਆਬ ਵਿਚਲੇ ਉਸ ਦੇ ਸਾਰੇ ਇਲਾਕੇ, ਲਾਹੌਰ ਦਰਬਾਰ ਦੀ ਮਾਲਕੀ ਹੇਠ ਲੈ ਲਏ ਗਏ। ਉਸ ਦੀ ਰਾਜਧਾਨੀ, ਸ੍ਰੀ ਹਰਗੋਬਿੰਦਪੁਰ, ਅਤੇ ਬਾਰੀ ਦੁਆਬ ਵਿਚਲੇ ਬਾਰੀ ਦੇ ਕਸਬੇ ਅਤੇ ਪਿੰਡ ਵੀ ਉਸੇ ਸਮੇਂ ਹੀ ਨਾਲ ਕਬਜ਼ੇ 'ਚ ਲੈ ਲਏ ਗਏ। ਬਾਰੀ ਦੁਆਬ ਵਿਚ ਸੁਜਾਨਪੁਰ ਬੁਧ ਸਿੰਘ ਬੱਗਾ ਤੋਂ, ਉਸ ਦੀ ਮਾਲਕੀ ਵਾਲੇ ਬਾਕੀ ਦੇ ਇਲਾਕੇ ਸਮੇਤ, ਪਹਿਲਾਂ ਹੀ ਲੈ ਲਿਆ ਗਿਆ ਸੀ। ਫ਼ਤਿਹਗੜ੍ਹ ਦੇ ਸਰਦਾਰ ਜੈਮਲ ਸਿੰਘ ਦੀ 1812 ਵਿਚ ਮੌਤ ਹੋਣ 'ਤੇ ਉਸ ਦਾ ਇਲਾਕਾ ਵੀ ਰਾਜ ਵਿਚ ਮਿਲਾ ਲਿਆ ਗਿਆ, ਭਾਵੇਂ ਕਿ ਉਹ ਉਦੋਂ ਕੰਵਰ ਖੜਕ ਸਿੰਘ ਦਾ ਸਹੁਰਾ ਬਣ ਚੁਕਾ ਸੀ। ਰਚਨਾ ਦੁਆਬ ਵਿਚਲੇ ਝੰਗ ਦੇ ਅਹਿਮਦ ਖਾਨ ਸਿਆਲ ਨੂੰ ਵਧੇਰੇ ਖਿਰਾਜ ਦੇਣ ਲਈ ਕਿਹਾ ਗਿਆ ਸੀ, ਜੋ ਉਹ ਦੇਣ ਲਈ ਤਿਆਰ ਨਹੀਂ ਸੀ। ਇਸ ਸਾਰੀ ਵਿਰੋਧਤਾ ਨੂੰ ਨਿਸ਼ੱਲ ਕਰਨ ਲਈ ਤਿੰਨ ਬਟਾਲੀਅਨਾਂ ਫ਼ੌਜ ਘੱਲੀ ਗਈ। ਉਸ ਦਾ ਚਾਰ ਲਖ ਸਾਲਾਨਾ ਆਮਦਨ ਵਾਲਾ ਸਮੁੱਚਾ ਇਲਾਕਾ, 1816 ਵਿਚ, ਕਬਜ਼ੇ 'ਚ ਕਰ ਲਿਆ ਗਿਆ। ਹੁਣ, ਚਜ ਦੁਆਬ ਵਿਚ ਕੋਈ ਇਲਾਕਾ ਜਿੱਤਣ ਲਈ ਬਾਕੀ ਨਹੀਂ ਸੀ ਰਹਿ ਗਿਆ। ਸਿੰਧ ਸਾਗਰ ਦੁਆਬ ਵਿਚ ਅਟਕ ਦਾ ਕਿਲ੍ਹਾ, ਜਹਾਂਦਾਦ ਖਾਨ ਨੇ ਇਕ ਸਿਖ ਫ਼ੌਜਦਾਰ ਦੇ ਹੱਥ ਸੌਂਪ ਦਿਤਾ ਕਿਉਂਜੋ ਉਹ ਕਾਬਲ ਵਿਚਲੇ ਆਪਣੇ ਦੁਸ਼ਮਨਾਂ ਦਾ ਟਾਕਰਾ ਕਰ ਸਕਣ ਦੀ ਸਥਿਤੀ ਵਿਚ ਨਹੀਂ ਸੀ। ਕੁਝ ਮਹੀਨਿਆਂ ਪਿਛੋਂ, ਅਗਸਤ 1813 ਵਿਚ ਦੀਵਾਨ ਮੁਹਕਮ ਚੰਦ ਨੇ ਵੀ ਕਿਲ੍ਹੇ ਤੇ ਮੁੜ ਕਬਜ਼ਾ ਕਰਨ ਦੀ ਅਫ਼ਗਾਨਾਂ ਦੀ ਕੋਸ਼ਿਸ਼ ਅਸਫਲ ਬਣਾ ਦਿਤੀ। ਰਣਜੀਤ ਸਿੰਘ ਦੇ ਰਾਜ ਦੀ ਹੱਦ, ਉਪਰਲੇ ਸਿੰਧ ਸਾਗਰ ਦੁਆਬ ਵਿਚ, ਸਿੰਧ ਦਰਿਆ ਤੀਕਰ ਜਾ ਪੁਜੀ। ਦੁਆਬ ਦੇ ਹੇਠਲੇ ਭਾਗ ਵਿਚ ਮਾਨਕੇਰਾ ਦੇ ਸਰਦਾਰ, ਹਾਫ਼ਿਜ਼ ਅਹਿਮਦ ਖਾਨ ਨੂੰ, 1816 ਵਿਚ, ਭਾਰੀ ਖਿਰਾਜ ਅਦਾ ਕਰਨ ਲਈ ਮਜਬੂਰ ਕਰ ਦਿਤਾ ਗਿਆ।

ਪੰਜਾਬ ਦੇ ਪਹਾੜਾਂ ਵਿਚ ਕੰਵਰ ਖੜਕ ਸਿੰਘ ਨੇ ਜੰਮੂ, ਅਖਨੂਰ ਅਤੇ ਭਿੰਬਰ ਨੂੰ 1812 ਵਿਚ ਜ਼ੇਰ (ਅਧੀਨ) ਕਰ ਲਿਆ। ਭਾਵੇਂ ਭਿੰਬਰ ਨੂੰ ਸਾਲ ਦੇ ਅੰਤ 'ਚ ਮੁੜ ਸਰ ਕਰਨਾ ਪਿਆ, ਜਦੋਂ ਕਿ ਰਾਜੌਰੀ ਵੀ ਅਧੀਨ ਕਰ ਲਈ ਗਈ। ਰਿਆਸੀ, ਸਾਂਬਾ, ਦਲਪਤਪੁਰ ਅਤੇ ਮਾਨਕੋਟ ਦੇ ਛੋਟੇ ਰਜਵਾੜੇ, 1812 ਵਿਚ, ਰਾਜ ਵਿਚ ਮਿਲਾ ਲਏ ਗਏ, ਅਤੇ 1815 ਵਿਚ ਜੰਮੂ ਦਾ ਇਲਾਕਾ ਵੀ ਸਾਂਭ ਲਿਆ ਗਿਆ। ਗੁਲੇਰ ਅਤੇ ਸੀਬਾ ਦੇ ਰਾਜੇ ਭੂਪ ਸਿੰਘ ਨੂੰ, 1813 ਵਿਚ, ਗੱਦੀਓਂ ਲਾਂਭੇ ਕਰ ਦਿਤਾ ਗਿਆ। 1816 ਵਿਚ ਰਾਜਾ ਬੀਰ ਸਿੰਘ ਤੋਂ ਨੂਰਪੁਰ ਅਤੇ ਲੱਖਨਪੁਰ, ਅਤੇ ਰਾਜਾ ਉਮੇਦ ਸਿੰਘ ਤੋਂ ਜਸਵਾਂ, ਲੈ ਲਏ ਗਏ। ਹੁਣ ਬਾਕੀ ਬਚਦੀਆਂ ਲਗਭਗ ਸਾਰੀਆਂ ਪਹਾੜੀ ਰਿਆਸਤਾਂ ਅਤੇ ਰਜਵਾੜੇ, ਜੋ ਪਹਿਲਾਂ ਮੁਗਲ ਸੂਬੇ, ਲਾਹੌਰ ਨਾਲ ਜੁੜੇ ਹੋਏ ਸਨ, ਰਣਜੀਤ ਸਿੰਘ ਨੂੰ ਖਿਰਾਜ ਅਦਾ

ਕਰ ਰਹੇ ਸਨ। ਮੈਦਾਨੀ ਇਲਾਕੇ ਵਿਚ, ਜਦ ਕਿ ਫਤਿਹ ਸਿੰਘ ਆਹਲੂਵਾਲੀਆ ਅਤੇ ਸਦਾ ਕੌਰ ਉਸ ਦੇ ਮਾਤਹਿਤ ਸਨ, ਮੁਲਤਾਨ ਦਾ ਨਵਾਬ ਅਤੇ ਮਾਨਕੇਰਾ ਦਾ ਸਰਦਾਰ, ਉਸ ਦੀਆਂ ਬਾਕਾਇਦਾ ਖਿਰਾਜ ਅਦਾ ਕਰਨ ਵਾਲੀਆਂ ਆਸਾਮੀਆਂ ਸਨ।

1818 ਦੇ ਸ਼ੁਰੂ ਵਿਚ ਮੁਲਤਾਨ ਦੇ ਨਵਾਬ ਮੁਜ਼ੱਫਰ ਖ਼ਾਨ ਵਿਰੁਧ ਕੰਵਰ ਖੜਕ ਸਿੰਘ ਦੀ ਨਾਂਮਾਤਰ ਕਮਾਨ ਹੇਠ 20,000 ਫ਼ੌਜ ਘਲੀ ਗਈ। ਉਸ ਦਾ ਅਸਿਸਟੈਂਟ (ਨਾਇਬ) ਮਿਸਰ ਦੀਵਾਨ ਚੰਦ ਸੀ। ਇਟਾਂ-ਗਾਰੇ ਦੇ ਬਣੇ ਵਾਹਵਾ ਵਡੇ ਕਿਲ੍ਹੇ ਨੂੰ ਤੋੜਨ ਲਈ ਤੋਪਖ਼ਾਨਾ ਲੋੜੀਂਦਾ ਸੀ; ਸੋ ਤੋਪਖ਼ਾਨਾ, ਜਿਸ ਵਿਚ 'ਜ਼ਮਜ਼ਮਾ' ਤੋਪ ਵੀ ਸ਼ਾਮਲ ਸੀ, ਇਲਾਹੀ ਬਖ਼ਸ਼ ਦੀ ਕਮਾਨ ਵਿਚ ਕੰਵਰ ਨਾਲ ਘਲਿਆ ਗਿਆ। ਮੁਲਤਾਨ ਨੂੰ ਫਤਿਹ ਕਰਨ ਲਈ ਕੀਤੀਆਂ ਗਈਆਂ ਮੁਕੰਮਲ ਤਿਆਰੀਆਂ ਬਾਰੇ, ਮੁਲਤਾਨ ਦੇ ਨਵਾਬ ਨੂੰ ਪੂਰਾ ਚਾਨਣ ਸੀ। ਉਸ ਨੇ ਲਾਹੌਰ ਦੀ ਫ਼ੌਜ ਦਾ ਮੁਕਾਬਲਾ ਖੁਲ੍ਹੇ ਮੈਦਾਨ ਵਿਚ ਕਰਨ ਲਈ ਆਪਣੇ ਦਸਤੇ ਘਲੇ, ਪਰ ਪਹਿਲੇ ਦਿਨ ਦੀ ਲੜਾਈ ਵਿਚ ਉਨ੍ਹਾਂ ਦੀ ਫੈਸਲਾਕੁਨ ਹਾਰ ਹੋਈ। ਹੁਣ ਸ਼ਹਿਰ ਦੀ ਘੇਰਾਬੰਦੀ ਕਰ ਲਈ ਗਈ ਅਤੇ ਦੋ ਹਫਤਿਆਂ ਦੇ ਅੰਦਰ ਫਸੀਲ ਵਿਚ ਕਈ ਥਾਈਂ ਪਾੜ ਪਾ ਦਿਤੇ ਗਏ। ਮਜਬੂਰਨ ਰਖਿਅਕਾਂ ਨੂੰ ਕਿਲ੍ਹੇ ਵਿਚ ਸ਼ਰਨ ਲੈਣੀ ਪਈ। ਇਲਾਹੀ ਬਖ਼ਸ਼ ਦੀ ਕਈ ਹਫਤਿਆਂ ਦੀ ਗੋਲਾਬਾਰੀ ਪਿਛੋਂ ਆਖ਼ਰ ਨਵਾਬ ਹਥਿਆਰ ਸੁਟਣ ਲਈ ਰਾਜ਼ੀ ਹੋ ਗਿਆ। ਐਪਰ, ਬਾਅਦ ਵਿਚ, ਉਸ ਨੇ ਪੇਸ਼ ਕੀਤੀਆਂ ਗਈਆਂ ਸ਼ਰਤਾਂ ਮੰਨਣੋਂ ਇਨਕਾਰ ਕਰ ਦਿਤਾ ਅਤੇ ਲੜਾਈ ਮੁੜ ਸ਼ੁਰੂ ਹੋ ਗਈ। ਨਵਾਬ ਮੁਜ਼ੱਫਰ ਖ਼ਾਨ ਅਤੇ ਉਸ ਦੇ ਦੋ ਵਡੇ ਪੁੱਤਰ ਲੜਦੇ ਹੋਏ ਮਾਰੇ ਗਏ; ਅਤੇ ਉਸ ਦੇ ਦੋ ਛੋਟੇ ਪੁੱਤਰ ਜੀਉਂਦੇ ਫੜੇ ਗਏ। ਅਖ਼ੀਰ ਕਿਲ੍ਹਾ 2 ਜੂਨ, 1818 ਨੂੰ ਸਰ ਹੋਇਆ। ਅਫ਼ਗਾਨਾਂ ਦੀ ਲਗਭਗ ਚਾਲੀ ਸਾਲਾਂ ਦੀ ਹਕੂਮਤ ਪਿਛੋਂ, ਮੁਲਤਾਨ ਦਾ ਇਲਾਕਾ, ਲਾਹੌਰ ਸਲਤਨਤ ਦਾ ਇਕ ਅਟੁੱਟ ਅੰਗ ਬਣ ਗਿਆ।

ਇਸ ਤੋਂ ਸਾਲ ਬਾਅਦ ਕਸ਼ਮੀਰ ਵੀ ਜਿਤਿਆ ਗਿਆ। ਰਣਜੀਤ ਸਿੰਘ ਨੇ 1813 ਤੋਂ ਲੈ ਕੇ ਇਸ ਨੂੰ ਫਤਿਹ ਕਰਨ ਲਈ ਕਈ ਜਤਨ ਕੀਤੇ ਸਨ। 1814 ਵਿਚ ਉਸ ਦੀ ਦੂਜੀ ਕੋਸ਼ਿਸ਼ ਵੀ ਅਸਫਲ ਰਹੀ ਸੀ। ਇਸ ਦੇ ਸਿੱਟੇ ਵਜੋਂ 1815 ਵਿਚ ਭਿੰਬਰ ਅਤੇ ਰਾਜੌਰੀ ਦੇ ਰਾਜਿਆਂ ਨੇ ਬਗ਼ਾਵਤ ਕਰ ਦਿਤੀ, ਅਤੇ ਉਨ੍ਹਾਂ ਨੂੰ ਮੁੜ ਨਵੇਂ ਸਿਰਿਓਂ ਕਾਬੂ ਕਰਨਾ ਪਿਆ। ਕਸ਼ਮੀਰ ਨੂੰ ਜਿੱਤਣ ਲਈ ਉਨ੍ਹਾਂ ਨੂੰ ਸਰ ਕਰਨਾ ਜ਼ਰੂਰੀ ਸੀ। ਰਣਜੀਤ ਸਿੰਘ ਇਹ ਗਲ ਵੀ ਯਕੀਨੀ ਬਣਾਉਣੀ ਚਾਹੁੰਦਾ ਸੀ ਕਿ ਕਸ਼ਮੀਰ ਦੇ ਸੂਬੇਦਾਰ ਨੂੰ ਕਾਬਲ ਵਿਚਲੇ ਉਸ ਦੇ ਮਾਲਕਾਂ ਤੋਂ ਕੋਈ ਮਦਦ (ਕੁਮਕ) ਨਾ ਪਹੁੰਚੇ। ਸੋ ਕਸ਼ਮੀਰ ਨੂੰ ਅਫ਼ਗਾਨਸਤਾਨ ਤੋਂ ਕਟਣਾ ਜ਼ਰੂਰੀ ਸੀ।

ਅਫ਼ਗਾਨਸਤਾਨ ਦੇ ਤਾਕਤਵਾਰ ਵਜ਼ੀਰ ਫਤਿਹ ਖ਼ਾਨ ਦੀ ਮੌਤ ਪਿਛੋਂ ਮੁਲਕ ਦੀ ਰਾਜਨੀਤਕ ਸਥਿਤੀ ਡਾਵਾਂਡੋਲ (ਅਸਥਿਰ) ਸੀ। ਅਕਤੂਬਰ 1818 ਵਿਚ ਰਣਜਤਿ ਸਿੰਘ ਨੇ ਲਾਹੌਰ ਤੋਂ ਕੂਚ ਕੀਤਾ; ਉਸ ਦੇ ਫੌਜਦਾਰ (ਜਰਨੈਲ) ਹਰੀ ਸਿੰਘ ਨਲਵਾ ਅਤੇ ਅਕਾਲੀ ਫੂਲਾ ਸਿੰਘ ਵੀ ਉਸ ਦੇ ਨਾਲ ਸਨ। ਰਾਵਲਪਿੰਡੀ ਰਾਹੀਂ ਜਾਂਦਿਆਂ, ਸਿੰਧ ਦਰਿਆ ਪਾਰ ਕਰਨ ਤੋਂ ਪਹਿਲਾਂ ਉਨ੍ਹਾਂ ਹਜ਼ਾਰੇ ਦਾ ਇਲਾਕਾ ਆਪਣੇ ਜ਼ੇਰ ਕਰ ਲਿਆ। ਪੇਸ਼ਾਵਰ ਦੇ ਅਫ਼ਗਾਨ ਸੂਬੇਦਾਰ ਨੇ ਕੋਈ ਮੁਜ਼ਾਹਮਤ ਨਾ ਕੀਤੀ ਅਤੇ ਸ਼ਹਿਰ ਖ਼ਾਲੀ ਕਰ ਗਿਆ, ਅਤੇ ਪਿੱਛੇ ਦਰਜਨ ਤੋਂ ਵਧ ਤੋਪਾਂ ਵੀ ਛਡ ਗਿਆ। ਰਣਜੀਤ ਸਿੰਘ,

19 ਨਵੰਬਰ ਨੂੰ ਪੇਸ਼ਾਵਰ ਅੰਦਰ ਦਾਖਲ ਹੋਇਆ ਅਤੇ ਉਥੇ ਸਿਰਫ ਕੁਝ ਦਿਨ ਹੀ ਟਿਕਿਆ। ਜਹਾਂ ਦਾਦ ਖਾਨ ਨੂੰ, ਜਿਸ 1813 ਵਿਚ ਅਟਕ ਦਾ ਕਿਲ੍ਹਾ ਲਾਹੌਰ ਦੀਆਂ ਫੌਜਾਂ ਦੇ ਹਵਾਲੇ ਕਤਿਾ ਸੀ; ਪੇਸ਼ਾਵਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਉਸ ਨੂੰ ਦੋਸਤ ਮੁਹੰਮਦ ਨੇ ਕਢ ਬਾਹਰ ਕਤਿਾ, ਅਤੇ ਉਸ ਨੇ ਰਣਜੀਤ ਸਿੰਘ ਦਾ ਪੇਸ਼ਾਵਰ 'ਤੇ ਦਾਹਵਾ ਮੰਨ ਲਿਆ ਅਤੇ ਇਕ ਲਖ ਰੁਪਏ ਸਾਲਾਨਾ ਖਿਰਾਜ ਅਦਾ ਕਰਨ ਦੀ ਪੇਸ਼ਕਸ਼ ਕੀਤੀ। ਉਸ ਦੀ ਪੇਸ਼ਕਸ਼ ਸਵੀਕਾਰ ਕਰ ਲਈ ਗਈ।

ਹੁਣ ਰਣਜੀਤ ਸਿੰਘ ਕਸ਼ਮੀਰ ਤੇ ਕਬਜ਼ਾ ਕਰਨ ਲਈ ਤਿਆਰ ਸੀ। ਕਸ਼ਮੀਰ ਦਾ ਸੂਬੇਦਾਰ ਆਜ਼ਮ ਖਾਨ, ਫਤਿਹ ਖਾਨ ਦਾ ਭਰਾ ਸੀ ਅਤੇ ਉਹ ਫਤਿਹ ਖਾਨ ਦੇ ਕਾਤਲਾਂ ਤੋਂ ਬਦਲਾ ਲੈਣਾ ਚਾਹੁੰਦਾ ਸੀ। ਉਹ ਕਸ਼ਮੀਰ, ਆਪਣੇ ਛੋਟੇ ਭਰਾ ਜੱਬਾਰ ਖਾਨ ਨੂੰ ਸੌਂਪ ਕੇ, ਅਫਗਾਨਸਤਾਨ ਚਲਾ ਗਿਆ ਸੀ। ਅਪ੍ਰੈਲ 1819 ਵਿਚ ਰਣਜੀਤ ਸਿੰਘ ਨੇ ਆਪਣੀਆਂ ਫੌਜਾਂ ਨੂੰ ਹਰਕਤ ਵਿਚ ਲਿਆਂਦਾ, ਅਰਥਾਤ ਉਨ੍ਹਾਂ ਦੀ ਲਾਮਬੰਦੀ ਕੀਤੀ, ਅਤੇ ਵਜ਼ੀਰਾਬਾਦ ਵਿਖੇ ਜਾ ਆਪਣੀ ਛਾਉਣੀ ਕਾਇਮ ਕੀਤੀ। ਕਸ਼ਮੀਰ ਵਿਰੁਧ ਦੋ ਫੌਜੀ ਪੜਤਲਾਂ ਘਲੀਆਂ ਗਈਆਂ. ਇਕ ਕੰਵਰ ਖੜਕ ਸਿੰਘ ਦੀ ਕਮਾਨ ਹੇਠ ਅਤੇ ਦੂਜੀ ਮਿਸਰ ਦੀਵਾਨ ਚੰਦ ਅਧੀਨ। ਉਨ੍ਹਾਂ ਰਾਜੌਰੀ ਤੀਕਰ ਇੱਕਠਿਆਂ ਪੰਧ ਮੁਕਾਇਆ! ਉਥੋਂ ਕੰਵਰ ਖੜਕ ਸਿੰਘ ਨੇ ਪੁਣਛ ਤਰਫੋਂ ਸ਼ੋਪੀਆਂ ਵਲ ਨੂੰ ਚੜ੍ਹਾਈ ਕੀਤੀ, ਜਦ ਕਿ ਦੀਵਾਨ ਚੰਦ, ਪੀਰ ਪੰਜਾਲ ਪਹਾੜੀ ਪਾਰ ਕਰ ਕੇ ਅਗਾਂਹ ਧਾਇਆ। ਦੋਵੇਂ ਪੜਤਲਾਂ (ਫੌਜੀ ਟੁਕੜੀਆਂ) ਜੂਨ ਦੇ ਅੰਤ ਵਿਚ ਸ਼ੋਪੀਆਂ ਦੇ ਮੈਦਾਨ ਵਿਚ ਜਾ ਅਪੜੀਆਂ। ਉਥੇ ਜੱਬਾਰ ਖਾਨ, ਆਪਣੀ 12,000 ਫੌਜ ਨਾਲ ਉਨ੍ਹਾਂ ਦੀ ਉਡੀਕ ਕਰ ਰਿਹਾ ਸੀ। ਤਿੰਨ ਜੁਲਾਈ ਨੂੰ ਕੰਵਰ ਅਤੇ ਮਿਸਰ ਨੇ ਜਬੱਾਰ ਖਾਨ ਦੇ ਟਿਕਾਣੇ 'ਤੇ ਗੋਲਾਬਾਰੀ ਕੀਤੀ। ਉਸ ਨੇ ਆਪਣੇ ਘੋੜ-ਸਵਾਰਾਂ ਨੂੰ ਹੱਲੇ ਦਾ ਹੁਕਮ ਦਿਤਾ। ਇਸ ਦਾ ਜਵਾਬ ਅਕਾਲੀ ਸਾਧੂ ਸਿੰਘ ਨੇ ਆਪਣੇ ਨਿਹੰਗਾਂ ਦੇ ਪ੍ਰਚੰਡ ਧਾਵੇ ਰਾਹੀਂ ਦਿਤਾ। ਜਬੱਾਰ ਖਾਨ ਹਾਰ ਗਿਆ। ਉਹ ਆਪਣੀ ਜਾਨ ਬਚਾ ਕੇ ਨੱਠ ਗਿਆ। ਅਗਲੇ ਦਿਨ ਕੰਵਰ ਖੜਕ ਸਿੰਘ ਅਤੇ ਮਿਸਰ ਦੀਵਾਨ ਚੰਦ ਨੇ ਸ੍ਰੀ ਨਗਰ 'ਚ ਪ੍ਰਵੇਸ਼ ਕੀਤਾ।

ਰਣਜੀਤ ਸਿੰਘ ਨੇ ਫਕੀਰ ਅਜ਼ੀਜ਼ੁਦੀਨ ਨੂੰ ਜਿੱਤੇ ਗਏ ਸੂਬੇ ਬਾਰੇ ਇਕ ਵਿਸਤ੍ਰਿਤ ਰਿਪੋਰਟ ਤਿਆਰ ਕਰਨ ਲਈ ਭੇਜਿਆ ਅਤੇ ਸਵਰਗਵਾਸੀ ਦੀਵਾਨ ਮੁਹਕਮ ਚੰਦ ਦੇ ਪੁੱਤਰ ਮੋਤੀ ਰਾਮ ਨੂੰ ਉਥੋਂ ਦਾ ਸੂਬੇਦਾਰ ਥਾਪਿਆ। ਕਸ਼ਮੀਰ ਨਾਲ ਸੰਬੰਧਤ ਕਈ ਅਮਲਦਾਰੀਆਂ (ਨਿੱਕੀਆਂ ਮੋਟੀਆਂ ਰਿਆਸਤਾਂ) ਦੇ ਸਰਦਾਰ ਆਪੇ ਹੀ ਰਣਜੀਤ ਸਿੰਘ ਦੀ ਅਧਿਰਾਜਗੀ ਮੰਨ ਗਏ; ਬਾਕੀਆਂ ਤੋਂ ਕਸ਼ਮੀਰ ਦੇ ਸੂਬੇਦਾਰ ਨੇ ਈਨ ਮੰਨਵਾ ਲਈ। ਏਦਾਂ ਹੁਣ ਰਣਜੀਤ ਸਿੰਘ ਮੁਗਲ ਸਮੇਂ ਦੇ ਤਿੰਨ ਸੂਬਿਆਂ ਦਾ ਮਾਲਕ ਹੋਇਆ ਅਤੇ ਕੋੜੀ (ਵੀਹ) ਤੋਂ ਉਪਰ ਸਰਦਾਰਾਂ ਨੇ ਉਸ ਦੀ ਸਰਦਾਰੀ ਕਬੂਲੀ। ਲਾਹੌਰ ਦਰਬਾਰ ਇਕ ਛੋਟਾ ਸਾਮਰਾਜ ਬਣ ਗਿਆ ਜੋ ਸਤਲੁਜ-ਸਿੰਧ ਵਿਚਕਾਰਲੇ ਪਰਬਤਾਂ, ਮੈਦਾਨਾਂ ਅਤੇ ਪਹਾੜੀਆਂ 'ਚ ਫੈਲਿਆ ਹੋਇਆ ਸੀ ਅਤੇ ਉਸ ਦੀ ਸਰਹੱਦ ਤਿਬੱਤ ਅਤੇ ਚੀਨ ਨਾਲ ਜਾ ਲਗਦੀ ਸੀ।

ਇਹ ਪ੍ਰਾਪਤੀ ਸ਼ਕਤੀਸ਼ਾਲੀ ਫੌਜ ਤੋਂ ਬਿਨਾ ਸੰਭਵ ਨਹੀਂ ਸੀ। ਇਕ ਅੰਗ੍ਰੇਜ਼ ਵਪਾਰੀ ਵਿਲਿਅਮ ਮੂਰਕਰੋਫਟ, 10 ਮਈ, 1820 ਨੂੰ ਰਣਜੀਤ ਸਿੰਘ ਨਾਲ, ਈਸਟ ਇੰਡੀਆ ਕੰਪਨੀ ਦੀ

ਪੈਦਲ ਫ਼ੌਜ ਦੇ ਨਮੂਨੇ 'ਤੇ ਕਾਇਮ ਕੀਤੀਆਂ ਗਈਆਂ, ਦੋ ਰੈਜਮੈਂਟਾਂ ਦੀ ਪਰੇਡ (ਕਵਾਇਦ) ਵੇਖਣ ਸਮੇਂ ਹਾਜ਼ਰ ਸੀ। ਉਸ ਦਾ ਕਹਿਣਾ ਹੈ, ਕਿ 'ਉਨ੍ਹਾਂ ਵਿਚ ਸਿਖ, ਹਿੰਦੁਸਤਾਨੀ ਅਤੇ ਗੋਰਖੇ ਸਨ। ਪਹਿਲੇ ਆਮ ਕਰ ਲੰਮੇ-ਝੰਮੇ ਅਤੇ ਦਰਸ਼ਨੀ, ਅਰਥਾਤ, ਸੁਨੱਖੇ ਸਨ; ਜਦ ਕਿ ਦੂਜੇ ਸਾਧਾਰਣ ਦੱਖ ਦੇ ਮਾਲਕ ਸਨ; ਅਤੇ ਆਖ਼ਰੀ ਮਧਰੇ ਪਰ ਗਠੇ ਸਰੀਰ ਵਾਲੇ ਸਨ।' ਰਣਜੀਤ ਸਿੰਘ ਦੀ 'ਆਪਣੀਆਂ ਰੈਗੂਲਰ ਬਟਾਲੀਅਨਾਂ (ਸਥਾਈ ਪਲਟਨਾਂ) ਵਿਚ ਬੜੀ ਦਿਲਚਸਪੀ ਸੀ, ਪਰ ਉਸ ਦੇ ਅਫ਼ਸਰਾਂ ਨੂੰ ਉਹ ਨਹੀਂ ਸਨ ਭਾਉਂਦੀਆਂ'। ਭਾਵੇਂ ਘੋੜ-ਸਵਾਰ ਫੌਜ ਹਾਲੀ ਵੀ ਸੈਨਾ ਦਾ ਸਭ ਤੋਂ ਵਧ ਮਹੱਤਵਪੂਰਨ ਅੰਗ ਸੀ, ਪਰ ਉਸ ਦੀਆਂ ਜਿੱਤਾਂ ਵਿਚ ਤੋਪਖ਼ਾਨੇ ਅਤੇ ਪਿਆਦਾ ਫ਼ੌਜ ਨੇ ਇਕ ਫੈਸਲਾਕੁਨ ਰੋਲ ਨਿਭਾਇਆ ਸੀ, ਜਿਨ੍ਹਾਂ ਨੂੰ ਬਣਾਉਣ ਦੀ ਦੂਰ-ਅੰਦੇਸ਼ੀ ਉਸ ਦੇ ਆਪਣੇ ਜੀਵਨ-ਪੰਧ (ਕੈਰੀਅਰ) ਦੇ ਸ਼ੁਰੂ ਵਿਚ ਹੀ ਕਰ ਲਈ ਸੀ। ਮੂਰਕਰੌਫਟ ਦਾ ਕਹਿਣਾ ਹੈ ਕਿ 1805 ਵਿਚ ਜਦ ਜਨਰਲ ਲੇਕ, ਜਸਵੰਤ ਰਾਉ ਹੋਲਕਰ ਦਾ ਪਿਛਾ ਕਰ ਰਿਹਾ ਸੀ, ਓਦੋਂ ਈਸਟ ਇੰਡੀਆ ਕੰਪਨੀ ਦੀ ਫ਼ੌਜ ਬਾਰੇ ਜ਼ਾਤੀ ਜਾਣਕਾਰੀ ਪਰਾਪਤ ਕਰਨ ਲਈ ਰਣਜੀਤ ਸਿੰਘ ਭੇਸ ਬਦਲ ਕੇ ਉਸ ਦੇ ਕੈਂਪ 'ਚ ਗਿਆ ਸੀ। ਰਣਜੀਤ ਸਿੰਘ ਨੇ ਅਸਲ ਵਿਚ 1803 ਵਿਚ ਹੀ, ਪੈਦਲ ਫ਼ੌਜ ਖੜੀ ਕਰਨੀ ਸ਼ੁਰੂ ਕਰ ਦਿਤੀ ਸੀ, ਜਿਸ ਦੀ ਸਿਖਲਾਈ ਲਈ ਉਸ ਨੇ ਕੰਪਨੀ ਦੀ ਫੌਜ ਨੂੰ ਤਿਆਗ ਕੇ ਆਏ ਫ਼ੌਜੀ ਨੌਕਰ ਰਖੇ, ਅਤੇ ਛੇਤੀ ਹੀ ਉਸ ਨੇ ਸਿਖਲਾਈ ਲੈਣ ਲਈ ਰੁਹੇਲੇ ਅਫਗਾਨਾਂ ਨੂੰ ਫੌਜ ਵਿਚ ਭਰਤੀ ਕੀਤਾ। ਮੈਟਕਾਫ ਅਨੁਸਾਰ, 1808 ਵਿਚ, ਰਣਜੀਤ ਸਿੰਘ ਦੇ ਲਗਭਗ 1500 ਸਿਖਿਅਤ ਪਿਆਦੇ (ਪੈਦਲ ਫ਼ੌਜੀ) ਸਨ। ਰਣਜੀਤ ਸਿੰਘ ਦੀ ਸੈਨਾ ਵਿਚ, 1809 ਤੋਂ ਬਾਅਦ, ਭਾਰੀ ਵਾਧਾ ਹੋਇਆ, ਇਹ ਵਾਧਾ ਕਿਸੇ ਹਦ ਤੀਕਰ ਉਸ ਦੀਆਂ ਜਿੱਤਾਂ ਦੇ ਸਿੱਟੇ ਵਜੋਂ ਹੋਇਆ ਅਤੇ ਕੁਝ ਉਸ ਦੀਆਂ ਹੋਰ ਜਿੱਤਾਂ ਪ੍ਰਾਪਤ ਕਰਨ ਦੀ ਚਾਹ ਕਾਰਨ ਹੋਂਦ ਵਿਚ ਆਇਆ।

ਰਣਜੀਤ ਸਿੰਘ ਦੀ ਘੋੜ-ਸਵਾਰ ਫੌਜ ਬਾਬਤ, 1836 ਵਿਚ ਬੈਰਨ ਚਾਰਲਸ ਹਿਊਗਲ ਦੀ ਟਿਪਣੀ ਤੋਂ ਸਪਸ਼ਟ ਪਤਾ ਲਗਦਾ ਹੈ ਕਿ ਪਰੰਪਰਾਗਤ ਘੋੜ-ਚੜ੍ਹਿਆਂ ਵਾਲੀ ਪਲਟਣ ਹਮੇਸ਼ਾਂ ਤੋਂ ਰਣਜੀਤ ਸਿੰਘ ਦਾ ਮਨ-ਪਸੰਦ ਫੌਜੀ ਦਸਤਾ ਰਿਹਾ : 'ਹਰੇਕ ਜਣੇ ਦੀ ਪੋਸ਼ਾਕ ਭਾਵੇਂ ਵੱਖਰੀ ਸੀ ਪਰ ਉਹ ਬਣੀ ਇਕੋ ਫੈਸ਼ਨ ਦੀ ਸੀ, ਜਿਸ ਕਰ ਕੇ ਉਹ ਸਾਰੇ ਵਾਹਵਾ ਸਜੇ-ਧਜੇ ਵਖਾਲੀ ਦਿੰਦੇ ਸਨ। ਉਨ੍ਹਾਂ ਦੀ ਵਰਦੀ ਵਿਚ ਇਕ ਵੈਲਵਟ ਜਾਂ ਗੈਬਰਡੀਨ ਦਾ ਕੋਟ ਸ਼ਾਮਲ ਸੀ, ਜਿਸ ਉਪਰ ਉਨ੍ਹਾਂ ਚੋਂ ਬਹੁਤੇ ਜ਼ੰਰਾ-ਬਕਤਰ ਪਾਉਂਦੇ ਸਨ। ਕਈਆਂ ਦੇ ਇਹ ਜ਼ੰਰਾ-ਬਕਤਰ, ਉਨ੍ਹਾਂ ਦੇ ਤੰਗ ਕੋਟ (ਟਿਊਨਿਕ) ਦਾ ਹੀ ਹਿਸਾ ਹੁੰਦੇ ਸਨ। ਉਨ੍ਹਾਂ ਦੇ ਲੱਕ ਦੁਆਲੇ ਇਕ ਸੁਨਹਿਰੇ ਤਿੱਲੇ ਨਾਲ ਕਢਿਆ ਕਮਰਬੰਦ ਹੁੰਦਾ ਸੀ, ਜਿਸ ਨਾਲ ਬਾਰੂਦ ਵਾਲੀ ਥੈਲੀ, ਈਰਾਨੀ ਕਟਾਰ ਅਤੇ ਪਸਤੌਲ ਬੱਝੇ ਹੁੰਦੇ ਹਨ, ਜੋ ਕਈ ਜਣੇ ਦੂਜੇ ਹਥਿਆਰਾਂ ਤੋਂ ਇਲਾਵਾ ਆਪਣੇ ਨਾਲ ਰਖਦੇ ਸਨ। ਕਈ ਲੋਹ-ਟੋਪ (ਖ਼ੋਦ) ਵੀ ਪਹਿਨਦੇ ਸਨ, ਜੋ ਕਿ ਸੋਨੇ ਨਾਲ ਮੜ੍ਹਿਆ ਹੁੰਦਾ ਅਤੇ ਉਸ ਉਤੇ ਕਾਲੇ ਬੱਗ ਦੇ ਖੰਭਾਂ ਦਾ ਕਲਗਾ ਹੁੰਦਾ। ਕਈ ਹੋਰ ਆਪਣੀ ਪੱਗ ਉਪਰ ਲੋਹੇ ਦੀ ਟੋਪੀ ਪਹਿਣਦੇ ਜੋ ਕਿ ਸਿਰ-ਮੂੰਹ ਨੂੰ ਢਕ ਲੈਂਦੀ, ਜਿਸ ਵਿਚ ਅੱਖਾਂ ਲਈ ਮੋਰੀਆਂ ਹੁੰਦੀਆਂ। ਆਮ ਤੌਰ ਤੇ ਖੱਬੀ ਬਾਂਹ, ਹਥ ਤੋਂ ਲੈ ਅਰਕ ਤੀਕਰ ਇਕ ਸੁਨਹਿਰੀ ਜੜਤ ਵਾਲੀ ਫੌਲਾਦੀ ਆਸਤੀਨ ਨਾਲ ਢਕੀ ਹੁੰਦੀ। ਪਿੱਠ 'ਤੇ ਗੋਲ ਢਾਲ ਹੁੰਦੀ ਜੋ ਕਿ ਛਾਤੀ ਉਪਰ ਵਧਰੀਆਂ ਨਾਲ ਬੱਝੀ ਹੁੰਦੀ; ਸੱਜੇ ਪਾਸੇ ਤੀਰਾਂ ਦਾ ਭੱਥਾ (ਤਰਕਸ਼) ਹੁੰਦਾ ਅਤੇ

ਮੋਢੇ ਤੇ ਕਮਾਨ ਲਟਕਦੀ। ਸੱਜੇ ਹੱਥ, ਸੋਨੇ-ਮੜ੍ਹੀ ਇਕ ਲੰਮੀ ਸਾਰੀ ਕਿਰਚ ਅਰਥਾਤ ਸੰਗੀਨ ਫੜੀ ਹੁੰਦੀ। ਹਿਊਗਲ ਨੇ 'ਕਦੀ ਵੀ ਏਨੇ ਵਧੀਆ ਅਤੇ ਏਨੇ ਸ਼ਾਨਦਾਰ ਪੈਦਲ-ਦਲ ਨਹੀਂ ਸਨ ਵੇਖੇ'।

ਮੂਰਕਰੌਫਟ ਦੇ ਲਾਹੌਰ ਆਉਣ ਤੋਂ ਪਹਿਲਾਂ ਹੀ ਰਣਜੀਤ ਸਿੰਘ, ਸਿੰਧ ਦਰਿਆ ਦੇ ਪਾਰ ਡੇਰਾ ਗਾਜ਼ੀ ਖਾਨ ਦੇ ਸਰਦਾਰ, ਜ਼ਮਾਨ ਖਾਨ ਦੇ ਖਿਲਾਫ ਆਪਣੀਆਂ ਫੌਜਾਂ ਘਲ ਚੁੱਕਾ ਸੀ। ਜ਼ਮਾਨ ਖਾਨ, ਲਾਹੌਰ ਦੇ ਜਰਨੈਲ (ਕਮਾਨਦਾਰ) ਜਮਾਂਦਾਰ ਖੁਸ਼ਹਾਲ ਸਿੰਘ ਦਾ ਟਾਕਰਾ ਕਰਨ ਦੇ ਯੋਗ ਸਥਿਤੀ ਵਿਚ ਨਹੀਂ ਸੀ, ਅਤੇ ਉਸ ਨੂੰ ਸ਼ਹਿਰ-ਬਦਰ ਕਰ ਦਿਤਾ ਗਿਆ। ਡੇਰਾ ਗਾਜ਼ੀ ਖਾਨ ਦਾ ਇਲਾਕਾ ਨਵਾਬ ਬਹਾਵਲਪੁਰ ਨੂੰ ਦੇ ਦਿਤਾ ਗਿਆ, ਜੋ ਕਿ ਪਹਿਲਾਂ ਹੀ, ਸਤਲੁਜ ਦੇ ਪਛੱਮ ਵਾਲੇ ਆਪਣੇ ਇਲਾਕੇ ਲਈ ਰਣਜੀਤ ਸਿੰਘ ਨੂੰ ਖਿਰਾਜ ਅਦਾ ਕਰ ਰਿਹਾ ਸੀ। ਡੇਰਾ ਗਾਜ਼ੀ ਖਾਨ ਦੇ ਇਲਾਕੇ ਬਦਲੇ, ਹੁਣ ਉਸ ਨੇ ਤਿੰਨ ਲਖ ਰੁਪਏ ਸਾਲਾਨਾ ਵੱਧ ਖਿਰਾਜ ਦੇਣਾ ਸੀ।

ਹੁਣ ਪੰਜਾਬ ਦੇ ਮੈਦਾਨਾਂ ਵਿਚ ਇਕੋ ਇਕ ਗੈਰ-ਸਿਖ ਸਰਦਾਰ, ਸਿੰਧ ਸਾਗਰ ਦੁਆਬ ਵਿਚ ਮਨਕੇਰੇ ਦਾ ਹਾਫਿਜ਼ ਅਹਿਮਦ ਖਾਂ ਰਹਿ ਗਿਆ ਸੀ। ਉਸ ਦਾ ਇਲਾਕਾ ਸਿੰਧ ਦਰਿਆ ਦੇ ਪਾਰਲੇ ਕੰਢੇ ਤੋਂ ਡੇਰਾ ਇਸਮਾਈਲ ਖਾਨ ਤੀਕਰ ਫੈਲਿਆ ਹੋਇਆ ਸੀ। ਰਣਜੀਤ ਸਿੰਘ ਨੇ 1821 ਵਿਚ, ਡੇਰਾ ਇਸਮਾਈਲ ਖਾਨ ਨੂੰ ਸਹਿਜੇ ਹੀ ਜਿੱਤ ਲਿਆ। ਨਵਾਬ ਹਾਫਿਜ਼ ਅਹਿਮਦ ਖਾਨ ਦੀ ਮਾਲਕੀ ਵਾਲੇ ਖਾਨਗੜ੍ਹ, ਲੀਆ ਅਤੇ ਭਖੱਰ ਕਸਬਿਆਂ ਨੂੰ ਵੀ ਫਤਿਹ ਕਰ ਲਿਆ ਗਿਆ। ਨਵਾਬ ਤੋਂ ਮਨਕੇਰਾ ਖੋਹਣ ਲਈ ਰਣਜੀਤ ਸਿੰਘ ਆਪ ਆਪਣੀ ਫੌਜ ਦੇ ਨਾਲ ਗਿਆ। ਉਕਤ ਸ਼ਹਿਰ ਇਕ ਖੁਸ਼ਕ ਖੇਤਰ 'ਚ ਵਸਿਆ ਹੋਇਆ ਸੀ ਅਤੇ ਓਥੇ ਪਾਣੀ ਮੁਸ਼ਕਲ ਨਾਲ ਹੀ ਲਭਦਾ ਸੀ। ਰਣਜੀਤ ਸਿੰਘ ਦੀ ਮੌਜੂਦਗੀ ਨੇ ਪਾਣੀ ਦੀ ਸਪਲਾਈ ਵਾਸਤੇ ਅਫਸਰਾਂ ਅਤੇ ਸਿਪਾਹੀਆਂ ਨੂੰ ਖੂਹ ਪੁਟਣ ਲਈ ਉਤਸ਼ਾਹ ਬਖਸ਼ਿਆ। ਹਾਫਿਜ਼ ਅਹਿਮਦ ਖਾਨ ਨੇ ਬਿਨਾ ਲੜੇ ਹੀ ਮਨਕੇਰਾ ਦਾ ਕਿਲ੍ਹਾ ਖਾਲੀ ਕਰ ਦਿਤਾ।

ਹੁਣ ਅਫਗਾਨਾਂ ਦੇ ਇਲਾਕੇ ਵਿਚ ਜੰਗ ਕਰਨ ਦਾ ਸਮਾਂ ਆ ਗਿਆ ਸੀ। ਪਖਲੀ, ਧਮਤੌਰ, ਤਰਬੇਲਾ ਅਤੇ ਦਰਬੰਦ ਦੇ ਕਬੀਲਿਆਂ ਦੇ ਆਗੂ ਬੇਲਗਾਮ, ਬਾਗੀ ਅਤੇ ਸਰਕਸ਼ ਸਨ। ਉਨ੍ਹਾਂ ਨੂੰ ਦਬਾਉਣ, ਅਰਥਾਤ, ਜ਼ੇਰ ਕਰਨ ਲਈ, ਸਰਦਾਰ ਹਰੀ ਸਿੰਘ ਨਲਵੇ ਨੂੰ ਭੇਜਿਆ ਗਿਆ। ਉਸ ਨੇ ਆਪਣੇ ਸਦਰ-ਮੁਕਾਮ ਵਜੋਂ ਹਰੀਪੁਰ ਸ਼ਹਿਰ ਵਸਾਇਆ ਅਤੇ ਹਜ਼ਾਰਾ ਦੇ ਇਲਾਕੇ ਵਿਚ ਇਕ ਧੜੱਲੇਦਾਰ, ਸਜੀਵ ਅਤੇ ਸੁਯੋਗ ਪ੍ਰਸ਼ਾਸਨ ਸਥਾਪਤ ਕੀਤਾ। ਇਸ ਸਮੇਂ ਸਿੰਧ ਦਰਿਆ ਤੋਂ ਪਾਰ ਇੱਕੋ ਇਕ ਥਾਂ ਅਟਕ ਦੇ ਬਿਲਕੁਲ ਸਾਹਮਣੇ, ਖੈਰਾਬਾਦ ਸੀ, ਜੋ ਰਣਜੀਤ ਸਿੰਘ ਦੇ ਸਿਧੇ ਕਬਜ਼ੇ ਹੇਠ ਸੀ। ਕਾਬਲ ਵਿਚ ਆਜ਼ਮ ਖਾਨ ਸੱਤਾ ਵਿਚ ਆ ਚੁੱਕਾ ਸੀ, ਅਰਥਾਤ ਗੱਦੀ ਸਾਂਭ ਚੁਕਾ ਸੀ। ਪੇਸ਼ਾਵਰ ਦਾ ਸੂਬੇਦਾਰ, ਯਾਰ ਮੁਹੰਮਦ ਖਾਨ ਉਸ ਦੀ ਈਨ ਮੰਨਣ ਨੂੰ ਤਿਆਰ ਨਹੀਂ ਸੀ। ਉਸ ਰਣਜੀਤ ਸਿੰਘ ਸਾਹਵੇਂ ਤਾਬਿਆਦਾਰੀ ਨੂੰ ਮੁੜ ਨਵਿਆਇਆ, ਖਿਰਾਜ ਦਾ ਚਾਲੀ ਹਜ਼ਾਰ ਬਕਾਇਆ ਦੇਣਾ ਮੰਨ ਲਿਆ, ਅਤੇ ਅਗੋਂ ਵੀਹ ਹਜ਼ਾਰ ਰੁਪਏ ਸਾਲਾਨਾ ਦੇਣ ਦਾ ਵਾਅਦਾ ਕੀਤਾ। ਜਦ ਆਜ਼ਮ ਖਾਨ ਨੇ ਪੇਸ਼ਾਵਰ 'ਤੇ ਚੜ੍ਹਾਈ ਕੀਤੀ ਤਦ ਯਾਰ ਮੁਹੰਮਦ ਸ਼ਹਿਰ ਛਡ, ਨਸ ਗਿਆ। ਰਣਜੀਤ ਸਿੰਘ ਨੇ ਆਜ਼ਮ ਖਾਨ ਦੇ ਸਥਾਨਕ ਅਫਗਾਨ ਸਮਰਥਕਾਂ ਨਾਲ ਸਿੱਝਣ ਲਈ ਆਪਣੇ ਜਰਨੈਲ ਦਰਿਆਓਂ

ਪਾਰ ਘੱਲੇ। ਕੰਵਰ ਸ਼ੇਰ ਸਿੰਘ ਅਤੇ ਸਰਦਾਰ ਹਰੀ ਸਿੰਘ ਨਲਵਾ ਹਰਾਵਲ ਦਸਤਿਆਂ ਦੀ ਅਗਵਾਈ ਕਰ ਰਹੇ ਸਨ; ਉਨ੍ਹਾਂ ਨੇ ਜਹਾਂਗੀਰਾ ਦੇ ਕਿਲ੍ਹੇ ਨੂੰ ਘੇਰ ਲਿਆ। ਕਿਲ੍ਹਾ ਸਰ ਹੋ ਗਿਆ ਅਤੇ ਕੰਵਰ ਸ਼ੇਰ ਸਿੰਘ ਨੇ ਉਸ 'ਤੇ ਕਬਜ਼ਾ ਕਰ ਲਿਆ। ਅਫਗਾਨਾਂ ਨੇ ਸਿੰਧ ਦਰਿਆ ਉਪਰ ਬਣਾਇਆ ਗਿਆ ਬੇੜੀਆਂ ਦਾ ਪੁਲ ਤਬਾਹ ਕਰ ਦਿਤਾ। ਉਨ੍ਹਾਂ ਨੇ ਕੰਵਰ ਸ਼ੇਰ ਸਿੰਘ ਦੀ ਫੌਜ ਨੂੰ ਤਬਾਹ ਕਰਨ ਦੀ ਨੀਅਤ ਨਾਲ ਜਹਾਂਗੀਰਾ ਨੂੰ ਘੇਰਾ ਪਾ ਲਿਆ।

ਹੁਣ ਰਣਜੀਤ ਸਿੰਘ ਨੇ ਉਤਸ਼ਾਹ ਦੇਣ ਵਾਲੀ ਅੰਨ੍ਹੀ ਦਲੇਰੀ ਪ੍ਰਗਟਾਈ। ਉਸ ਆਪਣੇ ਸਿਪਾਹੀਆਂ ਨੂੰ ਮਗਰ ਆਉਣ ਦਾ ਹੁਕਮ ਦੇ ਕੇ, ਆਪਣਾ ਘੋੜਾ ਸਿੰਧ ਦਰਿਆ ਵਿਚ ਠੇਲ੍ਹ ਦਿਤਾ। ਅਫਗਾਨਾਂ ਨੂੰ ਪਤਾ ਲਗਣ ਤੋਂ ਪਹਿਲਾਂ ਹੀ, ਬਹੁਤ ਸਾਰੇ ਬੰਦੇ ਅਤੇ ਸਾਮਾਨ ਦੇ ਦਰਿਆ ਬੁਰਦ ਹੋਣ ਕਾਰਨ ਕਾਫੀ ਨੁਕਸਾਨ ਕਰਵਾਕੇ, ਲਾਹੌਰ ਦੀ ਫੌਜ ਦਰਿਆ ਪਾਰ ਕਰ ਗਈ। ਅਚਾਨਕ ਹਮਲੇ ਕਾਰਨ ਅਫਗਾਨ ਜਹਾਂਗੀਰਾ ਤੋਂ ਪਿਛੇ ਹਟ ਗਏ ਅਤੇ ਉਨ੍ਹਾਂ ਨੌਸ਼ਹਿਰਾ ਲਾਗੇ ਮੈਦਾਨ ਵਿਚ ਜਾ ਮੋਰਚੇ ਬੰਨ੍ਹੇ। ਰਣਜੀਤ ਸਿੰਘ ਨੇ ਉਨ੍ਹਾਂ 'ਤੇ ਹੱਲਾ ਬੋਲਣ ਦਾ ਫੈਸਲਾ ਕਰ ਲਿਆ ਅਤੇ ਉਸ ਨੇ ਆਪਣਾ ਤੋਪਖਾਨਾ, ਪੈਦਲ ਅਤੇ ਘੋੜ-ਸਵਾਰ ਫੌਜ ਮੈਦਾਨ ਵਿਚ ਝੋਕ ਦਿਤੀ। ਨੌਸ਼ਹਿਰੇ ਦੀ ਲੜਾਈ ਇਕ ਦਿਨ 'ਚ ਮੁਕ ਗਈ। ਅਫਗਾਨਾਂ ਨੂੰ ਕਰਾਰੀ ਹਾਰ ਹੋਈ ਅਤੇ ਉਨ੍ਹਾਂ ਦੇ 4000 ਆਦਮੀ ਜੰਗ ਦੇ ਮੈਦਾਨ ਵਿਚ ਕੰਮ ਆਏ। ਉਨ੍ਹਾਂ ਦੇ ਨਾਲ ਹੀ ਅਕਾਲੀ ਫੂਲਾ ਸਿੰਘ ਅਤੇ ਗੋਰਖਾ ਫੌਜਦਾਰ ਬਲ ਭੱਦਰ ਵੀ ਮਾਰੇ ਗਏ। ਆਜ਼ਮ ਖਾਨ ਤੇਜ਼ੀ ਨਾਲ ਪੇਸ਼ਾਵਰ ਤੋਂ ਨੌਸ਼ਹਿਰੇ ਵੰਨੀ ਆਇਆ, ਪਰ ਉਸ ਵਿਚ ਲਾਹੌਰ ਦੇ ਤੋਪਖਾਨੇ ਦਾ ਸਾਹਮਣਾ ਕਰਨ ਦਾ ਹੌਸਲਾ ਨਹੀਂ ਸੀ। ਉਸ ਵਿਚ ਪੇਸ਼ਾਵਰ ਵਾਪਸ ਜਾਣ ਦਾ ਹੀਯਾ ਵੀ ਨਹੀਂ ਸੀ ਰਿਹਾ। ਉਹ ਕਾਬਲ ਚਲਾ ਗਿਆ ਅਤੇ ਰਣਜੀਤ ਸਿੰਘ, ਮਾਰਚ 1823 ਨੂੰ, ਪੇਸ਼ਾਵਰ ਵਿਚ ਦਾਖਲ ਹੋਇਆ।

ਯਾਰ ਮੁਹੰਮਦ ਖਾਨ ਤੁਹਫੇ ਲੈ ਕੇ ਆਇਆ ਅਤੇ ਉਸ ਦੇ ਪੇਸ਼ਾਵਰ ਦੇ ਸੂਬੇਦਾਰ ਵਜੋਂ ਮੁੜ-ਨਿਯੁਕਤੀ ਲਈ ਬੇਨਤੀ ਕੀਤੀ। ਉਸ ਨੂੰ, ਇਕ ਲੱਖ ਦਸ ਹਜ਼ਾਰ ਰੁਪਏ ਸਾਲਾਨਾ ਮਾਲੀਆ ਅਦਾ ਕਰਨ ਦੀ ਸ਼ਰਤ 'ਤੇ, ਸੂਬੇਦਾਰ ਨਿਯੁਕਤ ਕਰ ਦਿਤਾ ਗਿਆ। ਲਾਹੌਰ ਪਰਤਣ ਤੋਂ ਪਹਿਲਾਂ ਰਣਜੀਤ ਸਿੰਘ ਨੇ ਬਨੂੰ ਅਤੇ ਟਾਂਕ ਦੇ ਸਰਦਾਰਾਂ (ਰਾਜਿਆਂ) ਤੋਂ ਖਿਰਾਜ ਵਸੂਲਿਆ। ਏਦਾਂ, ਮੁਗਲਾਂ ਦੇ ਕਾਬਲ ਦੇ ਸੂਬੇ ਦਾ ਬਹੁਤ ਸਾਰਾ ਭਾਗ, ਜੋ ਲਗਭਗ 85 ਸਾਲ ਪਹਿਲਾਂ ਨਾਦਰ ਸ਼ਾਹ ਨੇ ਖੋਹ ਲਿਆ ਸੀ, ਸਿਧੇ ਜਾਂ ਅਸਿਧੇ ਰੂਪ ਵਿਚ ਰਣਜੀਤ ਸਿੰਘ ਅਧੀਨ ਹੋ ਗਿਆ।

ਮਹਾਰਾਜੇ ਦੁਆਰਾ, ਸਿੰਧ-ਪਾਰ ਦੇ ਇਲਾਕੇ ਵਿਚ ਕਾਇਮ ਕੀਤੀ ਗਈ ਵਿਵਸਥਾ, ਕੁਝ ਸਾਲ ਵਾਹਵਾ ਕੰਮ ਕਰਦੀ ਰਹੀ। ਐਪਰ, 1826 ਵਿਚ ਅਫਗਾਨਾਂ ਦੇ ਯੂਸਫਜ਼ਈ ਅਤੇ ਖਟਕ ਕਬੀਲਿਆਂ ਨੇ ਬਗਾਵਤ ਦਾ ਝੰਡਾ ਚੁਕਿਆ, ਪਰ ਉਨ੍ਹਾਂ ਦੀ ਅਗਵਾਈ ਕਿਸੇ ਅਫਗਾਨ ਦੇ ਹੱਥ ਨਹੀਂ ਸੀ। ਉਨ੍ਹਾਂ ਦਾ ਆਗੂ ਉੱਤਰ ਪ੍ਰਦੇਸ਼ 'ਚ ਬਰੇਲੀ ਤੋਂ ਆਇਆ ਸੀ। ਉਸ ਦਾ ਨਾਂ ਸਯੱਦ ਅਹਿਮਦ ਸੀ। ਉਹ ਇਕ ਧਾਰਮਕ ਸੁਧਾਰਕ (ਮੁੱਲਾ) ਸੀ। ਉਸ ਦੀ ਸੋਚਣੀ ਦਾ ਇਕ ਮੁੱਖ ਅੰਸ਼ ਇਹ ਸੀ ਕਿ ਮੁਸਲਮਾਨਾਂ ਨੂੰ ਇਕ ਗੈਰ-ਮੁਸਲਮ ਦੀ ਹਕੂਮਤ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ। ਉਹ ਹਿੰਦੁਸਤਾਨ ਦੇ ਬਰਤਾਨਵੀ ਹੁਕਮਰਾਨਾਂ ਵਿਰੁਧ ਵੀ ਮੁਹਿੰਮ ਚਲਾ ਸਕਦਾ ਸੀ, ਜੋ ਕਿ ਮੁਸਲਮਾਨ

ਨਹੀਂ ਸਨ। ਪਰ ਉਸ ਦੇ ਮਨ ਵਿਚ ਇਹ ਗਲ ਆ ਗਈ ਸੀ ਕਿ ਸਿਖ ਰਾਜ, ਬਰਤਾਨਵੀ ਸ਼ਾਸਨ ਤੋਂ ਕਿਤੇ ਵਧ ਅਸਹਿ ਹੈ। ਹਿੰਦੁਸਤਾਨ ਦੀ ਬਰਤਾਨਵੀ ਸਰਕਾਰ ਨੇ ਉਸ ਦੇ ਪਰਚਾਰ 'ਤੇ ਕੋਈ ਇਤਰਾਜ਼ ਨਾ ਕੀਤਾ ਅਤੇ ਨਾ ਹੀ ਉਸ ਦੇ ਹਿਮਾਇਤੀਆਂ ਨੂੰ ਉਸ ਦੀ ਪੈਰਵੀ ਕਰਦੇ ਹੋਏ, ਅਫਗਾਨਾਂ ਦੇ ਮੁਲਕ ਜਾਣੋਂ ਰੋਕਿਆ, ਜਿਥੇ ਉਹ 'ਜਹਾਦ' ਛੇੜਨਾ ਚਾਹੁੰਦਾ ਸੀ, ਅਰਥਾਤ, ਰਣਜੀਤ ਸਿੰਘ ਦੇ ਰਾਜ ਨੂੰ ਮਜ਼ੂਬ ਦੇ ਨਾਂ 'ਤੇ ਪਲਟਣਾ ਚਾਹੁੰਦਾ ਸੀ। ਆਪਦੇ ਮਜ਼ੂਬੀ (ਧਾਰਮਕ) ਪਰਚਾਰ ਰਾਹੀਂ ਸਯੱਦ ਅਹਿਮਦ ਅਫਗਾਨਾਂ ਨੂੰ 'ਕਾਫਰਾਂ' ਅਤੇ ਉਨ੍ਹਾਂ ਦੇ ਹਿਮਾਇਤੀਆਂ ਵਿਰੁਧ ਬਗਾਵਤ ਲਈ ਭੜਕਾਉਣ ਵਿਚ ਕਾਮਯਾਬ ਹੋ ਗਿਆ।

ਯਾਰ ਮੁਹੰਮਦ ਨੇ ਸਯੱਦ ਅਹਿਮਦ ਦੇ ਮੁਜਾਹਿਦਾਂ (ਧਰਮ-ਯੋਧਿਆਂ) ਨਾਲ ਲੜਨੋਂ ਇਨਕਾਰ ਕਰ ਦਿਤਾ ਅਤੇ ਬਿਨਾ ਲੜੇ ਉਹ ਪੇਸ਼ਾਵਰ ਖਾਲੀ ਕਰ ਗਿਆ। ਉਕਤ ਮੁਜਾਹਿਦਾਂ ਨਾਲ ਨਜਿੱਠਣ ਲਈ ਸਰਦਾਰ ਬੁਧ ਸਿੰਘ ਸੰਧਾਵਾਲੀਆ ਨੂੰ ਘਲਿਆ ਗਿਆ। ਸਯੱਦ ਅਹਿਮਦ, ਲਾਹੌਰ ਦੀ ਫੌਜ ਦਾ ਮੁਕਾਬਲਾ ਕਰਨ ਲਈ ਪੇਸ਼ਾਵਰ ਤੋਂ ਬਾਹਰ ਆ ਗਿਆ। ਅਕੋਰਾ ਨਜ਼ਦੀਕ, 21 ਦਸੰਬਰ, 1826 ਨੂੰ ਇਕ ਲੜਾਈ ਹੋਈ। ਮੁਜਾਹਿਦ ਹਾਰ ਗਏ। ਬੁਧ ਸਿੰਘ ਨੇ ਪੇਸ਼ਾਵਰ 'ਤੇ ਕਬਜ਼ਾ ਕਰ ਲਿਆ। ਯਾਰ ਮੁਹੰਮਦ ਨੇ ਆਪਣੇ ਭਰਾ ਨੂੰ ਯਰਗਮਾਲ (ਬੰਧਕ) ਦੇ ਤੌਰ ਘਲਿਆ ਅਤੇ ਪੇਸ਼ਾਵਰ ਦੀ ਸੂਬੇਦਾਰੀ ਦੀ ਮੁੜ ਬਹਾਲੀ ਲਈ ਅਰਜ਼ ਕੀਤੀ। ਉਸ ਨੂੰ ਮੁੜ ਪੇਸ਼ਾਵਰ ਦਾ ਸੂਬੇਦਾਰ ਬਣਾ ਦਿੱਤਾ ਗਿਆ।

ਐਪਰ, ਇੰਨੇ ਨਾਲ ਸਯੱਦ ਅਹਿਮਦ ਦੀ ਗੱਲ ਮੁੱਕੀ ਨਾਂਹ। ਉਸ ਨੇ ਕੁਝ ਸਾਲਾਂ ਅੰਦਰ ਮੁੜ ਕਾਫੀ ਹਿਮਾਇਤ ਜੁਟਾ ਲਈ ਅਤੇ ਮੁੜ ਆਕ੍ਰਮਣਕਾਰੀ ਹਾਵ-ਭਾਵ ਪ੍ਰਗਟਾਉਣ ਲਗਾ। ਯਾਰ ਮੁਹੰਮਦ, 1830 ਵਿਚ ਸਯੱਦ ਅਹਿਮਦ ਦੇ ਪੈਰੋਕਾਰਾਂ ਨਾਲ ਇਕ ਝੜਪ ਵਿਚ, ਮਾਰਿਆ ਗਿਆ। ਸਯੱਦ ਅਹਿਮਦ ਨੇ ਇਕ ਵਾਰ ਫੇਰ ਪੇਸ਼ਾਵਰ ਤੇ ਕਬਜ਼ਾ ਕਰ ਲਿਆ। ਉਸ ਨੇ ਆਪਣੇ 'ਖਲੀਫਾ' ਹੋਣ ਦਾ ਐਲਾਨ ਕਰ ਦਿਤਾ ਅਤੇ ਇਕ ਨਵੇਂ ਇਸਲਾਮੀ ਰਾਜ ਦੀ ਕਾਇਮੀ ਦੀ ਘੋਸ਼ਨਾ ਕਰਨ ਹਿਤ ਨਵਾਂ ਸਿੱਕਾ ਵੀ ਚਲਾਇਆ, ਅਰਥਾਤ, ਟਕਸਾਲਿਆ। ਕਸ਼ਮੀਰ, ਸਿੰਧ ਅਤੇ ਹਿੰਦੁਸਤਾਨ ਦੇ ਦੂਜੇ ਹਿਸਿਆਂ ਤੋਂ ਆਉਣ ਵਾਲੇ ਉਸ ਦੇ ਹਿਮਾਇਤੀਆਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਗਈ। ਪਰ ਇਹੋ ਗਲ ਉਸ ਦੀ ਬਰਬਾਦੀ ਦਾ ਮੁਢ ਸਾਬਤ ਹੋਈ। ਹਿੰਦੁਸਤਾਨੀਆਂ ਨੂੰ ਰੋਟੀ ਦੀ ਲੋੜ ਸੀ, ਅਫਗਾਨੀ ਉਹ ਵੰਡ ਕੇ ਖਾਣ ਨੂੰ ਬੁਰਾ ਨਹੀਂ ਸਨ ਸਮਝਦੇ, ਪਰ ਉਨ੍ਹਾਂ ਨੂੰ ਆਪਣੀਆਂ ਧੀਆਂ ਭੈਣਾਂ ਦੇ ਵਿਆਹ ਬਾਹਰ ਦੇ ਬੰਦਿਆਂ ਨਾਲ ਕਰਨ ਦੀ ਗੱਲ ਉੱਕਾ ਪਸੰਦ ਨਹੀਂ ਸੀ। ਮੁਕਦੀ ਗਲ, ਉਹ ਰੋਟੀ ਦੀ ਸਾਂਝ ਰਖਣ ਨੂੰ ਤਾਂ ਤਿਆਰ ਸਨ, ਪਰ ਬੇਟੀ ਦੀ ਸਾਂਝ ਉਨ੍ਹਾਂ ਦੇ ਮਨ ਨੂੰ ਨਹੀਂ ਸੀ ਭਾਉਂਦੀ। ਇਸ 'ਤੇ ਸੱਯਦ ਅਹਿਮਦ ਨੇ ਫਰਮਾਨ ਜਾਰੀ ਕੀਤਾ ਕਿ ਅਫਗਾਨ ਕੁੜੀਆਂ ਦੇ ਵਿਆਹ ਬਿਨਾ ਕਿਸੇ ਹਿਚਕਚਾਹਟ ਦੇ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਅਫਗਾਨਾਂ ਵਿਚ ਉਸ ਦੀ ਲੋਕ-ਪ੍ਰੀਯਤਾ ਖਤਮ ਹੋ ਗਈ ਅਤੇ ਉਹ ਉਸ ਨੂੰ ਨਾਪਸੰਦ ਕਰਨ ਲਗੇ। ਉਹ ਹੁਣ ਰਣਜੀਤ ਸਿੰਘ ਦੇ ਸਰਦਾਰਾਂ ਦੇ, ਪਰਸਪਰ ਸਮਝੌਤੇ ਬਾਰੇ ਸੁਝਾਵਾਂ ਵੰਨੀ ਕੰਨ ਧਰਨ ਲਗ ਪਏ। ਕੁਝ ਕਬੀਲੇ ਸਯੱਦ ਅਹਿਮਦ ਦਾ ਸਾਥ ਛਡ ਗਏ; ਕੁਝ ਨੇ ਉਸ ਦੇ ਗੈਰ-ਅਫਗਾਨ ਪੈਰੋਕਾਰਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿਤੇ। ਉਸ ਨੂੰ ਮਜਬੂਰ ਹੋ, ਪੇਸ਼ਾਵਰ ਛਡਣਾ ਪਿਆ। ਇਸ 'ਤੇ ਕੰਵਰ ਸ਼ੇਰ ਸਿੰਘ ਨੇ ਕਬਜ਼ਾ ਕਰ ਲਿਆ। ਮਈ 1831 ਵਿਚ, ਸਯੱਦ ਅਹਿਮਦ 'ਕੰਵਰ' ਦੇ ਸਿਪਾਹੀਆਂ ਨਾਲ ਇਕ ਮੁਠਭੇੜ 'ਚ ਮਾਰਿਆ ਗਿਆ।

ਗਵਰਨਰ-ਜਨਰਲ ਦੇ ਸਕੱਤਰ ਨੂੰ, ਲੁਧਿਆਣੇ ਸਥਿਤ ਪੋਲੀਟੀਕਲ ਏਜੰਟ, ਸੀ.ਐਮ. ਵੇਡ ਦਾ ਨੋਟ ਮਿਲਿਆ, ਉਸ ਨੂੰ ਰਣਜੀਤ ਸਿੰਘ ਦੇ ਰਾਜ ਵਿਚ ਵਾਪਰਣ ਵਾਲੀਆਂ ਰਾਜਨੀਤਕ ਘਟਨਾਵਾਂ ਦਾ ਜਾਣਕਾਰ ਮੰਨਿਆ ਜਾਂਦਾ ਸੀ: 'ਸਿੱਖਾਂ ਨੇ ਅਖੀਰ ਉਕਤ ਸਯੱਦ ਨੂੰ ਮਾਰ ਹੀ ਮੁਕਾਇਆ, ਜਿਸ ਉਨ੍ਹਾਂ ਦੇ ਹਥਿਆਰਾਂ ਨੂੰ ਲਗਭਗ ਪਿਛਲੇ ਪੰਜ ਸਾਲ ਆਹਰੇ ਲਾਈ ਰਖਿਆ ਸੀ। ਉਹ ਹੁਣ ਭਵਿਖ ਵਿਚ ਕੋਈ ਨਵੀਂ ਮੁਹਿੰਮ ਵਿੱਢਣ ਬਾਰੇ ਸੋਚ ਰਹੇ ਹਨ। ਉਨ੍ਹਾਂ ਦਾ ਜੀਵਨ ਨਿਰੰਤਰ ਜੰਗ ਵਿਚ ਰੁਝੇਵਿਆਂ-ਭਰਿਆ ਜੀਵਨ ਹੀ ਰਿਹਾ ਹੈ ਅਤੇ ਉਹ ਇਕ ਟਿੱਕ ਕੇ ਨਾ ਬੈਠਣ ਵਾਲੀ, ਭਾਰੀ ਫੌਜ ਵਿਚ ਸੰਗਠਿਤ ਹਨ। ਮਹਾਰਾਜਾ ਛੇਤੀ ਹੀ ਕਿਸੇ ਹੋਰ ਪਾਸੇ ਵਲ ਨਜ਼ਰ ਕਰਨਗੇ'। ਜਿਵੇਂ ਕਿ ਵੇਡ ਨੇ ਸੰਕੇਤ ਦਿਤਾ ਸੀ, ਸਚਮੁਚ ਹੀ, ਰਣਜੀਤ ਸਿੰਘ ਨੇ ਸਿੰਧ 'ਤੇ ਆਪਣੀ ਅੱਖ ਟਿਕਾਈ।

ਓਧਰ ਅੰਗ੍ਰੇਜ਼ਾਂ ਦੇ ਆਪਣੇ ਮਨਸੂਬੇ ਸਨ। ਲੈਫਟੀਨੈਂਟ ਬਰਨਜ਼, 1831 ਦੀਆਂ ਗਰਮੀਆਂ ਵਿਚ ਲਾਹੌਰ ਹੀ ਸੀ। ਉਹ ਆਪਣੇ ਨਾਲ ਇੰਗਲਸਤਾਨ ਦੇ ਬਾਦਸ਼ਾਹ ਵਲੋਂ ਤੁਹਫੇ ਵਜੋਂ ਘਲੇ ਗਏ, ਬਘੀ ਅਗੇ ਜੁਪਣ ਵਾਲੇ ਘੋੜੇ, ਲੈ ਕੇ ਆਇਆ ਸੀ, ਪਰ ਉਸ ਦਾ ਅਸਲ ਮਕਸਦ ਸਿੰਧ ਦਰਿਆ ਵਿਚ ਜਹਾਜ਼ਰਾਨੀ ਦੀ ਸੰਭਾਵਨਾ ਦਾ ਪਤਾ ਕਰਨਾ ਸੀ। ਉਸ ਨੇ ਇਸ ਸੰਬੰਧੀ ਬਹੁਤ ਉਤਸਾਹ-ਜਨਕ ਰਿਪੋਰਟ ਪੇਸ਼ ਕੀਤੀ ਅਤੇ ਗਵਰਨਰ-ਜਨਰਲ, ਲਾਰਡ ਵਿਲੀਅਮ ਬੈਨਟਿੰਕ ਨੇ ਰਣਜੀਤ ਸਿੰਘ ਨੂੰ ਆਪ ਮਿਲਣ ਦਾ ਫੈਸਲਾ ਕੀਤਾ। ਮੁਲਾਕਾਤ ਦਾ ਥਾਉਂ ਸਤਲੁਜ ਦੇ ਖੱਬੇ ਕੰਢੇ, ਰੋਪੜ ਨਿਸ਼ਚਿਤ ਕੀਤਾ ਗਿਆ ਤਾਂ ਜੋ ਇਹ ਪ੍ਰਭਾਵ ਪਵੇ ਕਿ ਰਣਜੀਤ ਸਿੰਘ ਨੇ ਆਪ ਮੁਲਾਕਾਤ ਲਈ ਮੰਗ ਕੀਤੀ ਹੈ। ਪਹਿਲੀ ਮੁਲਾਕਾਤ 26 ਅਕਤੂਬਰ, 1831 ਨੂੰ ਹੋਈ, ਅਤੇ ਦੂਜੀ 31 ਅਕਤੂਬਰ ਵਾਲੇ ਦਿਨ। ਗਵਰਨਰ-ਜਨਰਲ ਨੇ ਲਿਖਤੀ ਰੂਪ ਵਿਚ 'ਅਟੁੱਟ ਮਿਤ੍ਰਤਾ' ਦਾ ਵਚਨ ਦਿਤਾ। ਪਰ ਜਦ ਰਣਜੀਤ ਸਿੰਘ ਨੇ ਸਿੰਧ ਬਾਰੇ ਗਲ ਛੇੜੀ ਤਦ ਉਸ ਨੂੰ ਕੋਈ ਹੁੰਗਾਰਾ ਨਾ ਮਿਲਿਆ। ਗਵਰਨਰ-ਜਨਰਲ ਪਹਿਲਾਂ ਹੀ ਲੈਫਟੀਨੈਂਟ ਕਰਨਲ ਪੋਟਿੰਜਰ ਨੂੰ ਹਦਾਇਤ ਘਲ ਚੁਕਾ ਸੀ ਕਿ ਉਹ ਸਿੰਧ ਦੇ 'ਅਮੀਰਾਂ' ਨਾਲ ਇਕ ਵਪਾਰਿਕ ਸੰਧੀ ਬਾਰੇ ਗਲਬਾਤ ਕਰੇ, ਜਿਸ ਅਨੁਸਾਰ ਰੂਸੀਆਂ ਦੀ ਪੇਸ਼ਕਦਮੀ ਵਿਰੁਧ ਇਹਤਿਆਤੀ ਕਦਮ ਵਜੋਂ ਸਿੰਧ ਦਰਿਆ ਵਿਚ ਜਹਾਜ਼ਰਾਨੀ ਲਈ ਖੁਲ੍ਹ ਹਾਸਲ ਕੀਤੀ ਜਾਵੇ। ਸਿੰਧ ਦੇ 'ਅਮੀਰਾਂ' ਨੇ ਸੰਧੀਆਂ ਉਪਰ ਦਸਤਖਤ ਕਰ ਦਿਤੇ। ਰਣਜੀਤ ਸਿੰਘ ਨੇ ਸੰਕੋਚ ਜਿਹੇ ਨਾਲ 25 ਦਸੰਬਰ, 1832 ਨੂੰ ਇਕ ਵਪਾਰ-ਸੰਧੀ ਉਤੇ ਆਪਣੀ ਮੁਹਰ ਲਾ ਦਿੱਤੀ।

ਆਪਣੀ ਲਾਹੌਰ ਯਾਤਰਾ ਦੌਰਾਨ ਬਰਨਜ਼, ਰਣਜੀਤ ਸਿੰਘ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਹੋਇਆ। ਉਸ ਲਿਖਿਐ :

> ਇਸ ਬੰਦੇ ਦੀ ਮੁਲਾਕਾਤ ਪਿਛੋਂ ਜੋ ਅਨੁਭਵ ਲੈ ਕੇ ਮੈਂ ਆਇਆ, ਉਹ ਕਿਸੇ ਹੋਰ ਏਸ਼ੀਆਈ ਨਾਲ ਮੁਲਾਕਾਤ ਦੌਰਾਨ ਮੈਂ ਨਹੀਂ ਸਨ ਮਹਿਸੂਸੇ : ਪੜ੍ਹਾਈ-ਲਿਖਾਈ ਤੋਂ ਕੋਰਾ ਅਤੇ ਬਿਨਾ ਕਿਸੇ ਮਾਰਗ-ਦਰਸ਼ਨ ਦੇ, ਉਹ ਹਕੂਮਤ ਦਾ ਸਾਰਾ ਕਾਰ-ਵਿਹਾਰ ਸ੍ਰੇਸ਼ਠ ਹਿੰਮਤ ਅਤੇ ਧੜੱਲੇਦਾਰ ਢੰਗ ਨਾਲ ਚਲਾਉਂਦਾ ਹੈ, ਐਪਰ ਉਹ ਆਪਣੀ ਸ਼ਕਤੀ ਦੀ ਵਰਤੋਂ ਇਨੇ ਸੁਲਝੇ ਢੰਗ ਨਾਲ ਕਰਦਾ ਹੈ, ਜਿਸ ਦੀ ਮਿਸਾਲ ਕਿਸੇ ਪੂਰਬੀ ਬਾਦਸ਼ਾਹ ਵਿਚ ਨਹੀਂ ਮਿਲਦੀ।

ਰਣਜੀਤ ਸਿੰਘ ਸਚਮੁਚ ਇਕ ਅਸਾਧਾਰਨ, ਅਨੂਠਾ ਹੁਕਮਰਾਨ ਸੀ :

> ਮੈਂ ਉਸਦੇ ਫਰਾਂਸੀਸੀ ਅਹਿਲਕਾਰਾਂ ਨੂੰ ਇਹ ਟਿੱਪਣੀ ਦਿੰਦੇ ਸੁਣਿਆ ਹੈ ਕਿ ਕੁਸਤੁਨਤੁਨੀਆ ਤੋਂ ਲੈ ਕੇ ਹਿੰਦੋਸਤਾਨ ਤੀਕਰ ਉਸ ਦੇ ਤੁਲ ਕੋਈ ਹੁਕਮਰਾਨ ਨਹੀਂ ਅਤੇ ਉਨ੍ਹਾਂ ਨੇ ਇਨ੍ਹਾਂ ਸਭ ਮੁਲਕਾਂ ਦੇ ਦਰਬਾਰ ਤੱਕੇ ਹੋਏ ਹਨ।

ਉਸ ਦੀ ਸਰੀਰਕ ਦੱਖ, ਅਰਥਾਤ, ਸੂਰਤ ਦੇ ਬਾਵਜੂਦ ਉਸ ਦਾ ਆਪਣੇ ਦਰਬਾਰੀਆਂ ਉਪਰ ਪ੍ਰਭਾਵ ਬਹੁਤ ਭਾਰੀ ਸੀ :

> ਉਸ ਦੀ ਇਕ ਅੱਖ ਨਹੀਂ, ਉਸ ਦੇ ਚਿਹਰੇ 'ਤੇ ਮਾਤਾ ਦੇ ਦਾਗ ਹਨ ਅਤੇ ਉਸਦਾ ਕਦ ਵੀ ਯਕੀਨਨ ਪੰਜ ਫੁਟ ਤਿੰਨ ਇੰਚ ਤੋਂ ਵਧ ਨਹੀਂ। ਉਹ ਤੜਕ-ਭੜਕ ਤੋਂ ਬੇਨਿਆਜ਼ ਹੈ, ਫੇਰ ਵੀ ਉਸ ਦੇ 'ਦਰਬਾਰ' ਦੀ ਮਾਣ-ਮਰਯਾਦਾ ਲਾਮਿਸਾਲ ਹੈ; ਇਕ ਵੀ ਬੰਦਾ ਉਸ ਦੇ ਇਸ਼ਾਰੇ ਤੋਂ ਬਿਨਾ ਬੋਲਦਾ ਨਹੀਂ, ਭਾਵੇਂ ਇਨ੍ਹਾਂ ਸਮਿਆਂ ਵਿਚ ਗੱਦੀ 'ਤੇ ਬੈਠਣ ਵਾਲੇ ਪਹਿਲੇ ਸਥਾਨਕ ਮਹਾਰਾਜਾ ਦੇ ਇਸ ਦਰਬਾਰ ਵਿਚ, ਇਕ ਬਾਜ਼ਾਰ ਵਰਗਾ ਭੀੜ-ਭੜੱਕਾ ਹੁੰਦਾ ਹੈ।

ਰਣਜੀਤ ਸਿੰਘ ਦਾ ਸ਼ਾਹੀ ਜਾਹੋ-ਜਲਾਲ (ਜਬ੍ਹਾ), ਜੰਗ ਅਤੇ ਅਮਨ ਦੋਹਾਂ ਵਿਚ ਉਸ ਦੀਆਂ ਪ੍ਰਾਪਤੀਆਂ ਕਾਰਨ ਸੀ। ਉਸ ਦੀ ਫੌਜੀ ਤਾਕਤ 1831 ਤੀਕਰ ਬਹੁਤ ਜ਼ਿਆਦਾ ਵਧ ਗਈ ਸੀ। 'ਸ਼ਾਹਾਨਾ ਫੌਜ' (ਕੰਪੂ-ਏ-ਮੁਅੱਲਾ) ਦੀ ਕੁਲ ਨਫਰੀ 90,000 ਦੇ ਕਰੀਬ ਹੋ ਗਈ ਸੀ। ਬਰਨਜ਼ ਦੀ ਆਮਦ ਤੋਂ ਪਹਿਲਾਂ ਦੇ ਦਹਾਕੇ ਦੌਰਾਨ ਰਣਜੀਤ ਸਿੰਘ ਨੇ ਸਰਕਾਰ ਅਤੇ ਪ੍ਰਸ਼ਾਸਨ ਦਾ ਇਕ ਨੇਮਬੱਧ, ਸਥਾਈ ਪ੍ਰਬੰਧ (ਵਿਵਸਥਾ) ਵੀ ਵਿਗਸਤ ਕਰ ਲਿਆ ਸੀ। ਲਾਹੌਰ ਦੇ ਕੇਂਦਰੀ ਦਫਤਰ ਵਿਚ ਹਰ ਭਾਂਤ ਦੇ ਸਰਕਾਰੀ ਰਿਕਾਰਡ, ਭਾਵ, ਹਰ ਕਿਸਮ ਦੀ ਲਿਖਤ-ਪੜ੍ਹਤ (ਆਲੇਖ) ਸੁਰਖਿਅਤ ਰਖੇ ਜਾਂਦੇ ਸਨ, ਜਿਸ ਨੂੰ 'ਵੱਡਾ ਸਕੱਤਰੇਤ' (ਦਫਤਰ-ਏ-ਮੁਅੱਲਾ) ਕਿਹਾ ਜਾਂਦਾ ਸੀ। ਇਸ ਰਿਕਾਰਡ (ਲਿਖਤ-ਪੜ੍ਹਤ) ਦੀਆਂ ਸੈਂਕੜੇ ਜਿਲਦਾਂ ਬਚ ਗਈਆਂ ਅਤੇ ਉਪਲਭਧ ਹਨ, ਇਹ ਪੰਜਾਬ ਪ੍ਰਾਂਤ ਰਾਜਪਤ੍ਰਾਲੇ (ਪੰਜਾਬ ਸਟੇਟ ਆਰਕਾਈਵਜ਼) ਵਿਚ ਵੇਖੀਆਂ ਜਾ ਸਕਦੀਆਂ ਹਨ। ਬਰਨਜ਼ ਅਨੁਸਾਰ 'ਰਣਜੀਤ ਦੇ ਚਰਿੱਤਰ ਦਾ ਸਭ ਤੋਂ ਵਧ ਸਲਾਹੁਯੋਗ ਗੁਣ, ਉਸ ਦੀ ਮਾਨਵਤਾ, ਅਰਥਾਤ, ਦਿਆਲਤਾ ਹੈ; ਉਸ ਨੇ ਗੱਦੀ 'ਤੇ ਬੈਠਣ ਤੋਂ ਲੈ ਕੇ ਅਜ ਤੀਕਰ ਕਿਸੇ ਨੂੰ ਮੌਤ ਦੀ ਸਜ਼ਾ ਦਿੱਤੀ ਨਹੀਂ ਸੁਣੀ'।

## 6.

# ਚੜ੍ਹਤ ਦੀਆਂ ਸਿਖਰਾਂ

ਅੰਗ੍ਰੇਜ਼ਾਂ ਨਾਲ ਵਪਾਰਿਕ ਸੰਧੀ ਤੇ ਦਸਤਖ਼ਤ ਕਰਨ ਤੋਂ ਬਹੁਤ ਪਹਿਲਾਂ, ਅਸਲ ਵਿਚ, ਇਥੋਂ ਤਕ ਕਿ ਬਰਨਜ਼ ਦੀ ਯਾਤਰਾ ਤੋਂ ਵੀ ਪਹਿਲਾਂ, ਰਣਜੀਤ ਸਿੰਘ ਨੇ ਜਨਰਲ ਵੈਨਤੂਰਾ ਅਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਨੂੰ ਹੁਕਮ ਦਿਤਾ ਸੀ ਕਿ ਉਹ ਬਹਾਵਲਪੁਰ ਦੇ ਨਵਾਬ ਕੋਲੋਂ, ਡੇਰਾ ਗਾਜ਼ੀ ਖ਼ਾਨ, ਸਮੇਤ ਸਤਲੁਜ ਦਰਿਆ ਦੇ ਸੱਜੇ ਕੰਢੇ ਵਾਲੇ ਉਸ ਦੇ ਇਲਾਕਿਆਂ ਦੇ, ਲੈ ਲੈਣ। ਉਨ੍ਹਾਂ ਨੇ ਮਈ 1831 ਵਿਚ ਡੇਰਾ ਗਾਜ਼ੀ ਖ਼ਾਨ ਦੇ ਲਾਗੇ ਨੌਸ਼ਹਿਰੇ ਦਾ ਕਿਲ੍ਹਾ ਕਾਬੂ ਕਰ ਲਿਆ। ਜੂਨ ਵਿਚ ਅਮਰਕੋਟ ਅਤੇ ਮਿਠੰਨਕੋਟ ਦੇ ਕਿਲ੍ਹੇ ਵੀ ਜਨਰਲ ਵੈਨਤੂਰਾ ਨੇ ਆਪਣੇ ਨਿਯੰਤ੍ਰਣ ਹੇਠ ਕਰ ਲਏ। ਏਦਾਂ ਨਵਾਬ ਬਹਾਵਲ ਖ਼ਾਨ ਦੇ ਸਤਲੁਜ ਦੇ ਸੱਜੇ ਕੰਢੇ ਤੇ ਜੱਦੀ ਇਲਾਕਿਆਂ ਤੋਂ, ਉਸ ਨੂੰ ਵਾਂਝਿਆਂ ਕਰਨ ਦਾ ਕਾਰਜ ਨੇਪਰੇ ਚੜ੍ਹਿਆ। ਪਰ, ਜਦੋਂ ਰਣਜੀਤ ਸਿੰਘ ਨੇ ਸਿੰਧ ਦੇ 'ਅਮੀਰਾਂ' ਤੋਂ ਸ਼ਿਕਾਰਪੁਰ ਲੈਣ ਦੀ ਗਲ ਸੋਚੀ, ਤਦ ਅੰਗ੍ਰੇਜ਼ਾਂ ਦੇ ਤਥਾ-ਕਥਿਤ 'ਵਪਾਰਿਕ' ਹਿਤ ਇਕ ਰੁਕਾਵਟ ਸਾਬਤ ਹੋਏ।

ਸੋ ਮਹਾਰਾਜੇ ਨੇ ਆਪਣਾ ਧਿਆਨ ਪੇਸ਼ਾਵਰ ਵੱਲੀ ਮੋੜਿਆ। ਅਫਗਾਨਿਸਤਾਨ ਦੇ ਗਦੀਓਂ ਲਾਹੇ ਗਏ ਹੁਕਮਰਾਨ, ਸ਼ਾਹ ਸ਼ੁਜਾਅ ਨੇ ਅੰਗ੍ਰੇਜ਼ਾਂ ਕੋਲ ਲੁਧਿਆਣੇ ਪਨਾਹ ਲਈ ਹੋਈ ਸੀ। ਉਹ ਆਪਣਾ ਤਖ਼ਤ ਮੁੜ ਹਾਸਲ ਕਰਨ ਦੀ ਚਿੰਤਾ ਵਿਚ ਸੀ। ਰਣਜੀਤ ਸਿੰਘ ਦੀ ਨਿਰਪੱਖਤਾ, ਅਰਥਾਤ, ਗੈਰਜਾਨਬਦਾਰੀ ਨੂੰ ਯਕੀਨੀ ਬਣਾਉਣ ਖ਼ਾਤਰ, ਉਸ ਨੇ ਸਿੰਧ-ਪਾਰ ਦੇ ਉਨ੍ਹਾਂ ਮਕਬੂਜ਼ਾ ਇਲਾਕਿਆਂ 'ਤੇ ਉਸ ਦੇ ਹੱਕ ਨੂੰ ਸਵੀਕਾਰ ਕੀਤੇ ਜਾਣ ਦੀ ਗੱਲ ਮੰਨ ਲਈ, ਜੋ ਕਿ ਪਹਿਲਾਂ ਅਫਗਾਨਿਸਤਾਨ ਦੇ ਸਨ। ਸ਼ਾਹ ਸ਼ੁਜਾਅ ਰਾਹ ਵਿਚ ਸਿੰਧ ਦੇ 'ਅਮੀਰਾਂ' ਨੂੰ ਹਰਾਉਂਦਾ ਹੋਇਆ, ਕੰਧਾਰ ਵੱਲੀ ਵਧਿਆ। ਪਰ ਜੁਲਾਈ 1834 ਵਿਚ ਉਸ ਨੂੰ ਦੋਸਤ ਮੁਹੰਮਦ ਖ਼ਾਨ ਤੋਂ ਹਾਰ ਦਾ ਮੂੰਹ ਵੇਖਣਾ ਪਿਆ, ਜੋ ਕਿ ਹੁਣ ਕਾਬਲ ਵਿਚ ਸੱਤਾ ਵਿਚ ਸੀ। ਇਸ ਦੌਰਾਨ ਸਰਦਾਰ ਹਰੀ ਸਿੰਘ ਨਲਵਾ ਨੇ ਸੁਲਤਾਨ ਮੁਹੰਮਦ ਖ਼ਾਨ ਨੂੰ ਪੇਸ਼ਾਵਰ ਤੋਂ ਖਦੇੜ ਦਿਤਾ ਅਤੇ ਇਲਾਕੇ ਦੀ ਸੂਬੇਦਾਰੀ ਸੰਭਾਲ ਲਈ। ਸੁਲਤਾਨ ਮੁਹੰਮਦ ਆਪਣੇ ਭਰਾ ਦੋਸਤ ਮੁਹੰਮਦ ਪਾਸ ਚਲਾ ਗਿਆ।

ਦੋਸਤ ਮੁਹੰਮਦ ਖ਼ਾਨ ਨੇ ਰਣਜੀਤ ਸਿੰਘ ਨੂੰ ਲਿਖਿਆ ਕਿ, 'ਜੇ ਆਪਣੀ ਹੈਂਕੜ ਅਰਥਾਤ ਘੁਮੰਡ ਕਾਰਨ ਮਹਾਰਾਜੇ ਨੇ ਮੇਰੀ ਬੇਨਤੀ ਵਲ ਧਿਆਨ ਨਾ ਦਿਤਾ ਤਦ ਮੈਂ ਜੰਗ ਲਈ ਲੰਗਰ ਲੰਗੋਟੇ ਕੱਸ ਲਵਾਂਗਾ ਅਤੇ ਉਸ ਦੇ ਗੁਲਾਬ ਦੇ ਬਾਗ ਦੇ ਵਿਹੜੇ ਵਿਚ ਇਕ ਕੰਡਾ ਬਣ ਜਾਵਾਂਗਾ। ਮੈਂ ਮੁਜਾਹਿਦਾਂ ਦੀ ਫੌਜ ਇਕੱਠੀ ਕਰਾਂਗਾ ਜੋ ਮਰਨ-ਮਾਰਨ ਤੋਂ ਬਿਨਾ ਹੋਰ ਕੁੱਝ ਨਹੀਂ ਜਾਣਦੇ, ਅਰਥਾਤ, ਜੋ ਸਿਰ 'ਤੇ ਕਫਨ ਬੰਨ੍ਹੀ ਫਿਰਦੇ ਹਨ। ਮੈਂ ਸਭ ਪਾਸੇ ਭੜਥੂ ਪਾ ਦੇਵਾਂਗਾ ਅਤੇ ਸਭਨੀਂ ਥਾਈਂ ਅਫਰਾਤਫਰੀ ਮਚਾ ਦੇਵਾਂਗਾ'। ਦੋਸਤ ਮੁਹੰਮਦ ਪੇਸ਼ਾਵਰ ਲੈਣਾ ਚਾਹੁੰਦਾ ਸੀ, ਪਰ ਰਣਜੀਤ ਸਿੰਘ ਨੇ ਉਸ ਨੂੰ ਸਦੀਵੀ ਤੌਰ ਤੇ ਆਪਣੇ ਕਬਜ਼ੇ ਹੇਠ ਰਖਣ ਦਾ ਫੈਸਲਾ ਕਰ ਲਿਆ ਹੋਇਆ ਸੀ।

ਉਸ ਨੇ ਦੋਸਤ ਮੁਹੰਮਦ ਨੂੰ ਅਜਿਹੇ ਸ਼ਬਦਾਂ ਵਿਚ ਜਵਾਬ ਦਿਤਾ, ਜਿਸ ਨਾਲ ਸ਼ਕ ਦੀ ਕੋਈ ਗੁੰਜਾਇਸ਼ ਨਾ ਰਹੀ : 'ਅਸੀਂ ਅੜੀਅਲ ਸਰਦਾਰਾਂ ਦੇ ਸਿਰ ਭੰਨੇ ਹਨ ਅਤੇ ਦੁਸ਼ਮਣਾਂ ਨੂੰ ਬੇੜੀਆਂ ਪਹਿਣਾਈਆਂ ਹਨ। ਜੇ ਦੋਸਤ, ਲੋਭ ਅਤੇ ਲਾਲਚ ਵੱਸ ਹੋ ਆਪਣੀ ਛੋਟੀ ਜਿਹੀ ਫੌਜ ਨਾਲ ਲੜਾਈ ਲੜਨਾ ਚਾਹੁੰਦਾ ਹੈ, ਤਾਂ ਜੀ ਸਦਕੇ, ਉਹ ਇਸ ਲਈ ਆਏ'।

ਸਯੱਦ ਅਹਿਮਦ ਦੀ ਰੀਸ ਕਰਦਿਆਂ, ਦੋਸਤ ਮੁਹੰਮਦ ਨੇ 'ਅਮੀਰ ਅਲ-ਮੋਮਨੀਨ' ਦੀ ਉਪਾਧੀ ਧਾਰਨ ਕਰ ਲਈ, ਅਫਗਾਨਾਂ ਦੀ ਹਮਾਇਤ ਹਾਸਲ ਕਰਨ ਲਈ ਉਨ੍ਹਾਂ ਦੇ ਧਾਰਮਕ ਜਜ਼ਬਾਤ (ਭਾਵਨਾਵਾਂ) ਨੂੰ ਅਪੀਲ ਕੀਤੀ ਅਤੇ 1835 ਦੇ ਸ਼ੁਰੂ ਵਿਚ ਪੇਸ਼ਾਵਰ ਵੱਲੀ ਵਧਿਆ। ਉਸ ਨਾਲ ਗਲਬਾਤ ਲਈ ਫਕੀਰ ਅਜ਼ੀਜ਼ੁਦੀਨ ਨੂੰ ਘਲਿਆ ਗਿਆ। ਉਸ ਦੇ ਨਾਲ ਹੀ, ਲਾਹੌਰ ਦਰਬਾਰ ਦੀਆਂ ਫੌਜਾਂ ਨੇ ਉਸ ਦੇ ਕੈਂਪ ਨੂੰ ਘੇਰਾ ਪਾ ਲਿਆ। 'ਕੰਪੂ-ਏ-ਮੁਅੱਲਾ' ਦੇ ਫੌਜਦਾਰ (ਕਮਾਂਡਰ) ਜਨਰਲ ਤੇਜ ਸਿੰਘ ਨੂੰ 1834-35 ਵਿਚ, ਰਣਜੀਤ ਸਿੰਘ ਨੇ ਪੰਜ ਸੌ ਤੋਂ ਵਧ ਹੁਕਮ ਜਾਰੀ ਕੀਤੇ, ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਰਣਜੀਤ ਸਿੰਘ ਜ਼ਾਤੀ ਤੌਰ ਤੇ ਹਰੇਕ ਮਾਮਲੇ ਦੇ ਵੇਰਵਿਆਂ ਵੱਲੀ ਕਿੰਨਾ ਧਿਆਨ ਦਿੰਦਾ, ਅਤੇ ਉਨ੍ਹਾਂ ਦੀ ਘੋਖ-ਪੜਤਾਲ ਕਰਦਾ ਸੀ। ਸੁਲਤਾਨ ਮੁਹੰਮਦ ਨੂੰ ਭਰੋਸਾ ਨਹੀਂ ਸੀ ਕਿ ਜੇ ਦੋਸਤ ਮੁਹੰਮਦ ਖਾਨ ਕਾਮਯਾਬੀ ਹਾਸਲ ਕਰ ਹੀ ਲਵੇ ਤਦ ਪੇਸ਼ਾਵਰ ਉਸ ਨੂੰ ਮਿਲ ਜਾਏਗਾ। ਉਹ ਅਫਗਾਨ ਧਿਰ ਦਾ ਸਾਥ ਛਡ ਕੇ ਲਾਹੌਰ ਦੀ ਫੌਜ ਨਾਲ ਆ ਰਲਿਆ। 'ਅਮੀਰ-ਅਲ-ਮੋਮਨੀਨ' ਮਈ ਵਿਚ ਮੈਦਾਨ ਛਡ ਕੇ ਕਾਬਲ ਭਜ ਗਿਆ, ਉਹ ਆਪਣੀਆਂ ਦੋ ਤੋਪਾਂ ਅਤੇ ਬਹੁਤ ਸਾਰਾ ਸਾਜ਼-ਸਾਮਾਨ ਵੀ ਪਿਛੇ ਛਡ ਗਿਆ। ਰਣਜੀਤ ਸਿੰਘ ਨੇ ਸੁਲਤਾਨ ਮੁਹੰਮਦ ਖਾਨ ਨੂੰ ਵਾਹਵਾ ਵਡੀਆਂ ਜਾਗੀਰਾਂ ਦਿਤੀਆਂ। ਪੇਸ਼ਾਵਰ ਵੀ ਰਣਜੀਤ ਸਿੰਘ ਦੀ ਸਲਤਨਤ ਦਾ ਇਕ ਭਾਗ ਬਣ ਗਿਆ।

ਮਾਰਚ 1836 ਵਿਚ ਰਣਜੀਤ ਸਿੰਘ ਨੇ ਰਾਜਾ ਸੁਚੇਤ ਸਿੰਘ ਨੂੰ ਹੁਕਮ ਦਿਤਾ ਕਿ ਉਹ ਅਮੀਰ ਚੰਦ ਦੇ ਤੋਪਖਾਨੇ ਦੀ ਮਦਦ ਨਾਲ ਬੰਨੂੰ ਅਤੇ ਟਾਂਕ ਦਾ ਪ੍ਰਸ਼ਾਸਨ ਸੰਭਾਲ ਲਵੇ। ਸਰਦਾਰ ਫਤਿਹ ਸਿੰਘ ਨੂੰ ਡੇਰਾ ਇਸਮਾਈਲ ਖਾਨ ਦੇ ਨਵਾਬ ਦੇ ਖਿਲਾਫ ਘਲਿਆ ਗਿਆ। ਜੂਨ 1836 ਵਿਚ ਰਣਜੀਤ ਸਿੰਘ ਨੂੰ ਖਬਰ ਮਿਲੀ ਕਿ ਉਸ ਦੇ ਜਰਨੈਲ ਜਿੱਤ ਗਏ ਹਨ। ਡੇਰਾ ਇਸਮਾਈਲ ਖਾਨ ਦੇ ਨਵਾਬ ਨੇ 36 ਤੋਪਾਂ ਸਮੇਤ ਆਤਮ-ਸਮੱਰਪਣ ਕਰ ਦਿਤਾ, ਉਸ ਨੂੰ ਇਕ ਲਖ ਰੁਪਏ ਦੀ ਜਾਗੀਰ ਦੇ ਦਿਤੀ ਗਈ। ਕੰਵਰ ਨੌਨਿਹਾਲ ਸਿੰਘ ਨੂੰ ਬੰਨੂੰ, ਟਾਂਕ ਅਤੇ ਡੇਰਾ ਇਸਮਾਈਲ ਖਾਨ ਦੇ ਇਲਾਕਿਆਂ ਦੇ ਪ੍ਰਸ਼ਾਸਨ ਦੀ ਪੇਸ਼ਕਸ਼ ਕੀਤੀ ਗਈ, ਬਸ਼ਰਤੇ ਕਿ, ਉਹ ਮਾਲੀਏ ਵਜੋਂ ਸਾਢੇ ਚਾਰ ਲੱਖ ਰੁਪਏ ਸਾਲਾਨਾ ਦੇਣ ਲਈ ਤਿਆਰ ਹੋਏ।

ਇਸ ਤੋਂ ਤਿੰਨ ਮਹੀਨੇ ਪਹਿਲਾਂ ਜ਼ੋਰਾਵਰ ਸਿੰਘ, ਰਚਨਾ ਦੁਆਬ ਦੇ ਜੰਡਿਆਲਾ ਸ਼ੇਰ ਖਾਨ ਵਿਖੇ, ਰਣਜੀਤ ਸਿੰਘ ਦੇ ਹਜ਼ੂਰ ਲੱਦਾਖ ਤੋਂ ਲਿਆਂਦਾ ਖਿਰਾਜ ਦੇਣ ਲਈ ਪੇਸ਼ ਹੋਇਆ ਸੀ। ਕਿਸ਼ਤਵਾੜ ਦੇ ਪੂਰਵ ਰਜਵਾੜੇ ਵਿਚ ਜੰਮੂ ਦੇ ਰਾਜਿਆਂ ਦਾ ਕਮਾਂਡਰ (ਫੌਜਦਾਰ) ਹੋਣ ਦੇ ਨਾਤੇ, ਜ਼ੋਰਾਵਰ ਸਿੰਘ ਨੇ ਲਦੱਾਖ ਦੇ ਹੁਕਮਰਾਨ ਨੂੰ ਉਸ ਕੁਝ ਇਲਾਕੇ ਤੋਂ ਦਸਤਬਰਦਾਰ ਹੋਣ 'ਤੇ ਮਜਬੂਰ ਕਰ ਦਿਤਾ ਸੀ, ਜੋ ਕਦੀ ਕਿਸ਼ਤਵਾੜ ਦਾ ਹੁੰਦਾ ਸੀ। ਫੇਰ, 1835 ਵਿਚ ਉਸ ਨੇ ਲਦੱਾਖ ਦੇ ਇਕ

ਵਜ਼ੀਰ ਦੀ ਮਦਦ ਕਰਕੇ, ਜੋ ਕਿ ਰਣਜੀਤ ਸਿੰਘ ਨੂੰ ਤੀਹ ਹਜ਼ਾਰ ਰੁਪਏ ਸਾਲਾਨਾ ਖਿਰਾਜ ਅਦਾ ਕਰਨ ਨੂੰ ਤਿਆਰ ਸੀ, ਉਥੋਂ ਦੇ ਹੁਕਮਰਾਨ ਨੂੰ ਗਦੀਓਂ ਲਾਹ ਦਿਤਾ ਸੀ। ਨਜ਼ਰਾਨਾ ਪੇਸ਼ ਕਰਨ ਤੋਂ ਬਾਅਦ, ਜ਼ੋਰਾਵਰ ਸਿੰਘ ਨੇ ਬੇਨਤੀ ਕੀਤੀ ਕਿ ਉਸ ਨੂੰ ਤਿਬੱਤ ਤੇ ਚੜ੍ਹਾਈ ਕਰਨ ਦੀ ਆਗਿਆ ਦਿਤੀ ਜਾਏ, ਤਾਂ ਜੋ ਚੀਨ ਦੇ ਰਾਜੇ ਦੇ ਅਧਿਕਾਰ ਨੂੰ ਖ਼ਤਮ ਕਰ ਕੇ, ਤਿਬੱਤ ਨੂੰ ਆਪਣੇ ਅਧੀਨ ਕੀਤਾ ਜਾਏ। ਇਸ ਤੇ ਰਣਜੀਤ ਸਿੰਘ ਨੇ ਪੁਛਿਆ, 'ਤਿਬੱਤ ਨੂੰ ਚੀਨ ਦੇ ਬਾਦਸ਼ਾਹ ਕੋਲੋਂ ਕਿਵੇਂ ਜਿਤਿਆ ਜਾ ਸਕਦਾ ਹੈ, ਉਸ ਦੀ ਫ਼ੌਜ ਦੀ ਗਿਣਤੀ ਹੀ ਵੀਹ ਲਖ ਹੈ'? ਅਸਲ ਵਿਚ ਉਹ ਲੱਦਾਖ ਦੇ ਹੁਕਮਰਾਨ ਤੋਂ ਖਿਰਾਜ ਵਸੂਲਣ ਬਾਰੇ ਚੀਨ ਦਾ ਪ੍ਰਤੀਕ੍ਰਮ ਜਾਣਨਾ ਚਾਹੁੰਦਾ ਸੀ। ਉਧਰੋਂ ਕੋਈ ਪ੍ਰਤੀਕ੍ਰਮ ਨਜ਼ਰ ਨਾ ਆਇਆ, ਇਸ ਦਾ ਕਾਰਨ ਇਹ ਸੀ ਕਿ ਲੱਦਾਖ ਦਾ ਰਾਜਾ ਅਧਿਰਾਜਗੀ ਤਾਂ ਚੀਨ ਦੀ ਮੰਨਦਾ ਰਿਹਾ ਪਰ ਨਾਲ ਹੀ ਰਣਜੀਤ ਸਿੰਘ ਨੂੰ ਖਿਰਾਜ ਦੀ ਰਕਮ ਵੀ ਅਦਾ ਕਰਦਾ ਰਿਹਾ। ਲੁਧਿਆਨਾ-ਸਥਿਤ ਪੋਲੀਟੀਕਲ ਏਜੰਟ ਸੀ.ਐਮ. ਵੇਡ ਵਲੋਂ ਇਕ ਰੋਸ-ਪਤਰ ਆਇਆ। ਰਣਜੀਤ ਸਿੰਘ ਨੇ ਉਸ ਨੂੰ ਇਹ ਤੱਥ ਯਾਦ ਕਰਵਾਇਆ ਕਿ ਲੱਦਾਖ ਸਤਲੁਜ ਦੇ ਉਸ ਵਾਲੇ ਪਾਸੇ ਸੀ।

ਰਣਜੀਤ ਸਿੰਘ ਨੇ 1836 ਵਿਚ ਮੁੜ ਸ਼ਿਕਾਰਪੁਰ ਤੇ ਕਬਜ਼ਾ ਕਰਨ ਦੀ ਸੋਚੀ। ਮਿਠਨਕੋਟ ਅਤੇ ਸ਼ਿਕਾਰਪੁਰ ਦੇ ਵਿਚਕਾਰਲੇ ਇਲਾਕੇ ਵਿਚ ਮਜ਼ਾਰੀ ਕਬੀਲੇ ਦੇ ਬਲੋਚ ਵਸਦੇ ਸਨ। ਉਨ੍ਹਾਂ ਨੂੰ ਸਿੰਧ ਦੇ 'ਅਮੀਰਾਂ' ਹੱਲਾਸ਼ੇਰੀ ਦਿਤੀ, ਅਤੇ ਸਯੱਦ ਅਹਿਮਦ ਦੇ ਇਕ ਪੈਰੋਕਾਰ ਨੇ, ਜਿਸ ਦੇ ਹੈਡ-ਕਵਾਰਟਰ ਸ਼ਿਕਾਰਪੁਰ ਵਿਚ ਹੀ ਸਨ, ਉਕਸਾਇਆ ਕਿ ਲਾਹੌਰ ਦਰਬਾਰ ਦੀ ਪਰਜਾ ਅਤੇ ਫ਼ੌਜੀਆਂ ਵਿਰੁਧ ਆਕ੍ਰਮਣਸ਼ੀਲ ਹੋਣ। ਉਨ੍ਹਾਂ ਨੇ ਲਾਹੌਰ ਸਰਕਾਰ ਦੇ ਪਿੰਡ ਲੁੱਟੇ ਅਤੇ ਕੁਝ ਫ਼ੌਜੀ ਚੌਕੀਆਂ ਤੇ ਧਾਵੇ ਵੀ ਬੋਲੇ। ਇਹ ਕਾਰਵਾਈ ਕਈ ਮਹੀਨੇ ਚਲਦੀ ਰਹੀ। ਆਖ਼ਰਕਾਰ, 1836 ਦੀਆਂ ਗਰਮੀਆਂ ਵਿਚ ਕੰਵਰ ਖੜਕ ਸਿੰਘ ਨੂੰ, ਮੁਲਤਾਨ ਦੇ ਲਾਇਕ ਅਤੇ ਤਜੱਰਬਾਕਾਰ ਸੂਬੇਦਾਰ, ਦੀਵਾਨ ਸਾਵਨ ਮਲ ਦੀ ਸਹਾਇਤਾ ਨਾਲ, ਮਜ਼ਾਰੀਆਂ ਨੂੰ ਸੋਧਣ ਲਈ ਘਲਿਆ ਗਿਆ। ਰਣਜੀਤ ਸਿੰਘ ਨੂੰ 15 ਅਗਸਤ ਨੂੰ ਖ਼ਬਰ ਮਿਲੀ ਕਿ ਮਜ਼ਾਰੀ ਹਾਰ ਗਏ ਹਨ ਅਤੇ ਉਨ੍ਹਾਂ ਦੇ ਸਭ ਤੋਂ ਮਹੱਤਵਪੂਰਨ ਸ਼ਹਿਰ ਰੋਝਾਂ 'ਤੇ ਕਬਜ਼ਾ ਹੋ ਗਿਆ ਹੈ।

ਰਣਜੀਤ ਸਿੰਘ ਦੇ ਏਲਚੀਆਂ ਨੇ ਸ਼ਾਹ ਸੁਜਾਅ ਨੂੰ ਸੁਝਾਅ ਦਿਤਾ ਕਿ ਜੇ ਉਹ ਸ਼ਿਕਾਰਪੁਰ ਅਤੇ ਪੇਸ਼ਾਵਰ 'ਤੇ ਲਾਹੌਰ ਸਰਕਾਰ ਦਾ ਹੱਕ ਮੰਨ ਕੇ, ਬੇਸ਼ਕ ਕਾਬਲ ਦਾ ਤਖ਼ਤ ਮੁੜ ਹਾਸਲ ਕਰੇ। ਅੰਗ੍ਰੇਜ਼ ਨਹੀਂ ਸਨ ਚਾਹੁੰਦੇ ਕਿ ਉਹ ਸ਼ਿਕਾਰਪੁਰ ਨੂੰ ਆਪਣੇ ਕਬਜ਼ੇ 'ਚ ਲੈ ਲਵੇ। ਸੋ ਰਣਜੀਤ ਸਿੰਘ ਨੂੰ ਸਿੰਧ ਦੇ ਅਮੀਰਾਂ ਵਿਰੁਧ ਕੋਈ ਕਾਰਵਾਈ ਨਾ ਕਰਨ ਲਈ ਪ੍ਰੇਰਨ ਵਾਸਤੇ, ਸੀ.ਐਮ. ਵੇਡ ਨੂੰ ਲਾਹੌਰ ਘਲਿਆ ਗਿਆ। ਜਦ ਉਸ ਨੇ ਇਸ ਗਲ ਵਲ ਇਸ਼ਾਰਾ ਕੀਤਾ ਕਿ ਸ਼ਿਕਾਰਪੁਰ ਸਤਲੁਜ ਦੇ ਸੱਜੇ ਕੰਢੇ ਵਾਲੇ ਪਾਸੇ ਹੈ, ਵੇਡ ਨੇ ਕੱਚੀ ਜਿਹੀ ਦਲੀਲ ਦਿਤੀ ਕਿ ਸਤਲੁਜ ਅਤੇ ਸਿੰਧ ਦਰਿਆ ਦੇ ਸੰਗਮ ਪਿਛੋਂ ਸਤਲੁਜ ਦੀ ਹੋਂਦ ਨਹੀਂ ਰਹਿੰਦੀ। ਹੁਣ ਰਣਜੀਤ ਸਿੰਘ ਸਾਹਵੇਂ ਇਹ ਗਲ ਮੰਨਣ ਜਾਂ ਅੰਗ੍ਰੇਜ਼ਾਂ ਨਾਲ ਜੰਗ ਤੋਂ ਬਿਨਾ, ਹੋਰ ਕੋਈ ਰਾਹ ਨਹੀਂ ਸੀ। ਉਸਨੇ ਜੰਗ ਨਾ ਕਰਨ ਦਾ ਫੈਸਲਾ ਲਿਆ। ਪਰ ਉਸ ਨੇ ਰੋਝਾਂ ਖ਼ਾਲੀ ਕਰਨ ਤੋਂ, ਛਡਣ ਤੋਂ ਇਨਕਾਰ ਕਰ ਦਿਤਾ।

ਪੇਸ਼ਾਵਰ ਖੇਤਰ ਵਿਚ ਹਰੀ ਸਿੰਘ ਨਲਵਾ ਆਪਣੀਆਂ ਜਿੱਤਾਂ ਖ਼ੈਬਰ ਦੇ ਦੱਰੇ ਤੀਕਰ ਲੈ ਗਿਆ ਅਤੇ ਉਸ ਇਕ ਕਿਲ੍ਹਾ ਜਮਰੌਦ ਵਿਖੇ ਉਸਾਰਿਆ, ਅਤੇ ਇਕ ਕਿਲ੍ਹਾ ਪੇਸ਼ਾਵਰ ਅਤੇ ਜਮਰੌਦ ਵਿਚਕਾਰ ਸ਼ਬ-ਕਦਰ ਵਿਖੇ ਬਣਾਇਆ। ਦੋਸਤ ਮੁਹੰਮਦ ਦੇ ਮਨ ਵਿਚ ਇਹ ਗਲ ਆ ਗਈ ਕਿ ਰਣਜੀਤ ਸਿੰਘ ਅਗੇ ਅਫ਼ਗਾਨਿਸਤਾਨ ਅੰਦਰ ਵੀ ਆਪਣੇ ਰਾਜ ਦਾ ਵਿਸਤਾਰ ਕਰਨਾ ਚਾਹੁੰਦਾ ਹੈ। ਹੁਣ ਉਸ ਦੀ ਪੇਸ਼ਾਵਰ ਦੇ ਇਲਾਕੇ ਮੁੜ ਹਾਸਲ ਕਰਨ ਦੀ ਵੀ ਇੱਛਾ ਪ੍ਰਬਲ ਹੋ ਗਈ। ਉਸ ਦੀ ਰਣ-ਨੀਤੀ, ਪੇਸ਼ਾਵਰ 'ਤੇ ਚੜ੍ਹਾਈ ਕਰਨ ਤੋਂ ਪਹਿਲਾਂ ਜਮਰੌਦ ਅਤੇ ਸ਼ਬ-ਕਦਰ ਦੀਆਂ ਚੌਕੀਆਂ ਨੂੰ ਸਭ ਪਾਸਿਆਂ ਤੋਂ ਕਟ ਕੇ ਅਲਗ-ਥਲਗ ਕਰ ਕੇ, ਉਨ੍ਹਾਂ ਨੂੰ ਜਿਤੱਣ, ਦੀ ਸੀ। ਅਪ੍ਰੈਲ 1837 ਵਿਚ ਉਸ ਨੇ ਆਪਣੇ ਪੁੱਤਰ ਮੁਹੰਮਦ ਅਕਬਰ ਖ਼ਾਨ ਨੂੰ 25 ਹਜ਼ਾਰ ਸਿਪਾਹੀ ਅਤੇ ਅ..ਰਾਂ ਤੋਪਾਂ ਦੇ ਕੇ ਜਮਰੌਦ 'ਤੇ ਹਮਲਾ ਕਰਨ ਲਈ ਘਲਿਆ। ਜਮਰੌਦ ਦੇ ਫੌਜਦਾਰ, ਮਹਾਂ ਸਿੰਘ ਕੋਲ ਉਸ ਸਮੇਂ ਸਿਰਫ 600 ਆਦਮੀ ਸਨ। ਅਫ਼ਗਾਨਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਦਬਾਇਆ ਹੋਇਆ ਸੀ, ਪਰ ਹਰੀ ਸਿੰਘ ਨਲਵਾ ਸਮੇਂ ਸਿਰ ਉਨ੍ਹਾਂ ਦੀ ਮਦਦ ਲਈ ਪੁਜ ਗਿਆ। ਜਮਰੌਦ ਲਾਗੇ 30 ਅਪ੍ਰੈਲ ਨੂੰ ਘਮਸਾਨ ਦੀ ਲੜਾਈ ਹੋਈ। ਅਫ਼ਗਾਨਾਂ ਦੇ 11,000 ਬੰਦੇ ਮਾਰੇ ਗਏ। ਇਸ ਲੜਾਈ ਵਿਚ ਦੋਸਤ ਮੁਹੰਮਦ ਦਾ ਸਭ ਤੋਂ ਵਡਾ ਪੁੱਤਰ ਵੀ ਮਾਰਿਆ ਗਿਆ। ਹਰੀ ਸਿੰਘ ਨਲਵਾ ਵੀ ਜ਼ਖਮੀ ਹੋਇਆ ਅਤੇ ਜਮਰੌਦ ਦੇ ਕਿਲ੍ਹੇ ਵਿਚ ਅਕਾਲ ਚਲਾਣਾ ਕਰ ਗਿਆ। ਰਣਜੀਤ ਸਿੰਘ ਇਹ ਦੁਖਦਾਈ ਖ਼ਬਰ ਸੁਣ ਕੇ ਬਹੁਤ ਹੀ ਦੁਖੀ ਹੋਇਆ, ਉਸ ਦੀਆਂ ਅੱਖਾਂ ਭਰ ਆਈਆਂ, ਉਸ ਦਾ ਉਮਰ ਭਰ ਦਾ ਸਾਥੀ ਅਤੇ ਉਸ ਦੀ ਫੌਜ ਦਾ ਸਭ ਤੋਂ ਵਧੀਆ ਜਰਨੈਲ ਉਸ ਦਾ ਸਾਥ ਹਮੇਸ਼ਾ ਲਈ ਛਡ ਗਿਆ ਸੀ।

ਰਣਜੀਤ ਸਿੰਘ 1938 ਵਿਚ, ਇਕ ਢੰਗ ਨਾਲ ਆਪਣੀ ਚੜ੍ਹਤ (ਆਕਾਂਖਿਆ) ਦੇ ਸਿਖਰ ਤੇ ਪੁਜ ਚੁਕਾ ਸੀ। ਹਿੰਦੋਸਤਾਨ ਵਿਚਲੇ ਅੰਗ੍ਰੇਜ਼ ਉਸ ਨੂੰ ਵਿਸ਼ੇਸ਼ ਸਨਮਾਨ ਦਿੰਦੇ ਸਨ ਅਤੇ ਉਸ ਨਾਲ ਸਤਿਕਾਰ ਭਰੇ ਢੰਗ ਨਾਲ ਪੇਸ਼ ਆਉਂਦੇ ਸਨ। ਉਨ੍ਹਾਂ ਨਾਲ ਪ੍ਰਸਪਰ ਸੰਧੀ ਵਿਚ ਬੱਝ ਜਾਣ ਕਰਕੇ, ਉਹ ਕਾਬਲ ਦੇ ਅਫ਼ਗਾਨ ਹੁਕਮਰਾਨਾਂ ਦੀ ਕਿਸਮਤ ਦਾ ਇਕ ਨਿਰਣਾਇਕ ਬਣ ਗਿਆ। ਈਰਾਨ ਅਤੇ ਅਫ਼ਗਾਨਿਸਤਾਨ ਅੰਦਰ ਰੂਸੀ ਘੁਸਪੈਠ ਦੀਆਂ ਅਫਵਾਹਾਂ ਨੂੰ ਧਿਆਨ ਵਿਚ ਰਖ, ਅੰਗ੍ਰੇਜ਼ਾਂ ਨੇ ਬਰਨਜ਼ ਨੂੰ ਦੋਸਤ ਮੁਹੰਮਦ ਨਾਲ ਗਠਜੋੜ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਅਫ਼ਗਾਨਿਸਤਾਨ ਘਲਿਆ। ਪਰ ਦੋਸਤ ਮੁਹੰਮਦ ਨੇ ਰੂਸ ਪ੍ਰਤੀ ਆਪਣੀ ਤਰਜੀਹ ਦਰਸਾਈ। ਮੁਕਦੀ ਗਲ, ਉਸ ਨੇ ਸਹਿਯੋਗ ਦੇਣ ਬਦਲੇ ਪੇਸ਼ਾਵਰ ਉਸ ਨੂੰ ਦਿਤੇ ਜਾਣ ਦੀ ਮੰਗ ਰਖੀ। ਗਵਰਨਰ ਜਨਰਲ ਨੂੰ ਦੋਸਤ ਮੁਹੰਮਦ ਅਤੇ ਰਣਜੀਤ ਸਿੰਘ ਵਿਚੋਂ ਇਕ ਨੂੰ ਚੁਣਨਾ ਪੈਣਾ ਸੀ। ਉਸ ਨੇ ਰਣਜੀਤ ਸਿੰਘ ਨੂੰ ਹੀ ਚੁਣਿਆ।


ਸ਼ਾਹ ਸ਼ੁਜਾਹ ਨੂੰ ਅੰਗ੍ਰੇਜ਼ਾਂ ਅਤੇ ਰਣਜੀਤ ਸਿੰਘ ਦੇ ਸਾਂਝੇ ਉੱਦਮ ਨਾਲ ਕਾਬਲ ਦੇ ਤਖ਼ਤ ਤੇ ਬਿਠਾਉਣ ਦੀ ਇਕ ਵਿਉਂਤ ਵਿਉਂਤੀ ਗਈ। ਲਾਰਡ ਆੱਕਲੈਂਡ ਨੇ ਡਬਲਿਊ.ਐਚ. ਮੈਕਨਾਟਨ ਨੂੰ ਲਾਹੌਰ ਘਲਿਆ, ਸੀ.ਐਮ.ਵੇਡ ਅਤੇ ਡਬਲਿਊ.ਜੀ. ਆੱਸਬਰਨ ਵੀ ਉਸ ਸੰਗ ਗਏ। ਨਵੰਬਰ 1836 ਦੇ ਅੰਤ ਨੇੜੇ ਫੀਰੋਜ਼ਪੁਰ ਵਿਖੇ ਰਣਜੀਤ ਸਿੰਘ ਅਤੇ ਗਵਰਨਰ ਜਨਰਲ ਆੱਕਲੈਂਡ ਦੀ ਮੁਲਾਕਾਤ ਹੋਈ। ਇਹ ਰੋਪੜ ਵਿਖੇ ਰਣਜੀਤ ਸਿੰਘ ਅਤੇ ਲਾਰਡ ਵਿਲੀਅਮ ਬੈਨਟਿਕ ਦੀ ਮਿਲਣੀ ਨਾਲੋਂ ਕਿਤੇ ਵਧ ਪ੍ਰਭਾਵਸ਼ਾਲੀ ਸੀ। ਤਿੰਨਾਂ ਧਿਰਾਂ, ਅਰਥਾਤ, ਰਣਜੀਤ ਸਿੰਘ, ਅੰਗ੍ਰੇਜ਼ਾਂ ਅਤੇ ਸ਼ਾਹ



ਮਹਾਰਾਜਾ ਰਣਜੀਤ ਸਿੰਘ ਅਤੇ ਉਹਨਾਂ ਦਾ ਦਰਬਾਰ (ਲਾਹੌਰ)



ਮੈਡਲ ਮਹਾਰਾਜਾ ਰਣਜੀਤ ਸਿੰਘ (1831)



ਕੌਤਬ-ਏ-ਪੰਜਾਬ

ਸ਼ੁਜਾਅ ਨੇ ਇਕ ਅਹਿਦਨਾਮੇ (ਸੰਧੀ) ਉਪਰ ਦਸਤਖ਼ਤ ਕੀਤੇ। ਰਣਜੀਤ ਸਿੰਘ ਨੂੰ ਸਿੰਧ ਪਾਰਲੇ ਉਸ ਦੇ ਸਾਰੇ ਇਲਾਕੇ ਦਾ, ਜਾਇਜ਼ ਹੁਕਮਰਾਨ ਮੰਨਿਆ ਗਿਆ। ਜ਼ਮਨ ਸ਼ਾਹ ਦੇ ਹਮਲੇ ਤੋਂ ਚਾਲੀ ਸਾਲ ਬਾਅਦ ਅਫਗਾਨਾਂ ਦਾ ਪਾਸਾ ਉੱਕਾ ਹੀ ਪੁੱਠਾ ਪੈ ਗਿਆ।

ਰਣਜੀਤ ਸਿੰਘ ਦੀ ਬੈਨਟਿਕ ਨਾਲ ਮੁਲਾਕਾਤ ਦੇ ਸਮੇਂ ਨਾਲੋਂ ਉਸ ਦੀ ਫੌਜ ਹੁਣ ਕਿਤੇ ਵਧ ਤਾਕਤਵਰ ਸੀ। 'ਫੌਜ-ਏ-ਖ਼ਾਸ' ਦੇ ਨਮੂਨੇ (ਮਾਡਲ) 'ਤੇ ਉਹ ਕਈ ਬ੍ਰਗੇਡਾਂ ਵਿਚ ਜਥੇਬੰਦ ਕੀਤੀ ਗਈ ਸੀ। ਹੋਰ ਵਧੇਰੇ ਯੂਰਪੀ ਫੌਜ ਵਿਚ ਭਰਤੀ ਕਰ ਲਏ ਗਏ ਸਨ। ਬਾਕਾਇਦਾ ਪੈਦਲ ਸੈਨਾ, ਘੋੜ-ਸਵਾਰ ਫੌਜ (ਰਸਾਲਿਆਂ) ਅਤੇ ਤੋਪਖ਼ਾਨੇ ਵਿਚ ਸਿੱਖਾਂ ਦੀ ਗਿਣਤੀ ਅਤੇ ਅਨੁਪਾਤ ਬਹੁਤ ਵਧ ਗਿਆ ਸੀ। ਬਾਕਾਇਦਾ ਪੈਦਲ ਸੈਨਾ ਦੀਆਂ ਬਟਾਲੀਅਨਾਂ ਦੀ ਗਿਣਤੀ 31 ਹਜ਼ਾਰ ਤੀਕਰ ਵਧ ਗਈ, ਜਿਨ੍ਹਾਂ ਵਿਚ ਲਗਭਗ ਤੀਹ ਹਜ਼ਾਰ ਦੀ ਨਫਰੀ ਸੀ। ਰੈਗੂਲਰ ਆਰਮੀ (ਪੱਕੀ ਆਇਨੀ ਫੌਜ) ਦੀ ਗਿਣਤੀ 40,000 ਤੋਂ ਵਧ ਸੀ, ਜਦਕਿ ਰਣਜੀਤ ਸਿੰਘ ਦੀ ਹਥਿਆਰਬੰਦ ਫੌਜ ਵਿਚ 1,00,000 ਦੇ ਕਰੀਬ ਕੁਲ ਬੰਦੇ ਸਨ।

ਫੌਜ ਦੇ ਬਹੁਤੇ ਭਾਗ ਨੂੰ, ਅਸੈਨਿਕ ਪ੍ਰਸ਼ਾਸਨ (ਸਿਵਲ ਐਡਮਨਿਸਟ੍ਰੇਸ਼ਨ) ਦੇ ਅਮਲੇ ਵਾਂਙ, ਹਾਲੀ ਤੀਕਰ ਤਨਖ਼ਾਹ 'ਜਾਗੀਰਾਂ' ਦੇ ਰੂਪ ਵਿਚ ਹੀ ਦਿਤੀ ਜਾਂਦੀ ਸੀ। 'ਜਾਗੀਰ' ਦਿਤੇ ਜਾਣ ਦਾ ਅਰਥ ਇਹ ਨਹੀਂ ਕਿ ਜਾਗੀਰਦਾਰ ਨੂੰ ਉਕਤ ਜ਼ਮੀਨ ਦੀ ਮਾਲਕੀ ਦਾ ਹੱਕ ਮਿਲ ਗਿਆ। ਉਸ ਨੂੰ ਜਾਗੀਰ 'ਚ ਮਿਲੀ ਜ਼ਮੀਨ ਦਾ ਸਿਰਫ਼ ਮਾਲੀਆ ਉਗ੍ਰਾਹੁਣ ਦਾ ਹੱਕ ਹਾਸਲ ਸੀ। ਫੌਜ ਦੀ ਨੌਕਰੀ ਕਰਨ ਵਾਲੇ ਨੂੰ ਦੋ ਖ਼ਾਤਿਆਂ 'ਤੋਂ ਸੇਵਾ-ਫਲ ਦੀ ਅਦਾਇਗੀ ਹੁੰਦੀ ਸੀ: ਇਕ, ਉਸ ਦੇ ਨਿਜੀ ਸੇਵਾ-ਫਲ ਦੇ ਖ਼ਾਤੇ 'ਚੋਂ, ਅਤੇ ਦੂਜਾ, 'ਨਿਸਚਿਤ ਘੋੜ-ਸਵਾਰ ਰਖਣ' ਦੇ ਖ਼ਰਚ ਸੰਬੰਧੀ ਖ਼ਾਤੇ 'ਚੋਂ। 'ਘੋੜਚੜ੍ਹਿਆਂ' ਨੂੰ ਅਕਸਰ ਸਿਰ ਖ਼ੁਦ (ਵਿਅਕਤੀਗਤ ਰੂਪ ਵਿਚ) ਸਿਪਾਹੀ ਹੋਣ ਲਈ ਜਾਗੀਰਾਂ ਦਿਤੀਆਂ ਜਾਂਦੀਆਂ ਸਨ, ਉਹ ਹਰੇਕ ਜਣਾ ਆਪਣੇ ਆਪ ਦਾ ਹੀ ਜ਼ਿੰਮੇਦਾਰ ਹੁੰਦਾ ਸੀ। ਸਮੇਂ ਸਮੇਂ 'ਜਾਗੀਰਾਂ' ਦੇ ਤਬਾਦਲੇ ਹੁੰਦੇ ਸਨ। ਵਡੀਆਂ ਜਾਗੀਰਾਂ ਨਾਲ ਲਗਵੇਂ ਇਲਾਕੇ ਵਿਚ ਇੱਕੋ ਥਾਂ ਨਹੀਂ ਸਨ ਦਿਤੀਆਂ ਜਾਂਦੀਆਂ, ਅਰਥਾਤ, ਉਹ ਵੰਡਵੇਂ ਇਲਾਕਿਆਂ ਵਿਚ ਟੋਟੇ ਟੋਟੇ ਕਰ ਪ੍ਰਦਾਨ ਕੀਤੀਆਂ ਜਾਂਦੀਆਂ ਸਨ। ਸਾਧਾਰਨ ਘੋੜਸਵਾਰ ਨੂੰ 300 ਰੁਪਏ ਸਾਲਾਨਾ ਮਿਲਦੇ ਸਨ। ਫੌਜੀ ਸੇਵਾ ਨਿਭਾਉਣ ਵਾਲੇ ਸਰਵੁੱਚ 'ਜਾਗੀਰਦਾਰਾਂ' ਨੂੰ, ਜ਼ਾਤੀ ਤਨਖ਼ਾਹ ਅਤੇ ਆਪਣੇ ਘੋੜ-ਸਵਾਰਾਂ ਦੇ ਖ਼ਰਚ-ਪੱਠੇ ਲਈ, ਕਈ ਵਾਰ ਇਕ ਲਖ ਰੁਪਏ ਤੋਂ ਵਧ ਰਕਮ ਵੀ ਮਿਲ ਜਾਂਦੀ ਸੀ। ਸਿਵਲ (ਅਸੈਨਿਕ) ਪ੍ਰਸ਼ਾਸਨ ਵਾਲੇ ਪਾਸੇ, 'ਦੀਵਾਨ' ਵਰਗੇ ਮਹੱਤਵਪੂਰਨ ਅਹਿਲਕਾਰਾਂ ਨੂੰ ਕਈ ਵਾਰ ਪੰਜਾਹ ਹਜ਼ਾਰ ਰੁਪਏ ਸਾਲਾਨਾ ਤੋਂ ਵਧ ਮਿਲਦੇ ਸਨ। 'ਜਾਗੀਰਦਾਰੀ' ਵਿਵਸਥਾ ਨਿਰਾ ਇਕ ਅਦਾਇਗੀ ਦਾ ਤਰੀਕਾ ਹੀ ਨਹੀਂ ਸੀ। ਇਹ ਸਥਾਨਕ ਹਿਤਾਂ ਨੂੰ ਪਤਿਆਉਣ, ਅਰਥਾਤ ਟਿਕਾਣੇ ਸਿਰ ਰਖਣ ਦਾ, ਅਤੇ ਕੁਲੀਨ ਵਰਗ ਨੂੰ ਸੰਗਠਿਤ ਕਰਨ ਦਾ ਇਕ ਸਾਧਨ ਜਾਂ ਢੰਗ ਵੀ ਸੀ। ਜਾਗੀਰਦਾਰੀ ਵਿਵਸਥਾ (ਪ੍ਰਬੰਧ) ਦੇ ਕੁਸ਼ਲ ਸੰਚਾਲਣ ਲਈ ਇਹ ਜ਼ਰੂਰੀ ਸੀ ਕਿ ਸਰਕਾਰੀ ਆਮਦਨ (ਮਾਲੀਏ, ਆਦਿ) ਦਾ ਸਹੀ, ਠੀਕ ਠੀਕ ਅਤੇ ਵੇਰਵੇ-ਸਹਿਤ ਰਿਕਾਰਡ ਰਿਖਆ ਜਾਏ। ਰਣਜੀਤ ਸਿੰਘ ਦੁਆਰਾ ਇਸ ਵਿਵਸਥਾ ਦੀ ਕੁਸ਼ਲਤਾਪੂਰਵਕ ਵਰਤੋਂ ਅਤੇ ਕਾਰਯੋਗਤਾ ਦਾ ਭੇਦ, ਕਿਸੇ ਹੱਦ ਤੀਕਰ ਠੀਕ

ਰਿਕਾਰਡ ਰਖਣ ਵਿਚ ਹੀ ਸੀ। ਇਹ ਗਲ ਵੀ ਅਹਿਮ ਤੇ ਮਹੱਤਵਪੂਰਨ ਹੈ ਕਿ 'ਜਾਗੀਰਾਂ' ਦੇ ਵੰਡੇ ਆਇਆ ਪੈਸਾ, ਰਾਜ (ਭਾਵ, ਸਰਕਾਰ) ਦੀ ਕੁਲ ਆਮਦਨੀ ਦੇ ਅੱਧ ਤੋਂ ਕੁਝ ਘਟ ਹੀ ਸੀ।

1831 ਵਿਚ ਜੱਾਕਮੌਂਤ, ਲਾਹੌਰ ਦਰਬਾਰ ਅਧੀਨ ਇਲਾਕਿਆਂ ਵਿਚੋਂ, ਸਫਰ ਦੌਰਾਨ ਗੁਜ਼ਰਿਆ; ਉਹ ਰਣਜੀਤ ਸਿੰਘ ਅਤੇ ਉਸ ਦੇ ਦਰਬਾਰੀਆਂ ਨੂੰ ਮਿਲਿਆ, ਅਤੇ ਉਸ ਨੇ ਆਪਣੀਆਂ ਟਿਪਣੀਆਂ ਕਲਮਬੰਦ ਕੀਤੀਆਂ। ਉਸ ਦੇ ਅਨੁਮਾਨ ਅਨੁਸਾਰ ਰਣਜੀਤ ਸਿੰਘ ਦੀ ਮਾਲੀਏ, ਆਦਿ, ਤੋਂ ਸਰਕਾਰੀ ਆਮਦਨ ਲਗਭਗ ਤਿੰਨ ਕਰੋੜ ਰੁਪਏ ਨਕਦ ਸੀ।

> 'ਪਰ ਇਸ ਤੋਂ ਇਲਾਵਾ ਉਹ ਜਿਨਸ ਦੇ ਰੂਪ ਵਿਚ ਬਹੁਤ ਕੁਝ ਹਾਸਲ ਕਰਦਾ ਹੈ, ਜਿਵੇਂਕਿ ਘੋੜੇ, ਊਠ, ਕਪੜਾ, ਅਨਾਜ ਅਤੇ ਅਖੀਰ 'ਚ ਫੌਜੀ ਸਿਪਾਹੀ, ਜੋ ਕਿ ਉਸ ਦੇ ਆਪੇ ਸਾਜੇ ਰਜਵਾੜਿਆਂ ਨੂੰ ਜੰਗ ਸਮੇਂ ਸਪਲਾਈ ਕਰਨੇ ਪੈਂਦੇ ਹਨ। ਇਨ੍ਹਾਂ ਸਭ ਦੇ ਮੁੱਲ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਅਤੇ ਓਨਾ ਹੀ ਮੁਸ਼ਕਲ ਹੈ ਉਸਦੇ ਖਰਚਿਆਂ ਦਾ ਅਨੁਮਾਨ ਲਾਉਣਾ। ਯਕੀਨੀ ਤੌਰ 'ਤੇ ਉਹ ਉਸ ਦੇ ਮਾਲੀਏ, ਆਦਿ ਦੀ ਆਮਦਨ ਤੋਂ ਅੱਧੇ ਵੀ ਨਹੀਂ ਹੁੰਦੇ। ਉਸ ਧੰਨ ਜੋੜਿਆ, ਅਰਥਾਤ ਖਜ਼ਾਨਾ ਭਰਿਆ ਹੈ, ਅਤੇ ਸ਼ਾਇਦ ਉਸ ਦੇ ਲਾਹੌਰ ਵਾਲੇ ਮਹਿਲ ਵਿਚ ਅਠ ਕਰੋੜ ਦੇ ਕਰੀਬ ਜਮ੍ਹਾ ਪਿਆ ਹੈ'।

ਪ੍ਰਤੱਖ ਹੈ, ਕਿ ਰਾਜ ਦੀ ਸਾਰੀ ਦੌਲਤ, ਭਾਵ, ਆਮਦਨ ਸਿਰਫ ਜ਼ਮੀਨ ਦੇ ਮਾਲੀਏ ਤੋਂ ਹੀ ਨਹੀਂ ਸੀ ਆਉਂਦੀ। ਇਸ ਦਾ ਕਾਫੀ ਸਾਰਾ ਹਿੱਸਾ, ਯਕੀਨੀ ਤੌਰ 'ਤੇ ਸ਼ਹਿਰਾਂ ਅਤੇ ਕਸਬਿਆਂ ਵਿਚ, ਵਪਾਰ ਦੀਆਂ ਵਸਤਾਂ ਅਤੇ ਵਸਤਾਂ ਦੇ ਨਿਰਮਾਣ ਉਪੱਰ, ਲਗਾਏ ਜਾਂਦੇ ਕਰਾਂ ਤੋਂ ਹਾਸਲ ਹੁੰਦਾ ਸੀ।

1836 ਵਿਚ, ਚਾਰਲਸ ਹਿਊਗਲ ਨੇ ਅੰਮ੍ਰਿਤਸਰ ਬਾਰੇ ਲਿਖਿਆ ਸੀ : 'ਸਾਰੇ ਪੰਜਾਬ ਦੀ ਦੌਲਤ ਇਥੇ ਇਕੱਠੀ ਹੋਈ ਲਗਦੀ ਹੈ ਅਤੇ ਵਡੇ ਵਪਾਰੀਆਂ ਨੇ ਇਸ ਨੂੰ ਆਪਣਾ ਟਿਕਾਣਾ (ਘਰ) ਬਣਾ ਲਿਆ ਹੋਇਆ ਹੈ'। ਇਹ ਪੰਜਾਬ ਦਾ ਸਭ ਤੋਂ ਬਾਰੌਣਕ, ਚਹਿਲ ਪਹਿਲ ਵਾਲਾ ਸ਼ਹਿਰ ਸੀ, ਉਹ ਅਗੇ ਜਾ ਕੇ ਕਹਿੰਦਾ ਹੈ : 'ਹਰੇਕ ਗਲੀ ਬਾਜ਼ਾਰ ਵਿਚ ਹਿੰਦੁਸਤਾਨ ਦੀਆਂ ਅਤਿ ਵਧੀਆ ਵਸਤਾਂ ਦੀ ਨੁਮਾਇਸ਼ ਲਗੀ ਦਿਸਦੀ ਹੈ'। ਸਮੁੱਚੇ ਪੰਜਾਬ ਵਾਂਗ ਅੰਮ੍ਰਿਤਸਰ ਸ਼ਹਿਰ ਦਾ ਵੀ ਰਣਜੀਤ ਸਿੰਘ ਨੇ ਏਕੀਕਰਣ ਕੀਤਾ, ਅਰਥਾਤ, ਉਸ ਨੂੰ ਇਕ ਇਕਾਈ ਵਿਚ ਬੰਨ੍ਹਿਆ। ਉਨ੍ਹੀਵੀਂ ਸਦੀ ਦੇ ਆਰੰਭ ਵਿਚ ਰਾਮਦਾਸਪੁਰ ਦੇ ਪੁਰਾਣੇ ਕਸਬੇ ਉਦਾਲੇ ਇਕ ਨਹੀਂ ਸਗੋਂ ਕਈ ਛੋਟੇ ਛੋਟੇ ਕਸਬੇ ਸਨ। ਸਹਿਜੇ ਸਹਿਜੇ ਰਣਜੀਤ ਸਿੰਘ ਨੇ ਵਖ ਵਖ ਹਿੱਸਿਆਂ 'ਤੇ ਕਬਜ਼ਾ ਕਰ ਲਿਆ, ਜੋ ਕਿ ਭੰਗੀ, ਰਾਮਗੜ੍ਹੀਆ, ਘੱਨਈਆ, ਆਹਲੂਵਾਲੀਆ, ਆਦਿ, ਸਰਦਾਰਾਂ ਦੀ ਮਾਲਕੀ ਵਿਚ ਸਨ। ਸਾਰੇ ਸ਼ਹਿਰ ਨੂੰ ਇਕੋ ਪ੍ਰਸ਼ਾਸਨ (ਅਮਲਦਾਰੀ) ਅਧੀਨ ਲੈ ਆਂਦਾ ਗਿਆ, ਅਤੇ ਉਸ ਉਦਾਲੇ ਬਾਰਾਂ ਭਾਰੀ ਦਰਵਾਜ਼ਿਆਂ ਵਾਲੀ ਦੋਹਰੀ ਫਸੀਲ ਉਸਾਰੀ ਗਈ। ਕਿਲ੍ਹਾ ਭੰਗੀਆਂ, ਜੋ ਕਿ ਸ਼ਹਿਰ ਵਿਚ ਸੀ, ਵਖ ਵਖ ਕੰਮਾਂ ਲਈ ਵਰਤਿਆ ਜਾਂਦਾ ਸੀ। ਸ਼ਹਿਰੋਂ ਬਾਹਰ ਇਕ ਵਧੇਰੇ ਮਜ਼ਬੂਤ ਕਿਲ੍ਹਾ ਉਸਾਰਿਆ ਗਿਆ। ਉਸ ਨੂੰ 'ਗੋਬਿੰਦ ਗੜ੍ਹ' ਦਾ ਨਾਂ ਦਿਤਾ ਗਿਆ। ਸ਼ਹਿਰ ਦੇ ਉੱਤਰ ਵਲ ਇਕ ਬਾਗ਼ ਵਾਲਾ ਛੋਟਾ ਜਿਹਾ ਮਹਿਲ ਉਸਾਰਿਆ ਗਿਆ। ਉਸ ਨੂੰ ਰਾਮਬਾਗ ਦਾ ਨਾਂ ਦਿਤਾ ਗਿਆ। ਮਹਾਰਾਜੇ ਦੇ ਬਹੁਤ ਸਾਰੇ ਦਰਬਾਰੀਆਂ ਨੇ ਵੀ ਅੰਮ੍ਰਿਤਸਰ ਵਿਚ ਬਾਗ਼ਾਂ ਵਾਲੇ ਮਕਾਨ ਬਣਵਾਏ। ਵਪਾਰੀਆਂ, ਦਸਤਕਾਰਾਂ,

ਜਿਹਾ ਮਹਿਲ ਉਸਾਰਿਆ ਗਿਆ। ਉਸ ਨੂੰ ਰਾਮਬਾਗ਼ ਦਾ ਨਾਂ ਦਿਤਾ ਗਿਆ। ਮਹਾਰਾਜੇ ਦੇ ਬਹੁਤ ਸਾਰੇ ਦਰਬਾਰੀਆਂ ਨੇ ਵੀ ਅੰਮ੍ਰਿਤਸਰ ਵਿਚ ਬਾਗ਼ਾਂ ਵਾਲੇ ਮਕਾਨ ਬਣਵਾਏ। ਵਪਾਰੀਆਂ, ਦਸਤਕਾਰਾਂ, ਕਾਰੀਗਰਾਂ (ਕਾਰਖ਼ਾਨੇਦਾਰਾਂ) ਨੂੰ ਅੰਮ੍ਰਿਤਸਰ ਵਿਚ ਵਸਣ ਲਈ ਉਤਸ਼ਾਹ ਦਿੱਤਾ ਜਾਂਦਾ ਸੀ। ਉਹ ਸਾਰੀਆਂ ਬਰਾਦਰੀਆਂ, ਫ਼ਿਰਕਿਆਂ ਦੇ ਸਨ ਅਤੇ ਲਾਹੌਰ ਸਰਕਾਰ ਅਧੀਨ ਵਖ ਵਖ ਇਲਾਕਿਆਂ (ਖੇਤਰਾਂ) ਤੋਂ, ਅਤੇ ਵਖ ਵਖ ਮੁਲਕਾਂ ਤੋਂ ਆਏ। ਏਦਾਂ ਅੰਮ੍ਰਿਤਸਰ, ਪੰਜਾਬ ਦਾ ਸਭ ਤੋਂ ਵਡਾ ਸ਼ਹਿਰ ਬਣ ਗਿਆ। ਐਪਰ, ਹੋਰ ਵਡੇ ਸ਼ਹਿਰ ਵੀ ਸਨ। ਰਣਜੀਤ ਸਿੰਘ ਦੇ ਅਧੀਨ ਲਾਹੌਰ, ਇਕ ਮਹਾਂਨਗਰ ਦੇ ਰੂਪ ਵਿਚ ਮੁੜ ਵਿਗਸਿਆ। ਮੁਲਤਾਨ, ਪੇਸ਼ਾਵਰ ਅਤੇ ਸ੍ਰੀਨਗਰ ਨੇ ਆਪਣੀ ਪੁਰਾਣੀ ਮਹੱਤਤਾ ਮੁੜ ਬਹਾਲ ਕੀਤੀ। ਹੋਰ ਵੀ ਅਨੇਕਾਂ ਛੋਟੇ ਛੋਟੇ ਸ਼ਹਿਰ ਅਤੇ ਕਸਬੇ ਅਜਿਹੇ ਸਨ ਜੋ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਵਣਜ, ਵਪਾਰ ਅਤੇ ਦਸਤਕਾਰੀ ਦੇ ਅਹਿਮ ਕੇਂਦਰ ਬਣ ਗਏ।

> ਔਸਬਰਨ 1838 ਵਿਚ ਰਣਜੀਤ ਸਿੰਘ ਦੇ ਦਰਬਾਰ 'ਚ ਆਇਆ ਅਤੇ ਉਸ ਅਨੁਸਾਰ: 'ਭਾਵੇਂ ਉਹ ਆਪ ਸੁੰਦਰਤਾ ਦੇ ਨੇੜੇ ਤੇੜੇ ਵੀ ਨਹੀਂ, ਪਰ ਰਣਜੀਤ ਸੁਹਣੇ-ਸੁਨੱਖੇ ਲੋਕਾਂ ਵਿਚ ਘਿਰੇ ਰਹਿਣ ਵਿਚ ਮਾਣ ਮਹਿਸੂਸ ਕਰਦਾ ਜਾਪਦਾ ਹੈ; ਅਤੇ ਮੈਂ ਯਕੀਨਨ ਕਹਿ ਸਕਦਾ ਹਾਂ ਕਿ ਪੂਰਬ ਜਾਂ ਯੂਰਪ ਵਿਚ ਕੋਈ ਦਰਬਾਰ ਅਜਿਹਾ ਨਹੀਂ ਹੈ, ਜਿਸ ਵਿਚ ਪ੍ਰਮੁੱਖ ਸਿਖ ਸਰਦਾਰਾਂ ਵਰਗੇ ਅਜਿਹੇ ਸੁਹਣੇ-ਸੁਨੱਖੇ, ਖ਼ੂਬਸੂਰਤ ਵਿਅਕਤੀ ਹੋਣ।

'ਸਿੱਖ ਸਰਦਾਰਾਂ' ਵਿਚ ਫ਼ਕੀਰ ਅਜ਼ੀਜ਼ੁਦੀਨ, ਨੂਰੁਦੀਨ ਅਤੇ ਇਮਾਮੁਦੀਨ ਵਰਗੇ ਸਯੱਦ; ਰਾਜਾ ਧਿਆਨ ਸਿੰਘ, ਰਾਜਾ ਗੁਲਾਬ ਸਿੰਘ, ਰਾਜਾ ਸੁਚੇਤ ਸਿੰਘ ਅਤੇ ਰਾਜਾ ਹੀਰਾ ਸਿੰਘ ਵਰਗੇ ਰਾਜਪੂਤ; ਦੀਵਾਨ ਦੀਨਾ ਨਾਥ ਜਿਹੇ ਕਸ਼ਮੀਰੀ ਬ੍ਰਾਹਮਣ; ਜਮਾਂਦਾਰ ਖ਼ੁਸ਼ਹਾਲ ਸਿੰਘ ਅਤੇ ਉਸਦੇ ਭਤੀਜੇ ਤੇਜ ਸਿੰਘ ਵਰਗੇ ਬ੍ਰਾਹਮਣ ਸਿੱਖ; ਸੰਧਾਵਾਲੀਆ, ਮਜੀਠੀਆ, ਅਟਾਰੀਵਾਲਾ ਸਰਦਾਰਾਂ ਵਰਗੇ ਜੱਟ ਸਿਖ, ਸ਼ਾਮਲ ਸਨ। ਸਾਮਰਾਜ ਦੀ, ਸਰਕਾਰ ਅਤੇ ਪ੍ਰਸ਼ਾਸਨ ਵਿਚ, ਹਰ ਪਧਰ 'ਤੇ ਬਿਨਾ ਕਿਸੇ ਵਰਨ, ਜ਼ਾਤ-ਪਾਤ ਜਾਂ ਨਸਲੀ ਭਿੰਨ-ਭੇਦ ਤੋਂ, ਯੋਗ ਵਿਅਕਤੀ ਹੀ ਰਖੇ ਜਾਂਦੇ ਸਨ। ਏਦਾਂ ਰਾਜ ਦੇ ਵਜ਼ੀਰ, ਕਮਾਨਦਾਰ (ਫ਼ੌਜਦਾਰ), ਕਾਰਦਾਰ, ਥਾਨੇਦਾਰ ਅਤੇ ਕਾਨੂੰਨਗੋ, ਸਭ ਕੌਮਾਂ-ਧਰਮਾਂ ਚੋਂ ਲਏ ਜਾਂਦੇ ਸਨ।

ਪੰਜਾਬ ਵਿਚ ਆਉਣ ਵਾਲੇ ਬਦੇਸ਼ੀ (ਗੈਰ-ਮੁਲਕੀ) ਸੈਲਾਨੀ ਰਣਜੀਤ ਸਿੰਘ ਤੋਂ ਬਹੁਤ ਪ੍ਰਭਾਵਤ ਹੁੰਦੇ ਅਤੇ ਜੰਤਾ ਵਿਚ ਉਸ ਦੀ ਲੋਕ-ਪ੍ਰੀਯਤਾ ਨੂੰ ਵੇਖਦੇ। ਹਿਊਗਲ ਨੂੰ ਉਹ 'ਅਤਿ ਦਾ ਬਦ-ਸ਼ਕਲ ਬੰਦਾ' ਜਾਪਿਆ, ਜਿੰਦਾਂ ਦਾ ਉਸ ਨੇ ਪਹਿਲਾਂ ਕਦੀ ਨਹੀਂ ਸੀ ਤਕਿਆ। ਪਰ ਉਸ ਦਾ ਇਹ ਵੀ ਕਹਿਣਾ ਹੈ ਕਿ ਰਣਜੀਤ ਸਿੰਘ ਦਾ ਉੱਤਰੀ ਹਿੰਦੋਸਤਾਨ ਦੇ ਲੋਕਾਂ ਉਪਰ ਏਨਾ ਪ੍ਰਭਾਵ ਸੀ 'ਜਿਵੇਂ ਉਨ੍ਹਾਂ ਸਿਰ ਕਿਸੇ ਕੋਈ ਜਾਦੂ ਧੂੜਿਆ ਹੋਵੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਹ ਜੋ ਚਾਹੇ ਕਰ ਸਕਦੈ, ਕਿਉਂਕਿ ਉਸ ਕੋਲ ਕੋਈ ਗੈਬੀ ਸ਼ਕਤੀ ਹੈ'। ਐਮਲੀ ਈਡਨ, ਜੋ 1838 ਵਿਚ ਲਾਰਡ

ਔਕਲੈਂਡ ਨਾਲ ਫੀਰੋਜ਼ਪੁਰ, ਲਾਹੌਰ ਅਤੇ ਅੰਮ੍ਰਿਤਸਰ ਆਈ ਸੀ, 'ਮਹਾਰਾਜਾ' ਬਾਰੇ ਲਿਖਦੀ ਹੈ :

> 'ਉਸ ਨੇ ਆਪਣੇ ਆਪ ਨੂੰ ਇਕ ਮਹਾਨ ਬਾਦਸ਼ਾਹ ਬਣਾ ਲਿਐ; ਉਸ ਨੇ ਬਹੁਤ ਸਾਰੇ ਮਹਾਂਬਲੀ ਦੁਸ਼ਮਨਾਂ ਨੂੰ ਜਿਤਿਐ; ਉਸਦੀ ਸਰਕਾਰ ਉਘੜਵੇਂ ਰੂਪ ਵਿਚ ਨਿਆਂਕਾਰ ਹੈ; ਉਸ ਨੇ ਇਕ ਭਾਰੀ ਫੌਜ ਨੂੰ ਚੰਡਿਆ ਹੈ, ਅਰਥਾਤ, ਅਨੁਸ਼ਾਸਿਤ ਕੀਤਾ ਹੈ; ਉਹ ਕਦੀ ਕਿਸੇ ਦੀ ਜਾਨ ਨਹੀਂ ਲੈਂਦਾ, ਇਕ ਖ਼ੁਦਮੁਖ਼ਤਾਰ ਹਾਕਮ ਵਿਚ ਇਸ ਗੁਣ ਦਾ ਹੋਣਾ ਹੈਰਾਨੀ ਦੀ ਗਲ ਹੈ ਅਤੇ ਉਸ ਦੀ ਪਰਜਾ ਇਸ ਨੂੰ ਅਤਿ ਦਾ ਪਿਆਰ ਕਰਦੀ ਹੈ'।

ਅੰਮ੍ਰਿਤਸਰ ਵਿਚ ਉਸ ਵੇਖਿਆ :

> 'ਉਸ ਲਈ ਲੋਕਾਂ ਦੇ ਪਿਆਰ ਵਿਚ ਕੋਈ ਚੀਜ਼ ਅਜਿਹੀ ਹੈ ਜੋ ਦਿਲ ਨੂੰ ਟੁੰਬਦੀ ਹੈ। ਕੁਝ ਦਿਨ ਪਹਿਲਾਂ ਸਾਨੂੰ ਬਾਜ਼ਾਰ 'ਚ ਇਹ ਵੇਖਣ ਦਾ ਮੌਕਾ ਮਿਲਿਆ ਕਿ ਲੋਕੀਂ ਕਿਸ ਚਾਅ ਨਾਲ 'ਮਹਾਰਾਜਾ' ਸ਼ਬਦ ਬੋਲਦੇ ਅਤੇ ਉਸ ਨੂੰ ਛੂਹਣ ਦਾ ਜਤਨ ਕਰਦੇ, ਅਰਥਾਤ, ਉਸ ਦੀ ਛੂਹ ਪ੍ਰਾਪਤ ਕਰਨਾ ਚਾਹੁੰਦੇ ਸਨ'।

ਜਦੋਂ ਉਹ ਭੀੜੀਆਂ ਗਲੀਆਂ ਵਿਚੋਂ ਹਾਥੀ 'ਤੇ ਸਵਾਰ ਲੰਘਦਾ ਤਦ ਛੱਤਾਂ 'ਤੇ ਖੜੇ ਲੋਕਾਂ ਨੂੰ ਉਸ ਨੂੰ ਛੂਹਣ ਦੀ ਪੂਰੀ ਛੋਟ ਹੁੰਦੀ ਸੀ।

ਰਣਜੀਤ ਸਿੰਘ ਨੇ ਆਪਣੇ ਜੀਵਨ ਦੇ ਪਚਵੰਜਾ ਕੁ ਸਾਲ ਵਾਹਵਾ ਚੰਗੀ ਸਿਹਤ ਦਾ ਸਵਾਦ ਮਾਣਿਆ। ਸਵੇਰੇ ਤੇ ਸ਼ਾਮ ਘੋੜ-ਸਵਾਰੀ ਕਰਨਾ ਉਸ ਦਾ ਨਿਤਨੇਮ ਸੀ। ਉਹ ਨਿਸ਼ਚਿਤ ਸਮੇਂ ਤੇ ਖਾਣਾ ਖਾਂਦਾ ਅਤੇ ਉਸ ਦਾ ਭੋਜਨ ਆਮ ਤੌਰ ਤੇ ਸਾਦਾ ਅਤੇ ਪੌਸ਼ਟਿਕ ਹੁੰਦਾ ਸੀ। ਅਗਸਤ 1835 ਵਿਚ ਉਹ ਅਸਾਧਾਰਣ ਤੌਰ ਤੇ ਜਾਨ-ਤੋੜ ਘੋੜ-ਸਵਾਰੀ ਪਿਛੋਂ ਗੰਭੀਰ ਬੀਮਾਰੀ ਦਾ ਸ਼ਿਕਾਰ ਹੋ ਗਿਆ। ਉਸ ਦੇ ਮੂੰਹ ਨੂੰ ਲਕਵਾ ਮਾਰ ਗਿਆ ਅਤੇ ਕਈ ਘੰਟੇ ਉਹ ਬੋਲ ਨਾ ਸਕਿਆ। ਉਸ ਨੇ 1836 ਵਿਚ ਹਿਊਗਲ ਨੂੰ ਕਿਹਾ ਸੀ ਕਿ ਉਸ ਨੂੰ ਬੁਢੇਪੇ ਦੇ ਆਉਣ ਦਾ ਅਹਿਸਾਸ ਹੋ ਰਿਹੈ। ਉਸ ਨੂੰ 1837 ਦੇ ਸ਼ੁਰੂ ਵਿਚ ਹੀ ਅਧਰੰਗ ਦਾ ਦੂਜਾ ਦੌਰਾ ਪਿਆ। ਇਸ ਵਾਰ ਇਸ ਦਾ ਅਸਰ ਉਸ ਦੇ ਸੱਜੇ ਪਾਸੇ ਤੇ ਹੋਇਆ ਅਤੇ ਇਸ ਦਾ ਅਸਰ ਰਾਜ਼ੀ ਹੋਣ ਦੇ ਛੇ ਮਹੀਨੇ ਬਾਅਦ ਤੀਕਰ ਰਿਹਾ। ਉਸ ਨੂੰ ਤੀਜਾ ਦੌਰਾ, 1838 ਦੇ ਅੰਤ ਦੇ ਲਾਗੇ, ਲਾਰਡ ਔਕਲੈਂਡ ਦੀ ਫੇਰੀ ਦੌਰਾਨ ਮਨਾਏ ਜਾਣ ਵਾਲੇ ਜਸ਼ਨਾਂ ਤੋਂ ਬਾਅਦ ਪਿਆ। ਉਸ ਦੀ ਬੋਲਣ ਸ਼ਕਤੀ ਜਾਂਦੀ ਰਹੀ, ਉਹ ਹੁਣ ਇਸ਼ਾਰਿਆਂ ਨਾਲ ਹੀ ਗੱਲਾਂ ਕਰ ਸਕਦਾ ਸੀ। 1839 ਵਿਚ ਕਈ ਮਹੀਨੇ ਕਈ ਯੂਰਪੀ ਡਾਕਟਰ ਅਤੇ ਹਿੰਦੋਸਤਾਨੀ ਵੈਦ-ਹਕੀਮ, ਉਸ ਦਾ ਇਲਾਜ ਕਰਦੇ ਰਹੇ ਪਰ ਉਸ ਦੀ ਸਿਹਤ ਵਿਚ ਕੋਈ ਬਹੁਤਾ ਸੁਧਾਰ ਨਾ ਆਇਆ। ਉਸ ਨੇ ਬੜਾ ਦਾਨ-ਪੁੰਨ ਕੀਤਾ। ਉਸ ਦੀ ਪਰਜਾ ਨੇ ਉਸ ਦੀ ਸਿਹਤਯਾਬੀ ਲਈ ਗੁਰਦੁਆਰਿਆਂ, ਮੰਦਰਾਂ ਅਤੇ ਮਸਜਦਾਂ ਵਿਚ ਅਰਦਾਸਾਂ ਕੀਤੀਆਂ, ਰੱਬ ਅਗੇ ਅਰਜੋਈਆਂ ਕੀਤੀਆਂ, ਦੁਆਵਾਂ ਮੰਗੀਆਂ। 26 ਜੂਨ ਨੂੰ ਉਸ 'ਤੇ ਬੇਹੋਸ਼ੀ ਤਾਰੀ ਹੋ ਗਈ ਅਤੇ ਉਸ ਦੀ ਸੁਰਤ ਮਾਰੀ ਗਈ, ਅਤੇ 27 ਜੂਨ ਦੀ ਸ਼ਾਮ ਨੂੰ ਅੰਤਮ ਸਮਾਂ ਆ ਗਿਆ।

28 ਜੂਨ ਨੂੰ ਰਣਜੀਤ ਸਿੰਘ ਦੀ ਦੇਹ ਨੂੰ ਬਸਤਰ ਪਹਿਨਾਏ ਗਏ ਅਤੇ ਹੀਰੇ ਜਵਾਹਰਾਤ ਨਾਲ ਸਜਾਇਆ ਗਿਆ। ਰਾਜਾ ਧਿਆਨ ਸਿੰਘ ਆਪਣੇ ਸਭ ਤੋਂ ਕੀਮਤੀ ਹੀਰੇ-ਮੋਤੀ ਪਹਿਣ ਕੇ ਆਇਆ ਅਤੇ ਉਸ ਨੇ ਮਹਾਰਾਜੇ ਨਾਲ ਚਿਤਾ ਵਿਚ ਸੜਨ ਦੀ ਆਪਣੀ ਇੱਛਾ ਪ੍ਰਗਟਾਈ। ਉਸ ਨੂੰ ਧੂਹ ਕੇ ਬਲਦੀ ਚਿਤਾ ਤੋਂ ਦੂਰ ਕਰਨਾ ਪਿਆ। ਰਾਣੀ ਕਟੋਚ, ਰਣਜੀਤ ਸਿੰਘ ਦਾ ਸਿਰ ਆਪਣੇ ਪੱਟਾਂ ਤੇ ਰਖੀ, ਸ਼ਾਂਤੀ ਨਾਲ ਚਿਤਾ ਤੇ ਬੈਠੀ ਸੀ, ਉਸ ਦੇ ਨਾਲ ਕਈ ਹੋਰ ਔਰਤਾਂ ਵੀ ਸਤੀ ਹੋਣ ਲਈ ਬੈਠੀਆਂ ਸਨ। ਉਹ ਸਭ ਸਤੀ ਹੋ ਗਈਆਂ। ਦਰਬਾਰੀ ਇਤਿਹਾਸਕਾਰ ਨੇ ਵੇਖਿਆ ਕਿ ਅਕਾਲ ਪੁਰਖ ਦੀ ਨਦਰ ਦੇ ਪ੍ਰਤੀਕ ਕਬੂਤਰਾਂ ਦੇ ਦੋ ਜੋੜੇ, ਅਸਮਾਨੋਂ ਚਿਤਾ ਵਿਚ ਆ ਡਿਗੇ।

7.

# ਰਾਜਨੀਤਕ-ਪ੍ਰਸ਼ਾਸਨੀ ਸੰਗਠਨ

ਉਹ ਹੁਕਮਰਾਨ ਜੋ ਆਪਣੇ ਆਪ ਨੂੰ 'ਸਿੰਘ ਸਾਹਿਬ' ਜਾਂ 'ਖ਼ਾਲਸਾ ਜੀ' ਹੀ ਸਮਝਦਾ ਸੀ ਅਤੇ ਆਪਣੀਆਂ ਮੁਹਰਾਂ ਵਿਚ ਸਿਰਫ 'ਰਣਜੀਤ ਸਿੰਘ' ਹੀ ਕਹਿੰਦਾ ਸੀ, ਆਪਣੀ ਰਾਜਨੀਤਕ ਸਫਲਤਾ ਦੀ ਸ਼ਨਾਖਤ ਵਜੋਂ 'ਮਹਾਰਾਜਾ' ਦੇ ਤੌਰ ਜਾਣਿਆ ਜਾਣ ਲਗਾ। ਉਸ ਦੇ ਦਰਬਾਰੀਆਂ ਉਸ ਦਾ ਹਵਾਲਾ 'ਹਜ਼ੂਰ-ਏ-ਅਨਵਰ' ਅਤੇ 'ਸਰਕਾਰ-ਏ-ਵੱਾਲਾ' ਕਹਿ ਕੇ ਦੇਣਾ ਸ਼ੁਰੂ ਕੀਤਾ। ਉਸ ਦੇ ਜੀਵਨ ਵਿਚ ਹੀ ਉਸ ਬਾਰੇ ਦੰਦ-ਕਥਾਵਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਉਸ ਨੂੰ ਹਾਲੀ ਵੀ ਪੰਜਾਬ ਦੇ ਸਭ ਤੋਂ ਵਧ ਤਾਕਤਵਰ ਅਤੇ ਸਭ ਤੋਂ ਵਧ ਦਿਆਲੂ (ਪਰਉਪਕਾਰੀ) ਹੁਕਮਰਾਨ ਵਜੋਂ ਯਾਦ ਕੀਤਾ ਜਾਂਦਾ ਹੈ। ਆਓ, ਹੁਣ ਆਪਾਂ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਰਾਜਨੀਤਕ-ਪ੍ਰਸ਼ਾਸਨੀ ਸੰਗਠਨ, ਅਰਥਚਾਰੇ ਅਤੇ ਸਮਾਜਕ ਵਿਵਸਥਾ ਨੂੰ ਢੰਗ ਸਿਰ ਵਿਚਾਰੀਏ।

ਰਣਜੀਤ ਸਿੰਘ ਦੇ ਇਤਿਹਾਸਕਾਰਾਂ ਨੇ ਇਸ ਪ੍ਰਤੱਖ ਤੱਥ ਨੂੰ ਠੀਕ ਤਰ੍ਹਾਂ ਗੌਲਿਆ ਨਹੀਂ ਕਿ ਉਹ ਹੁਕਮਰਾਨਾਂ ਦੀ ਤੀਜੀ ਪੀੜ੍ਹੀ ਸੀ। ਚੜ੍ਹਤ ਸਿੰਘ ਸੁਕਰਚਕੀਆ ਇਕ ਸਾਮੰਤ-ਪ੍ਰਦੇਸ਼ (ਰਿਆਸਤ) ਅਤੇ ਇਕ ਰਾਜਕੁਲ ਦਾ ਮੋਢੀ ਸੀ। ਉਸ ਪਿਛੋਂ ਉਸ ਦਾ ਪੁੱਤਰ ਮਹਾਂ ਸਿੰਘ ਸਮੇਂ ਦੇ ਚਲਣ ਅਨੁਸਾਰ ਉਸ ਸਮੇਂ ਗੱਦੀ ਤੇ ਬੈਠਾ ਜਦ ਕਿ ਇਕ ਸਿੱਖ ਜੇਤੂ ਨੂੰ ਆਪਣਾ ਜਿਤਿਆ ਇਲਾਕਾ ਆਪਣੇ ਅਧੀਨ ਰਖਣ ਦਾ ਅਧਿਕਾਰ, ਉਸ ਦੇ ਸਾਥੀ ਸਿੱਖ ਸਰਦਾਰ ਸਵੀਕਾਰ ਕਰ ਚੁੱਕੇ ਸਨ ਅਤੇ ਉਨ੍ਹਾਂ ਸਭ ਨੇ ਪ੍ਰਸ਼ਤੈਨੀ ਜਾਨਸ਼ੀਨੀ ਦੇ ਅਸੂਲ ਨੂੰ ਵੀ ਮਾਨਤਾ ਦੇ ਦਿਤੀ ਸੀ। ਰਣਜੀਤ ਸਿੰਘ 'ਇਕ ਜਮਾਂਦਰੂ ਹੁਕਮਰਾਨ' ਸੀ, ਸਿਰਫ ਆਪਣੀ ਜਥੇਦਾਰ ਸ਼ਖਸੀਅਤ ਕਰ ਕੇ ਨਹੀਂ, ਸਗੋਂ ਇਕ ਅਜਿਹੇ ਹੁਕਮਰਾਨ ਦਾ ਪੁੱਤਰ ਹੋਣ ਕਰਕੇ, ਜਿਸਨੂੰ ਗੱਦੀ ਵਿਰਸੇ ਵਿਚ ਮਿਲੀ ਸੀ।

ਅਠਾਰ੍ਹਵੀਂ ਸਦੀ ਦੇ ਪਿਛੇਤੇ ਸਾਲਾਂ ਦੌਰਾਨ ਪੁਸ਼ਤੈਨੀ ਜਾਂਨਸ਼ੀਨੀ (ਉੱਤਰਾਧਿਕਾਰ) ਦੇ ਅਸੂਲ ਦੀ ਮਨੌਤ, ਸਿਖ ਸਰਦਾਰਾਂ ਦੀ ਰਾਜਨੀਤੀ ਦਾ ਇਕ ਮੂਲ-ਤੱਤ ਸੀ। ਦੂਜਾ ਸੀ, ਜਿੱਤ ਦਾ ਆਦਰਸ਼। ਸ਼ੁਰੂ ਵਿਚ, ਇਸ ਆਦਰਸ਼ ਤੋਂ ਉਪਜਣ ਵਾਲੀ ਰਾਜਨੀਤਕ ਸਰਗਰਮੀ ਬਾਹਰਲਿਆਂ ਵਲ ਸੇਧਿਤ ਸੀ। ਐਪਰ, ਛੇਤੀ ਹੀ ਬਾਹਰਲਿਆਂ ਵਿਰੁਧ ਉਨ੍ਹਾਂ ਦੇ ਵੱਖੋ-ਵਖਰੇ ਮਨਸੂਬਿਆਂ ਕਾਰਨ ਉਨ੍ਹਾਂ ਵਿਚਕਾਰ ਟਕਰਾਓ ਦੀ ਸੰਭਾਵਨਾ, ਇਕ ਵਾਸਤਵਿਕਤਾ ਬਣ ਗਈ। ਅਜਿਹੇ ਟਕਰਾਓ, ਸਪਸ਼ਟ ਹੈ, ਸਿਖ ਸਰਦਾਰਾਂ ਵਿਚਕਾਰ ਹਥਿਆਰਬੰਦ ਝੜਪਾਂ ਦਾ ਕਾਰਨ ਬਣੇ। ਉਦਾਹਰਨ ਵਜੋਂ, ਜੈ ਸਿੰਘ ਘਨੱਈਆ ਅਤੇ ਜੱਸਾ ਸਿੰਘ ਰਾਮਗੜ੍ਹੀਆ, ਜੰਮੂ ਜਿੱਤਣ ਦੇ ਸਵਾਲ 'ਤੇ ਪਹਿਲਾਂ ਵਿਰੋਧੀ ਧਿਰ ਬਣ ਖਲੋਤੇ; ਪਰ ਪਿਛੋਂ ਉਨ੍ਹਾਂ ਸਰਦਾਰੀ ਅਰਥਾਤ ਪ੍ਰਧਾਨਤਾ ਲਈ ਇਕ ਦੂਜੇ ਨਾਲ ਸਿਧੇ ਤੌਰ ਤੇ ਲੜਨਾ ਸ਼ੁਰੂ ਕਰ ਦਿਤਾ। ਅਜਿਹੀਆਂ ਟਕਰਾਂ ਦੀਆਂ ਵਧ ਰਹੀਆ ਘਟਨਾਵਾਂ ਨੇ ਰਾਜਨੀਤੀ ਦਾ ਮੁਹਾਵਰਾ ਹੀ ਬਦਲ ਦਿਤਾ। ਸਿੱਖਾਂ ਅਤੇ ਗੈਰ-ਸਿੱਖਾਂ ਵਿਚਾਲੇ ਰਾਜਨੀਤਕ ਗਠਜੋੜਾਂ ਸੰਬੰਧੀ ਮਤਭੇਦ ਘਟਣੇ ਸ਼ੁਰੂ

ਹੋ ਗਏ। ਸਾਂਝ-ਭਿਆਲੀਆਂ (ਗਠਜੋੜ) ਬਦਲਣ ਦੀ ਗੱਲ ਮਹਾਂ ਸਿੰਘ ਦੇ ਸਮਿਆਂ ਵਿਚ ਹੀ ਚਲ ਪਈ ਸੀ। ਪ੍ਰਧਾਨਤਾ ਪ੍ਰਾਪਤੀ ਦਾ ਵਿਚਾਰ ਸਹਿਜੇ ਸਹਿਜੇ ਵਿਗਸਤ ਹੋਇਆ, ਪਰ ਯਕੀਨੀ ਤੌਰ ਤੇ ਰਣਜੀਤ ਸਿੰਘ ਦੇ ਮੈਦਾਨ 'ਚ ਆਉਣ ਤੋਂ ਪਹਿਲਾਂ ਇਹ ਸਰਦਾਰਾਂ ਦੇ ਮਨ 'ਚ ਘਰ ਕਰ ਚੁੱਕਾ ਸੀ। ਤੱਥ ਇਹ ਹੈ, ਕਿ ਮਹਾਂ ਸਿੰਘ ਦੀਆਂ ਰਾਜਸੀ ਸਰਗਰਮੀਆਂ ਅਤੇ ਰਣਜੀਤ ਸਿੰਘ ਦੀਆਂ ਪਲੇਠੀਆਂ ਸਰਗਰਮੀਆਂ ਵਿਚ ਸ਼ਾਨਦਾਰ ਹਦ ਤੀਕਰ ਇਕ ਲਗਾਤਾਰਤਾ ਹੈ, ਨਿਰੰਤਰਤਾ ਹੈ। ਪ੍ਰਧਾਨਤਾ ਦਾ ਵਿਚਾਰ, ਸਿੱਖ ਸਰਦਾਰਾਂ ਵਿਚੋਂ ਵਧੇਰੇ ਸ਼ਕਤੀਸ਼ਾਲੀ ਸਰਦਾਰਾਂ ਦੇ ਮਨਾਂ ਨੂੰ ਲੁਭਾਉਂਦਾ, ਖਿਚ ਪਾਉਂਦਾ ਅਤੇ ਮੋਹਦਾ ਸੀ।

ਨਿਰਸੰਦੇਹ, ਆਪਣੇ ਗ਼ੈਰ-ਸਿੱਖ ਗਵਾਂਢੀਆਂ ਦੀ ਕੀਮਤ 'ਤੇ ਮਹਾਂ ਸਿੰਘ ਨੇ ਆਪਣੇ ਇਲਾਕੇ (ਰਾਜ-ਖੇਤਰ) ਵਿਚ ਕਾਫੀ ਵਾਧਾ ਕੀਤਾ, ਪਰ ਉਸ ਦੀਆਂ ਜਿੱਤਾਂ ਸਿਰਫ ਉਨ੍ਹਾਂ ਦੇ ਇਲਾਕਿਆਂ ਤੀਕਰ ਹੀ ਸੀਮਿਤ ਨਹੀਂ ਸਨ ਰਹੀਆਂ। ਉਸ ਨੇ ਕੁਝ ਗ਼ੈਰ-ਸਿੱਖ ਸਰਦਾਰਾਂ ਨੂੰ ਬਾਜਗੁਜ਼ਾਰ ਬਣਾ ਕੇ ਆਪਣੇ ਰਾਜਸੀ ਨਿਯੰਤ੍ਰਣ ਹੇਠ ਲੈ ਆਂਦਾ; ਪਰ ਉਸ ਦੀ ਆਪਣੀ ਪ੍ਰਧਾਨਤਾ (ਸਰਦਾਰੀ) ਮੰਨਵਾਉਣ ਲਈ ਅਗ੍ਰਹਿਆਤਮਕਤਾ ਸਿਰਫ ਗ਼ੈਰ-ਸਿੱਖ ਸਰਦਾਰਾਂ (ਰਜਵਾੜਿਆਂ) ਤੀਕਰ ਹੀ ਸੀਮਿਤ ਨਹੀਂ ਸੀ। ਹੋਰ ਵਧੇਰੇ ਸ਼ਾਹੀ ਸ਼ਾਨ-ਸ਼ੌਕਤ ਵਾਸਤੇ ਇਕ ਬੰਦੇ ਲਈ ਆਪਣੇ ਸਾਧਨ ਵਧਾਉਣੇ ਜ਼ਰੂਰੀ ਹੋ ਜਾਂਦੇ ਹਨ, ਅਤੇ ਉਸ ਨੇ ਸਿੱਟੇ ਵਜੋਂ ਕੁਦਰਤੀ ਤੌਰ ਤੇ ਇਲਾਕਾਈ ਵਿਸਤਾਰ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਸੋ ਸੈਨਿਕ ਮਹੱਤਵ ਵਾਲੇ ਇਲਾਕਿਆਂ ਅਤੇ ਥਾਵਾਂ ਤੇ ਕਬਜ਼ਾ ਕਰਨ ਦਾ ਮਹੱਤਵ ਕਾਫੀ ਵਧ ਗਿਆ ਸੀ। ਸੋ ਮਹਾਂ ਸਿੰਘ ਨੇ 'ਲੂਣੀ ਪਹਾੜੀਆਂ ਦੇ ਸਿਲਸਿਲੇ' (ਦ ਸਾਲਟ ਰੇਂਜ) 'ਤੇ, ਜਿਸ ਵਿਚ ਬਹੁਤ ਭਾਰੀ ਗਿਣਤੀ ਵਿਚ ਲੂਣ ਦੀਆਂ ਖਾਣਾਂ ਸਨ, ਕਬਜ਼ਾ ਕਰ ਲਿਆ। ਭਾਵੇਂ ਏਦਾਂ ਕਰਨ ਨਾਲ ਉਸ ਨੂੰ ਲੂਣੀ ਪਹਾੜੀਆਂ ਦੇ ਸਿਲਸਿਲੇ ਦੇ ਕਬੀਲਿਆਂ ਨੂੰ ਇਕ ਵਾਰ ਸਰ ਕਰਨ ਵਾਲੇ ਹਰੀ ਸਿੰਘ ਦੇ ਉੱਤਰਾਧਿਕਾਰੀ ਝੰਡਾ ਸਿੰਘ ਭੰਗੀ ਦੀ ਨਾਰਾਜ਼ਗੀ ਮੁੱਲ ਲੈਣੀ ਪਈ। ਮਹਾਂ ਸਿੰਘ ਨੇ ਜਲਾਲਪੁਰ ਲਾਗੇ ਕੋਟਲੀ ਲੋਹਾਰਾਂ ਤੇ ਵੀ ਕਬਜ਼ਾ ਕਰ ਲਿਆ, ਕਿਉਂਜੋ ਉਹ ਤੋੜੇਦਾਰ ਬੰਦੂਕਾਂ ਬਣਾਉਣ ਲਈ ਮਸ਼ਹੂਰ ਸੀ। ਉਸ ਕੁਝ ਤਾਂ ਆਪਣੀ ਸਰਦਾਰੀ (ਸਾਹਿਬਪੁਣਾ) ਅਰਥਾਤ ਜਬ੍ਹਾ ਦਰਸਾਉਣ ਲਈ, ਪਰ ਵਧੇਰੇ ਦੌਲਤ ਖੋਹਣ ਲਈ ਜੰਮੂ ਨੂੰ ਲੁਟਿਆ, ਕਿਉਂਜੋ ਪੈਸੇ ਨਾਲ ਹੀ ਉਹ ਆਪਣੀ ਸੈਨਿਕ ਸ਼ਕਤੀ ਵਿਚ ਹੋਰ ਵਾਧਾ ਕਰ ਸਕਦਾ ਸੀ।

ਪੂੰਜੀ ਇਕੱਠੀ ਕਰਨ ਦਾ ਇਕ ਨਿਰੰਤਰ ਅਤੇ ਮਹੱਤਵਪੂਰਨ ਸਾਧਨ, ਜ਼ਮੀਨ ਦਾ ਮਾਲੀਆ ਸੀ। ਇਸ ਸਾਧਨ ਦੀ ਵਰਤੋਂ ਅਤੇ ਇਸ ਨੂੰ ਅਪਨਾਉਣ ਲਈ ਇਹ ਜ਼ਰੂਰੀ ਸੀ ਕਿ ਆਪਣੇ ਅਧੀਨ ਇਲਾਕਿਆਂ ਵਿਚ ਅਮਨ-ਚੈਨ ਦੀਆਂ ਹਾਲਤਾਂ ਪੈਦਾ ਕੀਤੀਆਂ ਜਾਣ। ਚੜ੍ਹਤ ਸਿੰਘ ਅਤੇ ਮਹਾਂ ਸਿੰਘ ਨੇ ਇਸ ਮੰਤਵ ਲਈ 'ਫ਼ੌਜਦਾਰ' ਅਤੇ 'ਥਾਨੇਦਾਰ' ਨਿਯੁਕਤ ਕੀਤੇ, ਜਿਵੇਂ ਕਿ ਆਰੰਭ ਤੋਂ ਹੀ ਦੂਜੇ ਸਿੱਖ ਸਰਦਾਰਾਂ ਨੇ ਕੀਤੇ ਸਨ। ਕਾਫੀ ਚਿਰ ਪਹਿਲਾਂ ਤੋਂ, 'ਕਾਰਦਾਰ' ਮਾਲੀਏ ਦੀ ਉਗ੍ਰਾਹੀ ਕਰਨ ਵਾਲਾ ਇਕ ਮਹੱਤਵਪੂਰਨ ਕਾਰਿੰਦਾ ਬਣਿਆ ਚਲਿਆ ਆ ਰਿਹਾ ਸੀ। ਸਮੁੱਚਾ ਇਲਾਕਾ, ਮਾਲੀਏ ਦੀ ਉਗਰਾਹੀ ਖ਼ਾਤਰ, ਵੱਖ ਵੱਖ ਇਕਾਈਆਂ ਵਿਚ ਵੰਡਿਆ ਗਿਆ ਸੀ; ਅਤੇ ਰਿਆਸਤ ਦੇ ਵਿੱਤੀ ਪ੍ਰਬੰਧ ਦੀ ਦੇਖ-ਭਾਲ ਲਈ ਇਕ 'ਦੀਵਾਨ' ਨਿਯੁਕਤ ਸੀ। ਮਾਲੀਏ ਦੇ ਪ੍ਰਬੰਧ ਲਈ ਪੁਰਾਣੇ 'ਕਾਨੂੰਨਗੋਆਂ' ਦੀਆਂ ਸੇਵਾਵਾਂ ਵੀ ਲਈਆਂ ਜਾਂਦੀਆਂ ਸਨ। ਬਹੁਤੇ ਸਾਬਕਾ (ਭੂਤ-ਪੂਰਵ) 'ਚੌਧਰੀਆਂ'

ਅਤੇ 'ਮੁਕੱਦਮਾਂ' ਨੂੰ ਵੀ ਆਪਣੀਆਂ ਪਰੰਪਰਾਗਤ ਜ਼ਿੰਮੇਵਾਰੀਆਂ ਨਿਭਾਉਣ ਦੀ ਆਗਿਆ ਸੀ। ਬਹੁਤ ਸਾਰੇ ਪਹਿਲਾਂ ਵਾਲੇ ਕਾਜ਼ੀਆਂ ਨੂੰ ਵੀ ਆਪਣੇ ਦਫਤਰਾਂ ਵਿਚ ਕੰਮ ਕਰਨ ਦੀ ਇਜਾਜ਼ਤ ਦਿਤੀ ਗਈ। ਕਸਬਿਆਂ ਅਤੇ ਪਿੰਡਾਂ ਵਿਚਲੀਆਂ 'ਪੰਚਾਇਤਾਂ' ਨੂੰ ਉੱਕਾ ਨਾ ਛੇੜਿਆ ਗਿਆ, ਅਰਥਾਤ, ਉਨ੍ਹਾਂ ਦੇ ਕੰਮ-ਕਾਜ ਵਿਚ ਦਖਲ ਨਾ ਦਿਤਾ ਗਿਆ। ਨਵੇਂ ਹੁਕਮਰਾਨ ਅਤੇ ਉਨ੍ਹਾਂ ਦੇ ਕਾਰਿੰਦੇ ਆਪਣੀਆਂ ਡਿਊਟੀਆਂ ਦੇ ਨਾਲ ਨਾਲ ਇਨਸਾਫ ਵੀ ਪ੍ਰਦਾਨ ਕਰਦੇ, ਭਾਵ, ਅਦਾਲਤਾਂ ਵੀ ਲਾਉਂਦੇ। ਜੋ ਰਿਆਸਤ ਦੀ ਵੱਖ ਵੱਖ ਪਧਰ 'ਤੇ ਨੌਕਰੀ ਕਰਦੇ ਸਨ, ਉਨ੍ਹਾਂ ਨੂੰ ਤਨਖ਼ਾਹ ਮਾਲੀਏ ਦੇ ਰੂਪ ਵਿਚ ਮਿਲਦੀ ਸੀ, ਜਿਸ ਦਾ ਮੁਕੰਮਲ ਰਿਕਾਰਡ, ਅਰਥਾਤ, ਹਿਸਾਬ-ਕਿਤਾਬ ਰਖਿਆ ਜਾਂਦਾ ਸੀ। ਪਰਜਾ ਦੀ ਹਮਦਰਦੀ ਅਤੇ ਮਦਦ ਹਾਸਲ ਕਰਨ ਲਈ, ਮੁਗਲ ਹੁਕਮਰਾਨਾਂ ਵਲੋਂ ਕੁਝ ਵਿਅਕਤੀਆਂ ਅਤੇ ਧਾਰਮਕ ਸਥਾਨਾਂ ਦੇ ਨਾਂ ਲਾਈਆਂ ਗਈਆਂ ਜਾਗੀਰਾਂ ਨੂੰ ਪਕਿਆਂ ਕਰ ਦਿਤਾ ਗਿਆ। ਗੁਰਦਵਾਰਿਆਂ, ਬੇਦੀਆਂ ਅਤੇ ਸੋਢੀਆਂ, ਉਦਾਸੀਆਂ, ਜੋਗੀਆਂ ਅਤੇ ਵੈਸ਼ਨਵਾਂ ਦੇ ਡੇਰਿਆਂ ਨੂੰ, ਅਤੇ ਸਯੱਦਾਂ, ਸ਼ੇਖਾਂ ਨੂੰ ਨਵੀਆਂ ਕਰ-ਮੁਕਤ ਜਾਗੀਰਾਂ ਪ੍ਰਦਾਨ ਕੀਤੀਆ ਗਈਆਂ। ਮਹਾਂ ਸਿੰਘ ਦੇ 'ਜਾਗੀਰਦਾਰਾਂ' ਵਿਚ ਹਿੰਦੂ ਅਤੇ ਮੁਸਲਮਾਨ ਵੀ ਸ਼ਾਮਲ ਸਨ। ਮੁਕਦੀ ਗਲ, ਪ੍ਰਸ਼ਾਸਨ ਅਤੇ ਰਾਜ ਦੀ ਸਰਪ੍ਰਸਤੀ ਦੁਆਰਾ ਸੱਤਾ ਨੂੰ ਮਜ਼ਬੂਤ ਕਰਨ ਵਾਲੀਆਂ ਉਹ ਸਾਰੀਆਂ ਕਾਰਵਾਈਆਂ ਚੜ੍ਹਤ ਸਿੰਘ ਅਤੇ ਮਹਾਂ ਸਿੰਘ ਦੇ ਰਾਜ-ਕਾਲ ਵਿਚ ਵਿਦਮਾਨ ਸਨ। ਇਹ ਜਾਗੀਰਾਂ ਲਾਉਣ ਦੀ ਕਾਰਵਾਈ ਸਿਰਫ ਸਿੱਖ ਸਰਦਾਰਾਂ ਵਿਚ ਹੀ ਪ੍ਰਚੱਲਤ ਨਹੀਂ ਸੀ ਪਰ ਇਕ ਚੋਥਾਈ ਸਦੀ ਤੋਂ ਉਨ੍ਹਾਂ ਵਿਚ ਚਲੀ ਆ ਰਹੀ, ਇਸ ਪਰੰਪਰਾ ਦੇ ਪਿਛੋਕੜ ਨੂੰ ਆਮ ਤੌਰ ਤੇ ਰਣਜੀਤ ਸਿੰਘ ਦੇ ਇਤਿਹਾਸਕਾਰਾਂ ਨੇ ਅਣਡਿਠ ਕੀਤੀ ਰਖਿਆ ਹੈ। ਮੱਧ ਰਚਨਾ ਦੁਆਬ ਤੋਂ ਮੱਧ ਚਜ ਦੁਆਬ ਤੀਕਰ ਫੈਲਿਆ ਇਕ ਵਧੀਆ ਸ਼ਾਸਿਤ, ਵਡਾ ਸਾਰਾ ਬਝਵਾਂ ਇਲਾਕਾ, ਇਕ ਸਭ ਤੋਂ ਕੀਮਤੀ ਜਾਇਦਾਦ ਦੇ ਰੂਪ ਵਿਚ ਰਣਜੀਤ ਸਿੰਘ ਨੂੰ ਆਪਣੇ ਪੁਰਖਿਆਂ ਕੋਲੋਂ ਵਿਰਸੇ ਵਿਚ ਮਿਲਿਆ।

ਪਿਤਰੀ ਜਾਂਨਸ਼ੀਨੀ ਦੇ ਨਿਯਮ (ਮਰਯਾਦਾ), ਪ੍ਰਸ਼ਾਸਨਕ ਸੰਗਠਨ ਅਤੇ ਸਾਧਨਾਂ ਦੇ ਸੰਗ੍ਰਹਿਣ ਨੇ ਰਣਜੀਤ ਸਿੰਘ ਦੇ ਨਾਬਾਲਗੀ ਦੇ ਕੁਝ ਸਾਲਾਂ ਵਿਚ, ਉਸ ਦੀ ਰਿਆਸਤ ਨੂੰ ਬਾਹਰੀ ਖ਼ਤਰੇ ਦੀ ਸੰਭਾਵਨਾ ਤੋਂ ਕਾਫੀ ਹਦ ਤੀਕਰ ਬਚਾਈ ਰਖਿਆ। ਆਪਣੇ ਬਚਪਨ ਦੌਰਾਨ ਰਸਮੀ ਵਿਦਿਆ ਪ੍ਰਾਪਤੀ ਵੰਨੀ ਅਰੁਚੀ ਵਾਂਙ ਰਣਜੀਤ ਸਿੰਘ ਦੀ ਨਾਬਾਲਗੀ ਸਮੇਂ ਰਾਜਕੀ ਮਾਮਲਿਆਂ ਵਲੋਂ ਬੇਪਰਵਾਹੀ, ਉਸ ਦੇ ਬਾਅਦ ਵਾਲੇ ਜੀਵਨ ਵਿਚਲੀ ਨਿਪੁੰਨ ਕਾਰਜਕਤਾ ਤੋਂ ਡਰਾਮਈ ਤੌਰ ਤੇ ਭਿੰਨ ਤਸਵੀਰ ਪੇਸ਼ ਕਰਦੀ ਹੈ। ਐਪਰ, ਉਕਤ ਭਿੰਨਤਾ (ਵਖਰੇਵਾਂ) ਇਤਿਹਾਸਕ ਨਾਲੋਂ ਵਧੇਰੇ ਕਲਪਿਤ ਹੈ। ਕਿਸ਼ੋਰ-ਅਵਸਥਾ ਵਿਚ, ਉਸ ਨੇ ਤੈਰਨਾ, ਘੋੜਸਵਾਰੀ ਅਤੇ ਸ਼ਿਕਾਰ ਖੇਡਣਾ ਸਿਖ ਲਿਆ ਸੀ। ਆਪਣੇ ਪਿਤਾ ਦੀ ਮੌਤ ਤੋਂ ਰਤਾ ਪਹਿਲਾਂ ਉਸ ਦੀ ਅਗਵਾਈ ਹੇਠ ਉਸ ਦੇ ਪਿਤਾ ਦੀ ਘੋੜ-ਸਵਾਰ ਫੌਜ ਨੇ ਇਕ ਜੰਗ ਵਿਚ ਜਿੱਤ ਪ੍ਰਾਪਤ ਕੀਤੀ ਸੀ। ਤਿੰਨ ਸਾਲਾਂ ਮਗਰੋਂ, ਉਸਨੇ ਚੱਠਾ ਸਰਦਾਰ, ਹਸ਼ਮਤ ਖਾਨ ਨੂੰ ਇਕ ਲੜਾਈ ਵਿਚ ਮਾਰ ਮੁਕਾਇਆ, ਜਿਸ ਵਿਚ ਉਸ 'ਤੇ ਪਹਿਲਾਂ ਅਚਾਨਕ ਹਮਲਾ ਕੀਤਾ ਗਿਆ ਸੀ। ਏਦਾਂ ਇਕ ਨਿਪੁੰਨ ਸੂਰਬੀਰ, ਅਣਥਕ ਘੋੜ-ਸਵਾਰ ਅਤੇ ਪੱਕਾ ਨਿਸ਼ਾਨਚੀ ਪਹਿਲਾਂ ਹੀ ਹੋਂਦ ਵਿਚ ਆ ਚੁੱਕਾ ਸੀ।

ਪੰਜਾਬ ਉਪਰ, ਸ਼ਾਹ-ਜ਼ਮਾਨ ਦੇ ਹਮਲਿਆਂ ਦੇ ਸਾਂਝੇ ਖਤਰੇ ਨੇ ਰਣਜੀਤ ਸਿੰਘ ਨੂੰ ਸਿੱਖ

ਸਰਦਾਰਾਂ ਵਿਚੋਂ ਇਕ ਸਭ ਤੋਂ ਵੱਧ ਸ਼ਕਤੀਸ਼ਾਲੀ, ਇਕੋ ਇਕ ਆਗੂ ਵਜੋਂ ਉਭਰ ਕੇ ਸਾਹਮਣੇ ਆਉਣ ਦੇ ਸਮੁੱਥ ਬਣਾਇਆ। ਇਹ ਗਲ ਬਹੁਤ ਮਹੱਤਵ ਰਖਦੀ ਹੈ, ਕਿ ਜੀਵਨ ਦੇ ਇਸ ਪੜਾਅ 'ਤੇ ਉਸ ਨੇ ਦੋ ਵਿਵਾਹ ਸੰਬੰਧ ਕਾਇਮ ਕੀਤੇ, ਜਿਸ ਨੇ ਉਸ ਨੂੰ ਵਧੇਰੇ ਰਾਜਨੀਤਕ ਸ਼ਕਤੀ ਹਾਸਲ ਕਰਨ ਦੇ ਯੋਗ ਬਣਾਇਆ। ਸਦਾ ਕੌਰ ਦੀ ਧੀ ਦੀ ਮੰਗਣੀ ਉਸ ਨਾਲ ਮਹਾਂ ਸਿੰਘ ਦੇ ਜਿਉਂਦੇ ਜੀ ਹੋ ਚੁੱਕੀ ਸੀ। ਉਸ ਦੇ 1795 ਵਿਚ ਮਹਿਤਾਬ ਕੌਰ ਨਾਲ ਵਿਆਹੇ ਜਾਣ ਨਾਲ ਸੁਕਰਚਕੀਆ ਮਿਸਲ ਅਤੇ ਘੱਨਈਆ ਮਿਸਲ ਵਿਚਕਾਰ ਰਾਜਨੀਤਕ ਮਿੱਤਰਤਾ ਹੋਰ ਘਨੇਰੀ ਅਤੇ ਪਕੇਰੀ ਹੋ ਗਈ। 1798 ਵਿਚ ਨਕੱਈ ਸਰਦਾਰ ਦੀ ਧੀ ਨਾਲ ਵਿਆਹ ਕਰਵਾ ਕੇ ਉਸ ਨੇ ਇਕ ਹੋਰ ਮਹੱਤਵਪੂਰਨ ਸੰਬੰਧ ਜੋੜ ਲਿਆ। ਏਦਾਂ ਇਹ ਤਿੰਨੇ ਘਰਾਣੇ ਇਕ ਅਟੁੱਟ ਸਾਂਝ ਵਿਚ ਜੁੜ ਗਏ। ਏਦਾਂ ਸਾਡੇ ਲਈ ਇਹ ਗਲ ਹੈਰਾਨੀ ਵਾਲੀ ਨਹੀਂ ਰਹਿ ਜਾਂਦੀ ਕਿ ਬਹੁਤ ਸਾਰੇ ਸਿੱਖ ਸਰਦਾਰਾਂ ਨੇ ਸ਼ਾਹ ਜ਼ਮਾਨ ਦੇ ਹਮਲਿਆਂ ਦੌਰਾਨ ਹੀ ਰਣਜੀਤ ਸਿੰਘ ਦੀ ਸਰਦਾਰੀ ਕਬੂਲ ਕਰ ਲਈ, ਅਤੇ ਕਿ ਉਹ ਸਿਰਫ ਉੱਨੀ ਸਾਲਾਂ ਦੀ ਉਮਰ ਵਿਚ ਲਾਹੌਰ ਉਪਰ ਕਾਬਜ਼ ਹੋ ਗਿਆ ਸੀ। ਇਹ ਇਕ ਆਮ ਧਾਰਨਾ ਹੈ ਕਿ ਲਾਹੌਰ ਤੇ ਕਬਜ਼ੇ ਕਾਰਨ ਹੀ ਰਣਜੀਤ ਸਿੰਘ ਨੂੰ ਸਿੱਖ ਸਰਦਾਰਾਂ 'ਚ ਸਰਵੁੱਚ ਮੰਨਿਆਂ ਜਾਣ ਲਗਾ। ਪਰ ਇਸ ਦੇ ਨਾਲ ਇਹ ਗਲ ਵੀ ਸਹੀ ਹੈ ਕਿ ਉਹ ਲਾਹੌਰ ਤੇ ਕਾਬਜ਼ ਹੋਣ ਵਿਚ ਇਸ ਲਈ ਵੀ ਸਫਲ ਹੋਇਆ ਕਿਉਂਜੋ ਉਹ ਆਪਣੀ ਘਾਗ ਕੂਟਨੀਤੀ, ਰਾਜਨੀਤਕ ਚਤੁਰਾਈ ਅਤੇ ਆਪਣੇ ਪੁਰਖਿਆਂ ਦੇ ਵਿਰਸੇ ਦੁਆਰਾ ਅਠਾਰ੍ਹਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਪਹਿਲਾਂ ਹੀ ਸਭ ਤੋਂ ਵਧ ਮਹੱਤਵਪੂਰਨ ਇਕੋ ਇਕ ਸਰਦਾਰ ਬਣ ਚੁੱਕਾ ਸੀ, ਅਰਥਾਤ, ਮੰਨਿਆ ਜਾ ਚੁੱਕਾ ਸੀ।

ਰਣਜੀਤ ਸਿੰਘ ਨੇ, ਆਪਣੀ ਰਾਜਸੀ ਸ਼ਕਤੀ ਵਧਾਉਣ ਅਤੇ ਅੰਤ ਵਿਚ ਆਪਣੇ ਰਾਜ-ਖੇਤਰ ਨੂੰ ਫੈਲਾਉਣ ਵਾਸਤੇ, ਜਾਗੀਰਦਾਰੀ ਪ੍ਰਥਾ (ਸਾਮੰਤਵਾਦ) ਦੀ ਬਹੁਤ ਪ੍ਰਭਾਵਕਾਰੀ ਵਰਤੋਂ ਕੀਤੀ। ਜਿਵੇਂ ਕਿ ਅਸੀਂ ਪਹਿਲਾਂ ਵੇਖ ਚੁਕੇ ਹਾਂ ਕਿ ਬਾਜਗੁਜ਼ਾਰੀ (ਜਾਗੀਰਦਾਰੀ) ਸਿਸਟਮ ਭਾਰਤ ਦੇ ਬਾਕੀ ਦੇ ਉਪ-ਮਹਾਂਦੀਪ ਵਾਂਗ, ਕਈ ਸਦੀਆਂ ਪਹਿਲਾਂ ਤੋਂ, ਭਾਵ, ਹਰਸ਼ ਦੇ ਸਮਿਆਂ ਤੋਂ ਪੰਜਾਬ ਵਿਚ ਪ੍ਰਚੱਲਤ ਸੀ। ਦਿੱਲੀ ਦੇ ਸੁਲਤਾਨਾਂ ਦੇ ਪੰਜਾਬ ਦੀਆਂ ਪਹਾੜੀਆਂ ਵਿਚ ਆਪਣੇ ਬਾਜਗੁਜ਼ਾਰ (ਸਾਮੰਤ) ਹੁੰਦੇ ਸਨ। ਮੁਗਲ ਕਾਲ ਦੌਰਾਨ ਇਹ ਵਿਵਸਥਾ, ਖ਼ਾਸਕਰ ਅਕਬਰ ਅਤੇ ਉਸ ਦੇ ਉੱਤਰਾਧਿਕਾਰੀਆਂ ਦੁਆਰਾ, ਵਿਸਤਾਰੀ ਗਈ। ਅਸੂਲਨ, ਵਡ-ਸਾਹਿਬ (ਅਧਿਪਤੀ) ਆਪਣੇ ਮਾਤਹਿਤ ਸਰਦਾਰਾਂ ਉਪਰ ਆਪਣੇ ਰਾਜਸੀ ਨਿਯੰਤ੍ਰਣ ਦਾ ਜ਼ਬ੍ਹਾ ਕਾਇਮ ਰਖਦੇ, ਜਦ ਕਿ ਇਕ ਇਲਾਕੇ ਦਾ ਅਸਲ ਪ੍ਰਸ਼ਾਸਨ ਉਨ੍ਹਾਂ ਦੇ ਹੱਥਾਂ ਵਿਚ ਹੀ ਰਖਦੇ। ਇਸ ਪ੍ਰਥਾ (ਸਿਧਾਂਤ) ਦੇ ਬਹੁ-ਭਾਂਤੀ ਸਿੱਟੇ ਪ੍ਰਾਪਤ ਹੁੰਦੇ ਸਨ। ਮਾਤਹਿਤ (ਅਧੀਨ) ਸਰਦਾਰ ਕਿਸੇ ਦੂਜੀ ਸ਼ਕਤੀ/ਸੱਤਾ (ਸਰਕਾਰ) ਨਾਲ ਰਾਜਸੀ ਮਿੱਤਰਤਾ ਅਤੇ ਸਮਝੌਤਾ ਨਹੀਂ ਸੀ ਕਰ ਸਕਦਾ, ਭਾਵੇਂ ਉਹ ਸਰਬਸੱਤਾਵਾਨ ਹੋਵੇ ਜਾਂ ਕਿਸੇ ਦੇ ਅਧੀਨ। ਆਪਣੀ ਮਾਤਹਿਤੀ (ਤਾਬੇਦਾਰੀ) ਦੇ ਪ੍ਰਤੀਕ ਵਜੋਂ ਮਾਤਹਿਤ ਸਰਦਾਰ ਨੂੰ ਸਾਲਾਨਾ ਖ਼ਿਰਾਜ ਅਦਾ ਕਰਨਾ ਪੈਂਦਾ ਸੀ, ਅਤੇ ਜਦੋਂ ਕਿਹਾ ਜਾਏ ਓਦੋਂ ਇਮਦਾਦੀ ਫ਼ੌਜੀ ਦਸਤੇ ਵੀ ਉਪਲਬਧ ਕਰਵਾਉਣੇ ਪੈਂਦੇ ਸਨ। ਦੂਜੇ ਸ਼ਬਦਾਂ ਵਿਚ, ਉਸ ਦੀ ਸੈਨਿਕ ਸ਼ਕਤੀ, 'ਅਧਿਪਤੀ' (ਅਧਿਰਾਜ) ਦੇ ਅਧਿਕਾਰ ਅਧੀਨ ਹੁੰਦੀ ਸੀ, ਕਿ ਉਹ ਜਿਵੇਂ ਚਾਹੇ ਉਸ ਨੂੰ ਵਰਤੇ। ਮਾਤਹਿਤੀ (ਅਧੀਨਗੀ) ਦੀ ਨਿਰੰਤਰਤਾ ਨੂੰ ਯਕੀਨੀ ਬਣਾਉਨ ਵਾਸਤੇ ਉਨ੍ਹਾਂ ਨੂੰ ਬੰਧਕ ਦੇਣ, ਅਰਥਾਤ,

ਉਪਲਭਧ ਕਰਵਾਉਣ ਲਈ ਕਿਹਾ ਜਾਂਦਾ। ਉਸ ਦੇ ਉੱਤਰਾਧਿਕਾਰੀ ਤੇ ਵੀ ਇਹ ਸ਼ਰਤਾਂ ਲਾਗੂ ਰਖਣ ਵਾਸਤੇ, 'ਅਧਿਰਾਜ' ਉਸ ਦੇ ਵਾਰਸ ਹੋਣ ਨੂੰ ਮੰਨਜ਼ੂਰ ਕਰਨ ਜਾਂ ਨਾ-ਮੰਨਜ਼ੂਰ ਕਰਨ ਦਾ ਆਪਣਾ ਹੱਕ ਰਾਖਵਾਂ ਰਖਦਾ। ਬਹੁਤ ਸਾਰੀਆਂ ਹਾਲਤਾਂ ਵਿਚ, ਰਣਜੀਤ ਸਿੰਘ ਨੇ ਸਮਕਾਲੀ ਸਰਦਾਰਾਂ ਨੂੰ ਇਨ੍ਹਾਂ ਇਕ ਜਾਂ ਵਧ ਸ਼ਰਤਾਂ 'ਤੇ ਆਪਣੀ 'ਅਧਿਰਾਜਕਤਾ' ਨੂੰ ਮੰਨਣ ਤੇ ਮਜਬੂਰ ਕਰ ਦਿਤਾ। ਉਹ ਸਿੱਖ ਅਤੇ ਗੈਰ-ਸਿੱਖ ਸਰਦਾਰਾਂ ਵਿਚਕਾਰ ਕੋਈ ਵਿਤਕਰਾ ਨਹੀਂ ਸੀ ਰਖਦਾ, ਅਰਥਾਤ, ਉਹ ਹਰ ਇਕ ਨਾਲ ਇਕੋ ਜਿਹਾ ਵਰਤਾਉ ਕਰਦਾ ਸੀ। ਬਹੁਤੀ ਵਾਰੀ, ਉਸ ਦੀ ਮਾਤਹਿਤੀ (ਅਧੀਨਗੀ) ਕਬੂਲਣ ਦਾ ਸਿੱਟਾ ਅਖ਼ੀਰ 'ਚ ਉਨ੍ਹਾਂ ਅਧੀਨੀਕ੍ਰਿਤ ਸਰਦਾਰਾਂ ਦੇ ਇਲਾਕੇ ਰਾਜ ਵਿਚ ਮਿਲਾਉਣ ਵਿਚ ਨਿਕਲਿਆ।

ਹੁਣ ਆਪਾਂ ਇਸ ਸਥਿਤੀ ਵਿਚ ਹਾਂ ਕਿ ਅਸੀਂ ਰਣਜੀਤ ਸਿੰਘ ਦੇ ਆਪਣੇ ਇਲਾਕੇ ਦੇ ਫੈਲਾਉ ਵਾਸਤੇ 'ਅਧੀਨਗੀ' ਦੀ ਪ੍ਰਣਾਲੀ (ਪ੍ਰਥਾ) ਦੀ ਵਰਤੋਂ ਦੀ ਮਹੱਤਤਾ ਨੂੰ ਸਮਝ ਸਕੀਏ, ਅਰਥਾਤ ਉਸ ਦਾ ਮੁੱਲ ਪਛਾਣ ਸਕੀਏ। ਉਸ ਦੇ ਰਾਜ-ਕਾਲ ਦੌਰਾਨ ਅਜਿਹੀਆਂ ਖ਼ੁਦ-ਮੁਖਤਾਰ ਸਰਦਾਰੀਆਂ ਦੀ ਗਿਣਤੀ ਵੀਹਾਂ ਵਿਚ ਸੀ, ਜਿਨ੍ਹਾਂ ਦੀਆਂ ਸਰਦਾਰੀਆਂ, ਅਰਥਾਤ, ਜਾਗੀਰਾਂ ਨੂੰ ਤੋੜਿਆ-ਭੰਨਿਆ ਗਿਆ, ਢਾਹ ਲਾਈ ਗਈ, ਅਤੇ ਉਨ੍ਹਾਂ ਵਿਚੋਂ ਘਟੋ ਘਟ ਅਧੀਆਂ ਨੂੰ ਪਹਿਲਾਂ ਆਪਣੇ ਅਧੀਨ ਕੀਤਾ ਗਿਆ। ਇਥੋਂ ਤਕ ਕਿ ਮੁਲਤਾਨ ਸੰਬੰਧੀ ਤਾਂ ਹਾਲਤ ਇਹ ਸੀ ਕਿ ਉਸ ਨੂੰ ਜਿੱਤਣ ਤੋਂ ਪਹਿਲਾਂ ਕਈ ਸਾਲ ਉਸ ਤੋਂ ਖ਼ਿਰਾਜ ਵਸੂਲਿਆ ਜਾਂਦਾ ਰਿਹਾ ਸੀ। ਏਦਾਂ ਹੀ ਕੁਝ ਸਮਾਂ ਪਾਕੇ ਨਕੱਈ, ਘਨੱਈਆ ਅਤੇ ਰਾਮਗੜ੍ਹੀਆ ਸਰਦਾਰਾਂ ਨੂੰ ਅਧੀਨ-ਸਰਦਾਰਾਂ ਦੀ ਸਥਿਤੀ ਵਿਚ ਲੈ ਆਂਦਾ ਗਿਆ। ਸਿੱਖ ਸਰਦਾਰਾਂ ਵਿਚੋਂ ਆਪਣੀ ਆਜ਼ਾਦਾਨਾ ਹਸਤੀ ਗਵਾਉਣ ਵਾਲਾ ਆਖ਼ਰੀ ਸਰਦਾਰ, ਫਤਿਹ ਸਿੰਘ ਆਹਲੂਵਾਲੀਆ ਸੀ। ਉਸ ਦੇ 1825 ਵਿਚ, ਸਤਲੁਜ ਪਾਰ ਨਠ ਜਾਣ ਨਾਲ ਵੀ ਉਸ ਦਾ ਬਚਾਉ ਨਾਂਹ ਹੋ ਸਕਿਆ। ਸੋ ਜਦ ਉਹ 1826 ਵਿਚ ਦਰਿਆ ਮੁੜ ਪਾਰ ਕਰ ਕੇ ਵਾਪਸ ਆਇਆ, ਤਦ ਉਸ ਨੂੰ ਸ਼ਰ੍ਹੇ-ਆਮ 'ਅਧੀਨਗੀ' ਕਬੂਲ ਕਰਨੀ ਪਈ। ਉਹ ਦੂਜੇ 'ਅਧੀਨ' ਸਰਦਾਰਾਂ ਵਾਂਙ ਹੀ ਰਣਜੀਤ ਸਿੰਘ ਦੀ ਤਾਬਿਆ ਰਿਹਾ ਅਤੇ ਉਸ ਦੇ ਉੱਤਰਾਧਿਕਾਰੀ ਨੂੰ ਰਣਜੀਤ ਸਿੰਘ ਦੀ ਮਾਤਹਿਤੀ ਦੇ ਚਿੰਨ੍ਹ ਵਜੋਂ ਉਸ ਨੂੰ ਵਾਹਵਾ ਭਾਰੀ 'ਨਜ਼ਰਾਨਾ' ਅਦਾ ਕਰਨਾ ਪਿਆ। ਰਣਜੀਤ ਸਿੰਘ ਦੁਆਰਾ ਸਾਮੰਤੀ-ਬਾਜਗੁਜ਼ਾਰੀ (ਅਧਿਰਾਜੀ-ਜਾਗੀਰਦਾਰੀ) ਰਾਜ-ਵਿਵਸਥਾ (ਰਾਜ-ਪ੍ਰਬੰਧ) ਦੀ ਵਰਤੋਂ ਤੋਂ ਬਿਨਾ, ਅਰਥਾਤ ਇਸ ਨੂੰ ਲਾਂਭੇ ਰਖ ਕੇ ਉਸ ਦੇ ਰਾਜਸੀ ਪ੍ਰਭਾਵ ਅਤੇ ਰਾਜ-ਖੇਤਰ (ਇਲਾਕੇ) ਵਿਚ ਤੇਜ਼ੀ ਨਾਲ ਵ੍ਰਿਧੀ ਦੀ ਗਲ ਸੋਚੀ ਵੀ ਨਹੀਂ ਜਾ ਸਕਦੀ।

ਸ਼ਕਤੀ ਹਾਸਲ ਕਰਨ ਦਾ ਸਭ ਤੋਂ ਮਹੱਤਵਪੂਰਨ ਹਥਿਆਰ, ਨਿਰਸੰਦੇਹ, ਫੌਜ ਹੀ ਸੀ। ਸ਼ੁਰੂ ਵਿਚ ਰਣਜੀਤ ਸਿੰਘ ਦੀ ਕਮਾਨ ਹੇਠ ਲਗਭਗ 5000 ਸਿਪਾਹੀ ਸਨ, ਉਹ ਵੀ ਵਧੇਰੇ ਕਰ ਘੋੜ-ਚੜ੍ਹੇ ਅਤੇ ਉਨ੍ਹਾਂ ਵਿਚੋਂ ਬਹੁਤਿਆਂ ਕੋਲ ਤੋੜੇਦਾਰ ਬੰਦੂਕਾਂ ਸਨ। ਉਸ ਦੇ ਰਿਸਾਲੇ (ਘੋੜ ਸਵਾਰ ਫੌਜ) ਦੀ ਗਿਣਤੀ ਵਧਦੀ ਗਈ। ਉਨ੍ਹੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੰਤ ਤੀਕਰ ਉਹ 15,000 ਘੋੜ-ਸਵਾਰ ਜੁਟਾ ਚੁਕਾ ਸੀ। ਦੂਜੇ ਦਹਾਕੇ ਦੇ ਅਖੀਰਲੇ ਸਾਲ ਉਸ ਕੋਲ 850 ਘੋੜ-ਸਵਾਰਾਂ ਦੀਆਂ ਤਿੰਨ ਰਜਮੰਟਾਂ ਹੋਰ ਤਿਆਰ ਹੋ ਗਈਆਂ ਸਨ, ਜਿਨ੍ਹਾਂ ਨੂੰ ਬਾਕਾਇਦਾ ਯੂਰਪੀ ਲੀਹਾਂ ਤੇ ਸਿਖਲਾਈ ਦਿਤੀ ਗਈ ਸੀ। ਮੁਢਲੇ 1830 ਵਿਆਂ ਵਿਚ ਸਥਾਈ (ਪੱਕੇ) ਘੋੜ-ਸਵਾਰ ਫੌਜੀਆਂ ਦੀ ਗਿਣਤੀ 4,000

ਤੋਂ ਵਧ ਸੀ, ਅਤੇ ਅਸਥਾਈ (ਆਰਜ਼ੀ) ਘੋੜ-ਸਵਾਰਾਂ ਦੀ ਗਿਣਤੀ ਲਗਭਗ 10,000 ਸੀ। ਉਨ੍ਹਾਂ ਵਿਚ ਖਾਸ 'ਅਰਦਲੀ' ਅਤੇ 'ਘੋੜਚੜ੍ਹਾ-ਏ-ਖਾਸ' ਵੀ ਸ਼ਾਮਲ ਕੀਤੇ ਗਏ ਸਨ। 'ਜਾਗੀਰਦਾਰੀ' ਘੋੜ-ਸਵਾਰ ਇਨ੍ਹਾਂ ਤੋਂ ਇਲਾਵਾ ਸਨ। ਆਪਣੇ ਬਹੁਤ ਸਾਰੇ ਸਮਕਾਲੀਆਂ ਵਾਂਙ ਨਿਰਸੰਦੇਹ ਰਣਜੀਤ ਸਿੰਘ ਵੀ ਘੋੜ-ਸਵਾਰ ਫੌਜ ਦਾ ਸ਼ੈਦਾਈ ਸੀ। ਜਿਵੇਂ ਕਿ ਇਕ ਯੂਰਪੀ ਸੈਲਾਨੀ ਸ਼ਾਹਦੀ ਭਰਦਾ ਹੈ, ਏਨਾ ਸ਼ਾਨਦਾਰ ਦਿਲ-ਖਿੱਚ ਬੰਦਿਆਂ ਦਾ ਵਧੀਆ ਸਮੂਹ ਹੋਰ ਕਿਤੇ ਨਜ਼ਰ ਆਉਣਾ ਬਹੁਤ ਮੁਸ਼ਕਲ ਸੀ। ਐਪਰ, ਇਹ ਹੀ ਨਿਰੇ ਰਾਜ ਦੀ ਅਸਲ ਫੌਜੀ ਸ਼ਕਤੀ ਨਹੀਂ ਸਨ।

ਰਣਜੀਤ ਸਿੰਘ ਦੀ ਅਸਲ ਫੌਜੀ ਤਾਕਤ ਜਾਚਣ ਲਈ, ਸਾਨੂੰ ਉਸ ਦੀ ਪੈਦਲ ਫੌਜ ਅਤੇ ਤੋਪਖਾਨੇ ਵਲ ਨਜ਼ਰ ਮਾਰਨੀ ਪੈਣੀ ਹੈ। ਇਹ ਫੌਜ ਦੇ ਉਹ ਨਵੇਂ ਵਿੰਗ (ਟੁਕੜੀਆਂ, ਦਸਤੇ) ਸਨ, ਜੋ ਉਸ ਨੇ ਉਨ੍ਹੀਵੀਂ ਸਦੀ ਦੇ ਮੁਢਲੇ ਸਾਲਾਂ ਦੌਰਾਨ ਕਾਇਮ ਕਰਨੇ ਸ਼ੁਰੂ ਕਰ ਦਿਤੇ ਸਨ। 1820 ਵਿਚ 10,000 ਦੇ ਲਗਭਗ ਸਿਖਿਅਤ (ਟਰੇਂਡ) ਪੈਦਲ ਫੌਜੀਆਂ (ਇਨਫੈਨਟਰੀ ਮੈੱਨ) ਦੀਆਂ 13 ਪਿਆਦਾ ਬਟਾਲੀਅਨਾਂ ਸਨ, ਜਦ ਕਿ ਗਾਰਡ ਅਤੇ ਗੈਰੀਸਨ ਡਿਊਟੀਆਂ ਲਈ (ਅੰਦਰੂਨੀ ਸੁਰਖਿਆ ਅਤੇ ਕਿਲਿਆਂ ਵਿਚ ਤਈਨਾਤ) ਲਗਭਗ 10,000 ਪਿਆਦੇ ਇਨ੍ਹਾਂ ਤੋਂ ਇਲਾਵਾ ਸਨ। ਤੋਪਾਂ ਦੀ ਕੁਲ ਗਿਣਤੀ 200 ਸੀ। ਘੋੜ-ਸਵਾਰ ਤੋਪਖਾਨਾ ਵੀ ਆਰੰਭ ਕੀਤਾ ਗਿਆ ਸੀ। ਹਥਿਆਰ ਅਤੇ ਗੋਲੀ-ਸਿੱਕਾ ਲਾਹੌਰ, ਅੰਮ੍ਰਿਤਸਰ ਅਤੇ ਕੁਝ ਹੋਰ ਥਾਵਾਂ ਤੇ ਬਣਾਇਆ ਜਾਂਦਾ ਸੀ, ਅਤੇ ਉਨ੍ਹਾਂ ਦੀ ਕਵਾਲਟੀ ਵਿਚ ਵਾਧਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਧੇਰੇ ਕਾਰਗਰ ਬਣਾਇਆ ਗਿਆ। 1831 ਤੀਕਰ, ਲਗਭਗ 20,000 ਸੈਨਿਕਾਂ ਦੀਆਂ 21 ਬਟਾਲੀਅਨਾਂ ਕਾਇਮ ਹੋ ਗਈਆਂ, ਜਦ ਕਿ ਅਸਥਾਈ (ਇਰਰੈਗੂਲਰ, ਆਰਜ਼ੀ) ਪੈਦਲ ਦਸਤਿਆਂ ਦੀ ਨਫਰੀ 24,000 ਤੀਕਰ ਅਪੜ ਗਈ ਸੀ। ਮਹਾਰਾਜੇ ਦੇ ਤੋਪਖਾਨੇ ਵਿਚ, ਉਸ ਸਮੇਂ 300 ਤੋਪਾਂ ਸਨ। ਤੀਜੇ ਦਹਾਕੇ ਦੌਰਾਨ ਫੌਜ ਦੀ ਕਾਰਜਕੁਸ਼ਲਤਾ ਅਤੇ ਗਿਣਤੀ ਵਧਾਉਣ ਵਾਸਤੇ ਯੂਰਪੀ ਅਫਸਰ ਭਰਤੀ ਕੀਤੇ ਗਏ; ਹੁਣ ਫੌਜ ਵਿਚ ਵਧੇਰੇ ਕਰ ਕੇ ਪੰਜਾਬੀਆਂ ਦੀ ਗਿਣਤੀ ਕਾਫੀ ਜ਼ਿਆਦਾ ਸੀ ਅਤੇ ਉਸ ਵਿਚ ਸਿੱਖਾਂ ਦਾ ਤਨਾਸਬ (ਅਨੁਪਾਤ) ਕਿਤੇ ਜ਼ਿਆਦਾ ਸੀ। ਖੇਤਰ ਨਾਲ ਖੇਤਰ ਦੇ ਮੁਕਾਬਲੇ ਵਿਚ, ਪੂਰਵ-ਆਧੁਨਿਕ ਏਸ਼ੀਆ ਵਿਚ ਇਹ ਸ਼ਾਇਦ ਸਭ ਤੋਂ ਵਧ ਸ਼ਕਤੀਸ਼ਾਲੀ ਫੌਜ ਸੀ। ਇਹ ਸਰਬ-ਪਰਵਾਨਿਤ ਤੱਥ ਹੈ ਕਿ ਅਫਗਾਨਾਂ ਵਿਰੁਧ ਰਣਜੀਤ ਸਿੰਘ ਦੀ ਸਫਲਤਾ ਇਸ ਨਵੇਂ ਫੌਜੀ ਗਠਨ ਕਾਰਣ ਹੀ ਸੰਭਵ ਹੋਈ। ਐਪਰ, ਇਸ ਨਾਲ ਹੀ ਇਹ ਵੀ ਕਿਹਾ ਜਾ ਸਕਦਾ ਹੈ ਕਿ ਨਾ ਕੇਵਲ ਮੁਲਤਾਨ ਅਤੇ ਕਸ਼ਮੀਰ ਦੀਆਂ ਮੁੱਖ ਜਿੱਤਾਂ ਵਿਚ, ਸਗੋਂ ਇਸ ਦੇ ਨਾਲ ਅੰਮ੍ਰਿਤਸਰ ਦੀ ਸੰਧੀ ਪਿਛੋਂ ਪ੍ਰਾਪਤ ਕੀਤੀਆਂ ਉਸ ਦੀਆਂ ਜਿੱਤਾਂ ਵਿਚ ਫੌਜ ਦੇ ਨਵੇਂ ਕਾਇਮ ਕੀਤੇ ਦਸਤਿਆਂ (ਵਿੰਗਜ਼) ਨੇ ਜੇ ਨਿਰਨਾਜਣਕ ਨਹੀਂ, ਪਰ ਬਹੁਤ ਮਹਤਵਪੂਰਨ ਰੋਲ ਜ਼ਰੂਰ ਅਦਾ ਕੀਤਾ ਸੀ। ਸ਼ਕਤੀ ਹਾਸਲ ਕਰਨ ਅਤੇ ਉਸ ਨੂੰ ਕਾਇਮ ਰਖਣ ਵਿਚ ਰਣਜੀਤ ਸਿੰਘ ਦੀ ਫੌਜ ਦੀ ਮਹੱਤਤਾ ਨੂੰ ਛੁਟਿਆਇਆ ਨਹੀਂ ਜਾ ਸਕਦਾ, ਅਰਥਾਤ, ਉਸ ਦੇ ਮਹੱਤਵ ਨੂੰ ਅਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਸ਼ਕਤੀ, ਅਰਥਾਤ, ਸੱਤਾ ਨੂੰ ਬਰਕਰਾਰ ਰਖਣ ਲਈ ਰਣਜੀਤ ਸਿੰਘ ਨੂੰ ਬਹੁਤ ਭਾਰੀ ਸੰਸਥਾਗਤ ਢਾਂਚਾ ਖੜਾ ਕਰਨਾ ਪਿਆ ਸੀ। ਇਲਾਕਿਆਂ ਦੇ ਵਿਸਤਾਰ ਨਾਲ ਸਕੱਤਰੇਤ ਦਾ ਵੀ ਵਿਸਤਾਰ ਹੋਇਆ। ਇਕ ਸਮੇਂ, ਇਹ ਮੰਨਿਆ ਜਾਂਦਾ ਸੀ ਕਿ ਸਹੀ ਰਿਕਾਰਡ ਰਖਣ ਦਾ ਕਾਰਜ,

1808 ਵਿਚ ਭਵਾਨੀ ਦਾਸ ਦੀ ਨਿਯੁਕਤੀ ਨਾਲ ਸ਼ੁਰੂ ਹੋਇਆ। ਐਪਰ, ਅਸੀਂ ਜਾਣਦੇ ਹਾਂ ਕਿ 1800 ਵਿਚ ਵੀ 'ਸਰਿਸ਼ਤਾ-ਏ-ਹਜ਼ੂਰ' ਨਾਂ ਦਾ ਇਕ ਦਫਤਰ ਮੌਜੂਦ ਸੀ। ਸਾਨੂੰ ਇਹ ਵੀ ਗਿਆਨ ਹੈ ਕਿ ਅਸਲ ਵਿਚ 'ਦੀਵਾਨ' ਅਤੇ 'ਤੋਸ਼ਾਖਾਨੀਆਂ' ਦੇ ਅਹੁਦੇ, ਰਣਜੀਤ ਸਿੰਘ ਦੇ ਪੂਰਵਜਾਂ ਦੇ ਸਮੇਂ ਤੋਂ ਹੀ ਚਲੇ ਆ ਰਹੇ ਸਨ। ਜਾਗੀਰਾਂ ਅਤੇ ਧਰਮ ਅਰਥ ਗਰਾਂਟਾਂ (ਅਨੁਦਾਨ) ਦੀ ਪਧੱਤੀ (ਵਿਵਸਥਾ), ਸਹੀ ਰਿਕਾਰਡ ਰਖਣ, ਅਰਥਾਤ, ਮਿਸਲਾਂ ਤੇ ਫਰਦਾਂ ਦੀ ਕਲਮਬੰਦੀ ਤੋਂ ਬਿਨਾ ਕੰਮ ਨਹੀਂ ਸੀ ਦੇ ਸਕਦੀ। ਇਸ ਲਈ ਅਸੀਂ ਵੇਖਦੇ ਹਾਂ ਕਿ ਉਨ੍ਹੀਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਰਿਕਾਰਡ ਰਖਣ ਦੀ ਸ਼ੁਰੂਆਤ ਨਹੀਂ ਸੀ ਹੋਈ ਸਗੋਂ ਉਦੋਂ ਆਮਦਨ-ਖਰਚ ਦੇ ਵਖ-ਵਖ ਸਿਰਲੇਖਾਂ ਨਾਲ ਸੰਬੰਧਤ ਵਖ ਵਖ ਕਿਸਮਾਂ ਦੇ ਰਿਕਾਰਡ ਰਖਣ ਵਾਲੇ ਦਫਤਰਾਂ ਦੀ ਭਰਮਾਰ ਸੀ। ਸਮਾਂ ਗੁਜ਼ਰਨ ਦੇ ਨਾਲ ਉਨ੍ਹਾਂ ਨੂੰ ਆਸਾਨ ਬਣਾ ਕੇ ਜ਼ਾਬਤੇ ਦੀ ਕੁਸ਼ਲਤਾ (ਸੁਯੋਗਤਾ) ਨੂੰ ਯਕੀਨੀ ਬਣਾ ਲਿਆ ਗਿਆ ਸੀ। ਉਸ ਸਮੇਂ ਦੇ ਬਚ ਰਹੇ ਰਿਕਾਰਡਾਂ ਨੂੰ ਵੇਖ ਕੇ ਇਸ ਗਲ ਵਿਚ ਕੋਈ ਸ਼ਕ ਨਹੀਂ ਰਹਿ ਜਾਂਦਾ ਕਿ ਉਦੋਂ ਰਿਕਾਰਡ ਨਾ ਕੇਵਲ ਵਿਸਤਾਰ-ਪੂਰਵਕ ਸਗੋਂ ਬਾਕਾਇਦਾ ਢੰਗ ਸਿਰ ਵੀ ਰਖੇ ਜਾਂਦੇ ਸਨ। ਸੋ ਸਹੀ ਤੌਰ ਤੇ ਮਹਾਰਾਜੇ ਦੇ ਸਕੱਤਰੇਤ ਨੂੰ 'ਦਫਤਰ-ਏ-ਮੁਅੱਲਾ, ਭਾਵ, ਮਹਾਨ (ਵਡਾ) ਸਕੱਤਰੇਤ ਕਿਹਾ ਜਾਂਦਾ ਸੀ। ਸੂਬਿਆਂ ਦੀਆਂ ਰਾਜਧਾਨੀਆਂ ਵਿਚ ਛੋਟੇ ਸਕੱਤਰੇਤ ਹੁੰਦੇ ਸਨ।

ਰਣਜੀਤ ਸਿੰਘ ਦੇ ਰਾਜਸੀ ਨਿਯੰਤ੍ਰਣ ਅਧੀਨ ਸਮੁੱਚੇ ਇਲਾਕੇ ਨੂੰ ਦੋ ਦਰਜਿਆਂ (ਵੰਨਗੀਆਂ) ਵਿਚ ਵੰਡਿਆ ਮੰਨਿਆ ਜਾ ਸਕਦਾ ਹੈ: ਉਹ ਇਲਾਕੇ, ਜਿਨ੍ਹਾਂ ਦਾ ਰਾਜ-ਪ੍ਰਬੰਧ ਮਾਤਹਿਤ ਸਰਦਾਰਾਂ ਦੇ ਜ਼ਿੰਮੇ ਸੀ, ਅਤੇ ਉਹ ਖੇਤਰ ਜਿਥੋਂ ਦਾ ਪ੍ਰਸ਼ਾਸਨ ਉਸ ਦੇ ਆਪਣੇ ਕਰਮਚਾਰੀਆਂ ਦੁਆਰਾ ਚਲਾਇਆ ਜਾਂਦਾ ਸੀ। ਮੈਦਾਨੀ ਇਲਾਕੇ ਵਿਚ, ਬਾਜਗੁਜ਼ਾਰ ਸਰਦਾਰਾਂ ਅਧੀਨ ਇਲਾਕਾ ਘਟਦਾ ਗਿਆ ਅਤੇ ਅਖੀਰ ਸਿਰਫ ਫਤਿਹ ਸਿੰਘ ਆਹਲੂਵਾਲੀਏ ਦਾ ਇਲਾਕਾ ਹੀ ਇਸ ਵੰਨਗੀ ਵਿਚ ਬਾਕੀ ਰਹਿ ਗਿਆ। ਪਹਾੜੀ ਇਲਾਕੇ ਵਿਚ, ਉਨ੍ਹੀਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਬਾਜਗੁਜ਼ਾਰ (ਸਾਮੰਤ) ਸਰਦਾਰਾਂ ਅਧੀਨ ਇਲਾਕਾ ਘਟਦਾ ਹੀ ਚਲਾ ਗਿਆ। ਐਪਰ ਰਣਜੀਤ ਸਿੰਘ ਦੀ ਹਕੂਮਤ ਦੇ ਆਖਰੀ ਪੰਦਰਾਂ ਸਾਲਾਂ ਵਿਚ, ਬਾਜਗੁਜ਼ਾਰ ਸਰਦਾਰਾਂ ਅਧੀਨ ਰਾਜ-ਖੇਤਰ ਵਿਚ ਕਾਫੀ ਵਾਧਾ ਹੋਇਆ, ਕਿਉਂਜੋ ਜਿੱਤ ਤੋਂ ਪਹਿਲਾਂ ਜਾਂ ਪਿੱਛੋਂ ਡੋਗਰਾ ਸਰਦਾਰਾਂ ਨੂੰ ਨਵੇਂ ਇਲਾਕੇ ਬਖਸ਼ੇ ਗਏ ਸਨ। ਸਮੇਂ ਸਮੇਂ ਅਦਾ ਕੀਤੇ ਗਏ ਜਾਂ ਅਦਾਇਗੀ-ਜੋਗ ਖਿਰਾਜ ਦਾ ਬਾਕਾਇਦਾ ਹਿਸਾਬ (ਰਿਕਾਰਡ) ਰਖਿਆ ਜਾਂਦਾ ਸੀ। ਇਸ ਗਲ ਦੇ ਸੰਕੇਤ ਵੀ ਮਿਲਦੇ ਹਨ ਕਿ ਆਪਣੇ ਬਾਜਗੁਜ਼ਾਰਾਂ ਉਪਰ ਰਣਜੀਤ ਸਿੰਘ ਦਾ ਕੰਟਰੋਲ (ਨਿਯੰਤ੍ਰਣ) ਵਧਦਾ ਹੀ ਗਿਆ। ਕਦੀ ਕਦੀ ਉਹ ਉਨ੍ਹਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦਿੰਦਾ, ਪਰ ਆਮ ਤੌਰ ਤੇ ਉਹ ਰਾਜ-ਪ੍ਰਬੰਧ (ਪ੍ਰਸ਼ਾਸਨ) ਦੀ ਜ਼ਿੰਮੇਵਾਰੀਆਂ ਉਨ੍ਹਾਂ ਦੇ ਜ਼ਿੰਮੇ ਹੀ ਰਹਿਣ ਦਿੰਦਾ। ਬਿਨਾ ਕਿਸੇ ਹੀਲ-ਹੁੱਜਤ ਦੇ, ਸਾਰੇ ਬਾਜਗੁਜ਼ਾਰ ਸਰਦਾਰ ਅਧੀਨਗੀ ਦੀਆਂ ਰੀਤਾਂ ਨਿਭਾਉਂਦੇ। ਏਦਾਂ ਬਾਜਗੁਜ਼ਾਰ (ਸਾਮੰਤ) ਰਾਜਸੀ ਪ੍ਰਣਾਲੀ (ਪ੍ਰਬੰਧ) ਨਾਲ ਜੁੜੇ ਰਹਿੰਦੇ, ਉਸ ਦੇ ਪੂਰਕ ਬਣੇ ਰਹਿੰਦੇ, ਪਰ ਉਨ੍ਹਾਂ ਦੇ ਇਲਾਕੇ, ਪ੍ਰਸ਼ਾਸਨਕ ਸੰਗਠਨ ਦਾ ਇਕ ਪੂਰਨ ਭਾਗ ਨਾ ਬਣਦੇ।

ਉਹ ਇਲਾਕੇ ਜੋ ਕਿ ਮਹਾਰਾਜੇ ਦੇ ਕਰਮਚਾਰੀਆਂ ਦੁਆਰਾ ਪ੍ਰਸ਼ਾਸਿਤ ਹੁੰਦੇ ਸਨ, ਨਾਬਰਾਬਰ ਆਕਾਰ ਅਤੇ ਸਰੋਤਾਂ (ਸਾਧਨਾਂ) ਵਾਲੀਆਂ ਬੁਨਿਆਦੀ ਇਕਾਈਆਂ (ਯੂਨਟਾਂ) ਵਿਚ ਵੰਡੇ ਹੁੰਦੇ ਸਨ।

ਸ਼ੁਰੂ ਤੋਂ ਹੀ ਕਸ਼ਮੀਰ ਇਕ ਅਜਿਹੀ ਇਕਾਈ ਦੇ ਰੂਪ ਵਿਚ ਚਲਿਆ ਆ ਰਿਹਾ ਸੀ। 1818 ਵਿਚ ਮੁਲਤਾਨ ਦੀ ਜਿੱਤ ਪਿਛੋਂ, ਕੁਝ ਇਲਾਕੇ ਉਸ ਵਿਚ ਜੋੜੇ ਗਏ ਸਨ। ਸਿੰਧ ਦਰਿਆ ਪਾਰਲੇ ਇਲਾਕੇ ਬਹੁਤਾ ਸਮਾਂ, ਦੋ ਜਾਂ ਵਧੇਰੇ ਇਕਾਈਆਂ ਵਿਚ ਵੰਡੀਜੇ ਰਹੇ ਸਨ। ਮੁਗਲਾਂ ਦੇ ਜ਼ਮਾਨੇ ਦੇ ਲਾਹੌਰ ਦੇ ਸੂਬੇ ਵਿਚ ਏਦਾਂ ਦੀਆਂ ਲਗਭਗ ਅਧੀ ਦਰਜਨ ਬੁਨਿਆਦੀ ਇਕਾਈਆਂ ਸਨ। ਸਾਰੀਆਂ ਬੁਨਿਆਦੀ ਇਕਾਈਆਂ ਦੇ ਰਾਜ-ਪ੍ਰਬੰਧ (ਪ੍ਰਸ਼ਾਸਨ) ਲਈ 'ਨਾਜ਼ਮ' ਮੁਕੱਰਰ ਸਨ। ਉਹ ਉਥੇ ਅਮਨ-ਅਮਾਨ ਕਾਇਮ ਰਖਣ ਅਤੇ ਮਾਲੀਆ ਉਗਰਾਹੁਣ ਦੇ ਕਾਰਜਾਂ ਲਈ ਸਿਧੇ ਮਹਾਰਾਜੇ ਨੂੰ ਜਵਾਬਦਿਹ ਸਨ। ਕੁਝ ਕੇਸਾਂ (ਹਾਲਤਾਂ) ਨੂੰ ਛਡ ਕੇ ਉਹਨਾਂ ਦੇ ਅਹੁਦੇ ਦੀ ਮਿਆਦ ਕੋਈ ਬਹੁਤੀ ਲੰਮੀ ਨਹੀਂ ਸੀ ਹੁੰਦੀ। ਉਨ੍ਹਾਂ ਨੂੰ ਉਥੋਂ ਵਾਪਸ ਬੁਲਾਏ ਜਾਣ ਦੇ ਕਾਰਨ, ਵਖ ਵਖ ਵਿਅਕਤੀਆਂ ਲਈ ਵਖ ਵਖ ਹੁੰਦੇ ਸਨ, ਪਰ ਇਕ ਨਾਜ਼ਮ ਦੇ ਇਕ ਥਾਂ ਜ਼ਿਆਦਾ ਚਿਰ ਟਿਕੇ ਰਹਿਣ ਦਾ ਕਾਰਨ ਸਿਰਫ ਉਸ ਦਾ ਵਧੀਆ ਰਾਜ-ਪ੍ਰਬੰਧ ਦਾ ਗੁਣ ਹੁੰਦਾ ਸੀ। ਹਰੇਕ ਬੁਨਿਆਦੀ ਇਕਾਈ ਅਗੋਂ ਕਈ ਛੋਟੀਆਂ ਇਕਾਈਆਂ ਵਿਚ ਵੰਡੀ ਹੁੰਦੀ ਸੀ, ਜਿਨ੍ਹਾਂ ਨੂੰ 'ਤਅੱਲਕਾ' ਜਾਂ 'ਪਰਗਨਾ' ਕਿਹਾ ਜਾਂਦਾ ਸੀ, ਉਹ ਅਗੋਂ 'ਕਾਰਦਾਰ' ਦੇ ਅਧੀਨ ਹੁੰਦੇ ਸਨ। ਉਨ੍ਹਾਂ ਦਾ ਮੁਖ ਕੰਮ ਮਾਲੀਆ ਉਗ੍ਰਾਹੁਣ ਦਾ ਸੀ, ਭਾਵੇਂ ਕਿ ਉਹ ਹੋਰ ਕੰਮ ਵੀ ਕਰਦੇ ਸਨ। ਲਾਹੌਰ ਅਤੇ ਅੰਮ੍ਰਿਤਸਰ ਦੇ ਨੇੜੇ ਦੀਆਂ ਬੁਨਿਆਦੀ ਇਕਾਈਆਂ ਦੇ ਕਾਰਦਾਰਾਂ ਦੀਆਂ ਨਿਯੁਕਤੀਆਂ, ਏਦਾਂ ਜਾਪਦੈ ਕਿ ਰਣਜੀਤ ਸਿੰਘ ਆਪ ਕਰਦਾ ਸੀ, ਭਾਵੇਂ ਉਹ 'ਨਾਜ਼ਮਾਂ' ਅਧੀਨ ਰਹਿੰਦੇ ਹੋਏ, ਉਨ੍ਹਾਂ ਦੇ ਸਹਿਯੋਗ ਨਾਲ ਹੀ ਕੰਮ ਚਲਾਉਂਦੇ ਸਨ। ਕਸ਼ਮੀਰ, ਦਰਿਆ ਸਿੰਧ-ਪਾਰਲੇ ਇਲਾਕੇ ਅਤੇ ਮੁਲਤਾਨ ਵਰਗੇ ਦੁਰੇਡੇ ਇਲਾਕਿਆਂ ਵਿਚਲੀਆਂ ਬੁਨਿਆਦੀ ਇਕਾਇਆਂ ਦੇ 'ਕਾਰਦਾਰਾਂ' ਦੀਆਂ ਨਿਯੁਕਤੀਆਂ ਨਾਜ਼ਮਾਂ ਦੀ ਸਿਫਾਰਸ਼ 'ਤੇ ਕੀਤੀਆਂ ਜਾਂਦੀਆਂ ਸਨ। ਕਾਰਦਾਰਾਂ ਦੇ ਇਕ ਥਾਂ ਟਿਕੇ ਰਹਿਣ ਦੀ ਮਿਸਾਲ ਟਾਵੀਂ ਟਾਵੀਂ ਹੀ ਵਖਾਲੀ ਦਿੰਦੀ ਸੀ। ਮਾਲੀਆ ਉਗ੍ਰਾਹੁਣ ਦੇ ਮੂਲ ਕਾਰਜ ਵਿਚ ਕਾਰਦਾਰ ਦੀ ਮਦਦ ਲਈ, 'ਕਾਨੂੰਨਗੋ', 'ਚੌਧਰੀ' ਅਤੇ 'ਮੁਕੱਦਮ' ਮੁਕੱਰਰ ਸਨ। ਵਖ ਵਖ ਇਲਾਕਿਆਂ ਵਿਚ ਪ੍ਰਸ਼ਾਸਨਕ ਕਰਮਚਾਰੀਆਂ ਦੀ ਗਿਣਤੀ ਵਿਚ ਭਿੰਨਤਾ ਹੋਣ ਦੇ ਬਾਵਜੂਦ ਹਰੇਕ 'ਤਅੱਲਕੇ' ਵਿਚ ਇਕ ਕਾਨੂੰਨਗੋ ਅਤੇ ਹਰੇਕ ਪਿੰਡ ਵਿਚ ਇਕ ਮੁਕੱਦਮ ਜ਼ਰੂਰ ਹੁੰਦਾ ਸੀ। ਆਮ ਤੌਰ ਤੇ ਪਟਵਾਰੀ ਅਤੇ ਚੌਧਰੀ ਦਾ ਕਾਰਜ-ਖੇਤਰ ਇੱਕ ਤੋਂ ਵਧ ਪਿੰਡਾਂ ਵਿਚ ਹੁੰਦਾ ਸੀ। ਚੌਧਰੀ, ਮੁਕੱਦਮ ਅਤੇ ਪਟਵਾਰੀ ਸਰਕਾਰੀ ਕਰਮਚਾਰੀ (ਨੌਕਰ) ਨਹੀਂ ਸਨ ਹੁੰਦੇ। ਉਹ ਤਾਂ ਕਾਰਦਾਰਾਂ ਅਤੇ ਕਾਸ਼ਤਕਾਰਾਂ ਵਿਚਾਲੇ ਇਕ ਕੜੀ ਦਾ ਕੰਮ ਕਰਦੇ ਸਨ। ਕਸਬਿਆਂ ਅਤੇ ਸ਼ਹਿਰਾਂ ਵਿਚ ਵੀ ਵਖ ਵਖ ਜ਼ਾਤਾਂ, ਬਰਾਦਰੀਆਂ, ਭਾਈਚਾਰਿਆਂ ਅਤੇ ਕਿਤਿੱਆਂ (ਪੇਸ਼ਿਆਂ) ਦੇ ਪ੍ਰਤੀਨਿਧ ਬਿਨਾਂ ਕਿਸੇ ਇਵਜ਼ਾਨੇ ਦੇ ਅਤੇ ਰਸਮੀ ਤੌਰ ਤੇ ਸਥਾਨਕ ਪ੍ਰਸ਼ਾਸਨ ਨਾਲ ਜੁੜੇ ਹੁੰਦੇ ਸਨ।

ਰਣਜੀਤ ਸਿੰਘ ਦੁਆਰਾ ਵਿਗਸਤ ਕੀਤੇ ਪ੍ਰਸ਼ਾਸਨੀ ਪ੍ਰਬੰਧ ਉਸ ਦੀਆਂ ਜਿੱਤਾਂ ਨਾਲੋਂ ਘਟ ਹੀ ਧਿਆਨ ਖਿਚਦੇ ਜਾਪਦੇ ਹਨ, ਇਸ ਦਾ ਕਾਰਨ ਸਿਰਫ ਇਹੋ ਹੈ ਕਿ ਸਿੱਖ ਰਾਜ ਦੀ ਸਥਾਪਤੀ ਤੋਂ ਪਹਿਲਾਂ ਇਥੇ ਜੋ ਪ੍ਰਸ਼ਾਸਨੀ ਪ੍ਰਬੰਧ ਚਲ ਰਿਹਾ ਸੀ, ਉਹ ਕਿਸੇ ਹਦ ਤੀਕਰ ਹੁਣ ਵਾਲੇ ਪ੍ਰਬੰਧ ਨਾਲ ਮੇਲ ਖਾਂਦਾ ਸੀ। ਪਰ ਫੇਰ ਵੀ ਵਡੇ ਪੈਮਾਨੇ 'ਤੇ ਪੁਰਾਣੇ ਪ੍ਰਬੰਧਕੀ ਢਾਂਚੇ ਨੂੰ ਮੁੜ ਸੁਰਜੀਤ ਕਰਨ ਦਾ ਕਾਰਜ ਕੋਈ ਘਟ ਮਹੱਤਵ ਨਹੀਂ ਰਖਦਾ। ਸਮੇਂ ਦੇ ਮਿਆਰਾਂ ਅਨੁਸਾਰ, ਉਸ ਦੁਆਰਾ ਕੀਤੇ ਗਏ ਪ੍ਰਬੰਧ ਵਾਹਵਾ ਵਿਸਤ੍ਰਿਤ (ਕਮਾਲ ਦੇ) ਅਤੇ ਕੰਮ ਦੇ ਸਨ। ਬਿਲਕੁਲ ਇਸੇ ਹੀ ਕਾਰਨ ਇਨ੍ਹਾਂ

ਪ੍ਰਬੰਧਾਂ (ਬੰਦੋਬਸਤ) ਨੇ ਸੱਤਾ-ਸਥਾਪਤੀ ਨੂੰ ਕਾਇਮ ਰਖਣ ਦੇ ਕਾਰਜ ਵਿਚ ਸ਼ਾਨਦਾਰ ਭੂਮਿਕਾ ਨਿਭਾਈ। ਜਿਵੇਂ ਕਿ ਅਨੇਕਾਂ ਸਮਕਾਲੀਆਂ ਨੇ ਕਿਹਾ ਹੈ ਪ੍ਰਸ਼ਾਸਨ ਦੀ ਨਰਮੀ ਨੇ ਹੀ ਉਸ ਦੇ ਇਸ ਮੁਢਲੇ (ਮੁੱਖ) ਮੰਤਵ ਨੂੰ ਮਜ਼ਬੂਤੀ ਬਖ਼ਸ਼ੀ।

ਇਸ ਨਰਮੀ ਦੇ ਮਹੱਤਵ ਨੂੰ ਸਮਝਣ-ਜਾਨਣ ਲਈ ਹੁਣ ਕਾਫ਼ੀ ਜਾਣਕਾਰੀ ਉਪਲਬਧ ਹੈ। ਰਣਜੀਤ ਸਿੰਘ ਦੇ ਅਧੀਨ ਇਲਾਕਿਆਂ ਵਿਚ ਮਾਲੀਆ ਆਂਕਣ ਦੀਆਂ ਮੁਖ ਵਿਧੀਆਂ 'ਬਟਾਈ' ਅਤੇ 'ਕਣਕੂਤ' (ਖੜੇ ਖੇਤ ਦੇ ਅੰਨ ਦਾ ਅੰਦਾਜ਼ਾ-ਅਨੁ.) ਸਨ। ਸ਼ੁਰੂ ਦੇ ਬਰਤਾਨਵੀ ਪ੍ਰਸ਼ਾਸਕਾਂ ਦੁਆਰਾ ਇਨ੍ਹਾਂ ਵਿਧੀਆਂ ਤੇ ਖ਼ੂਬ ਨੁਕਤਾਚੀਨੀ ਕੀਤੀ ਗਈ। ਸਚਮੁਚ ਹੀ, ਰਾਜ (ਸਟੇਟ) ਦੇ ਪੱਖੋਂ, ਇਹ ਕਰ-ਨਿਰਧਾਰਨ ਵਿਧੀਆਂ, ਵਧੀਆ ਨਹੀਂ ਸਨ। ਪਰ ਕਾਸ਼ਤਕਾਰਾਂ ਵਿਚ ਇਹ ਹਰਮਨ-ਪਿਆਰੀਆਂ ਸਨ, ਕਿਉਂਜੋ ਇਹ ਉਨ੍ਹਾਂ ਦੇ ਅਨੁਕੂਲ ਅਤੇ ਲਾਭਦਾਇਕ ਸਨ। ਹੋਰ, ਸਰਕਾਰ ਹੁਣ, ਮੁਗਲ ਸਾਮਰਾਜ ਦੇ ਸਭ ਤੋਂ ਵਧੀਆ ਦਿਨਾਂ ਨਾਲੋਂ, ਕਿਰਸਾਨੀ-ਉਪਜ ਵਿਚੋਂ ਆਪਣਾ ਬਹੁਤ ਘਟ ਹਿੱਸਾ ਉਗਰਾਹੁੰਦੀ ਸੀ। ਸਰਕਾਰੀ ਖ਼ਜ਼ਾਨੇ ਦਾ ਘਾਟਾ ਕਾਸ਼ਤਕਾਰਾਂ ਦਾ ਵਾਧਾ (ਲਾਭ) ਸੀ।

ਆਪਣੀ ਸੱਤਾ (ਹਕੂਮਤ) ਨੂੰ ਕਾਇਮ ਰਖਣ ਲਈ ਰਣਜੀਤ ਸਿੰਘ ਨੇ ਜਾਗੀਰਦਾਰੀ ਪ੍ਰਥਾ ਦੀ ਭਰਪੂਰ ਵਰਤੋਂ ਕੀਤੀ। ਬਾਕਾਇਦਾ (ਰੈਗੂਲਰ) ਫ਼ੌਜ ਦੇ ਸੈਨਿਕਾਂ ਅਤੇ ਅਫ਼ਸਰਾਂ ਨੂੰ, ਅਤੇ ਕੁਝ 'ਕਾਰਦਾਰਾਂ' ਨੂੰ, ਆਮ ਤੌਰ ਤੇ ਨਕਦ ਅਦਾਇਗੀ ਕਤਿੀ ਜਾਂਦੀ ਸੀ। ਕੇਂਦਰ ਅਤੇ ਸੂਬਿਆਂ ਦੇ ਸਿਵਲ (ਅਸੈਨਿਕ) ਸਰਕਾਰ ਦੇ ਉੱਚ-ਅਧਿਕਾਰੀਆਂ ਨੂੰ 'ਜਾਗੀਰਾਂ' ਦੁਆਰਾ ਮਿਹਨਤਾਨਾ (ਉਜਰਤ) ਅਦਾ ਕੀਤਾ ਜਾਂਦਾ। ਨਾ ਸਿਰਫ਼ ਹਾਰਨ ਵਾਲੇ ਸਰਦਾਰ, ਅਤੇ ਉਨ੍ਹਾਂ ਦੇ ਅਹਿਮ ਜਾਗੀਰਦਾਰ, ਸਗੋਂ ਕੁਝ ਬਾਜਗੁਜ਼ਾਰ ਸਰਦਾਰ ਆਪ ਵੀ ਰਣਜੀਤ ਸਿੰਘ ਦੀ ਨੌਕਰੀ ਕਰਦੇ ਸਨ। ਐਪਰ ਰਾਜ-ਖੇਤਰ ਦੇ ਵਿਸਤਾਰ ਕਾਰਨ, ਉਸ ਨੂੰ ਹੋਰ ਹੋਣਹਾਰ ਵਿਅਕਤੀਆਂ ਨੂੰ ਸਰਕਾਰੀ ਨੌਕਰੀ ਵਿਚ ਲਿਆਉਣ ਦੀ ਲੋੜ ਸੀ। ਭਰਤੀ ਕਾਰਜ ਸਿਰਫ਼ ਉਸ ਦੇ ਰਾਜ-ਖੇਤਰਾਂ ਤੀਕਰ ਹੀ ਸੀਮਿਤ ਨਹੀਂ ਸੀ ਰਿਹਾ। ਗ਼ੈਰ-ਪੰਜਾਬੀ ਅਤੇ ਇਥੋਂ ਤਕ ਕਿ ਵਿਦੇਸ਼ੀ ਵੀ ਸਰਕਾਰੀ ਨੌਕਰੀ ਕਰਨ ਖ਼ਾਤਿਰ ਆਏ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਉੱਚੇ ਅਹੁਦਿਆਂ ਤੇ ਪਹੁੰਚੇ। ਪ੍ਰਮਾਣਿਤ ਵਫ਼ਾਦਾਰੀ ਅਤੇ ਯੋਗਤਾ, ਭਰਤੀ ਅਤੇ ਤਰੱਕੀ (ਪਦ-ਉੱਨਤੀ) ਦੀ ਕਸੌਟੀ ਸਨ। ਏਦਾਂ ਯੋਗ ਵਿਅਕਤੀਆਂ ਤੋਂ ਇਲਾਵਾ ਕੁਝ ਪਰਿਵਾਰ ਵੀ ਹੇਠਲੇ ਪੱਧਰ 'ਤੇ ਅਧਿਰਾਜ ਨਾਲ ਸੱਤਾ ਵਿਚ ਭਾਗੀਦਾਰ ਬਣਨ ਅਤੇ ਉਸ ਤਰਫ਼ੋਂ ਰਾਜ-ਭਾਗ ਚਲਾਉਣ ਲਈ ਅੱਗੇ ਆਏ। ਸ਼ਾਸਕ (ਹੁਕਮਰਾਨ) ਵਰਗ ਦਾ ਵਿਆਪਕ ਸੰਯੋਜਨ (ਗਠਨ) ਸਪਸ਼ਟ ਰੂਪ ਵਿਚ ਨਜ਼ਰ ਆਉਂਦਾ ਹੈ। ਇਸ ਵਿਚ ਪੰਜਾਬ ਦੀਆਂ ਸਾਰੀਆਂ ਮਹੱਤਵਪੂਰਨ ਜ਼ਾਤਾਂ ਅਤੇ ਬਰਾਦਰੀਆਂ ਦੇ ਵਿਅਕਤੀ ਅਤੇ ਪਰਿਵਾਰ ਸ਼ਾਮਲ ਸਨ। ਉਨ੍ਹਾਂ ਨੂੰ ਜਾਗੀਰਾਂ ਪ੍ਰਦਾਨ ਕਰਕੇ ਰਣਜੀਤ ਸਿੰਘ ਨੇ ਆਪਣੀ ਸਲਤਨਤ ਦੇ ਵਖ ਵਖ ਇਲਾਕਿਆਂ ਵਿਚ ਉਨ੍ਹਾਂ ਦੀ ਦਿਲਚਸਪੀ ਕਾਇਮ ਰਖੀ। ਇਕ ਵਿਅਕਤੀ ਦੀਆਂ ਜਾਗੀਰਾਂ ਦੀ ਥਾਂ, ਥੋੜੇ ਥੋੜੇ ਚਿਰ ਪਿਛੋਂ, ਬਦਲੀ ਜਾ ਸਕਦੀ ਸੀ।

ਰਣਜੀਤ ਸਿੰਘ ਦੁਆਰਾ ਵਖ ਵਖ ਭਾਈਚਾਰਿਆਂ (ਬਰਾਦਰੀਆਂ) ਦੇ ਮੈਂਬਰਾਂ (ਬੰਦਿਆਂ) ਨੂੰ ਪ੍ਰਦਾਨ ਕੀਤੀ ਜਾਣ ਵਾਲੀ ਸਰਪ੍ਰਸਤੀ ਵਿਚ ਏਦਾਂ ਦਾ ਹੀ ਨਮੂਨਾ ਲਭਦਾ ਹੈ, ਨਜ਼ਰ ਆਉਂਦਾ ਹੈ। ਉਥੇ ਧਾਰਮਕ ਜਾਂ ਪ੍ਰਤਿਭਾਵਾਨ ਵਿਅਕਤੀਆਂ ਨੂੰ ਧਰਮ-ਨਿਰਪੇਖ ਦ੍ਰਿਸ਼ਟੀ ਤੋਂ, ਬਿਨਾ ਕਿਸੇ ਭੇਦ-

ਭਾਵ ਦੇ ਨਕਦ-ਭੱਤਾ ਦਿਤਾ ਜਾਂਦਾ ਸੀ। ਮੁਸਲਮ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਮੁਗਲ ਸ਼ਾਸਕਾਂ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਮਾਲੀਆ-ਮੁਕਤ ਜਾਗੀਰਾਂ, ਮੁਢਲੇ ਸਿਖ ਹੁਕਮਰਾਨਾਂ (ਬਿਨਾ ਸ਼ਕ ਰਣਜੀਤ ਸਿੰਘ ਦੇ ਪੁਰਖਿਆਂ ਸਹਿਤ) ਦੁਆਰਾ, ਪਕੀਆਂ ਕਰ ਦਿਤੀਆਂ ਗਈਆਂ ਸਨ। ਮੁਗਲਾਂ ਨੇ ਕੁਝ ਸ਼ੈਵ ਅਤੇ ਵੈਸ਼ਨਵ ਮੱਠਾਂ ਨੂੰ 'ਮਦਦ-ਏ-ਮੁਆਸ਼' ਗਰਾਂਟਾਂ (ਅਨੁਦਾਨ) ਪ੍ਰਦਾਨ ਕੀਤੀਆਂ ਸਨ। ਰਣਜੀਤ ਸਿੰਘ ਨੇ ਬਹੁਤ ਸਾਰੀਆਂ ਮੁਸਲਮ ਸੰਸਥਾਵਾਂ (ਅਦਾਰਿਆਂ) ਨੂੰ ਤਾਜ਼ਾ 'ਧਰਮ-ਅਰਥ' ਗਰਾਂਟਾਂ ਪ੍ਰਦਾਨ ਕੀਤੀਆਂ। ਮੁਢਲੇ ਸਿੱਖ ਹੁਕਮਰਾਨਾਂ ਅਧੀਨ, ਜੋਗੀਆਂ ਅਤੇ ਵੈਸ਼ਨਵਾਂ ਦੀਆਂ 'ਧਰਮ-ਅਰਥ' ਗਰਾਂਟਾਂ ਵਧਣੀਆਂ ਸ਼ੁਰੂ ਹੋ ਗਈਆਂ ਸਨ। ਰਣਜੀਤ ਸਿੰਘ ਖੁਲ੍ਹੇ-ਹੱਥੀਂ ਉਨ੍ਹਾਂ ਦੀ ਸਰਪ੍ਰਸਤੀ ਕਰਦਾ ਸੀ। ਏਦਾਂ ਹੀ, 18ਵੀਂ ਸਦੀ ਵਿਚ ਉਦਾਸੀਆਂ ਨੇ ਬਹੁਤ ਭਾਰੀ ਗਰਾਂਟਾਂ ਹਾਸਲ ਕੀਤੀਆਂ, ਪਰ ਰਣਜੀਤ ਸਿੰਘ ਤੋਂ ਉਨ੍ਹਾਂ ਨੂੰ ਪਹਿਲਾਂ ਤੋਂ ਕਿਤੇ ਵਧ ਗਰਾਂਟਾਂ ਪ੍ਰਾਪਤ ਹੋਈਆਂ। ਸਾਰੇ ਮਹੱਤਵਪੂਰਨ ਗੁਰਦਵਾਰਿਆਂ ਅਤੇ ਉਨ੍ਹਾਂ ਦੀ ਦੇਖ-ਭਾਲ ਤੇ ਨਿਗਰਾਨੀ ਕਰਨ ਵਾਲੇ ਵਿਅਕਤੀਆਂ ਨੂੰ ਮਾਲੀਆ-ਮੁਕਤ ਜ਼ਮੀਨਾਂ ਦਿਤੀਆਂ ਗਈਆਂ। 'ਧਰਮ-ਅਰਥ' ਦਾਨ-ਭੋਗੀਆਂ (ਗ੍ਰਾਂਟੀਆਂ) ਦੀ ਬਹੁਤ ਵਡੀ ਗਿਣਤੀ, ਦਾਨ ਵਿਚ ਮਿਲੀਆਂ ਜ਼ਮੀਨਾਂ 'ਤੇ ਜਾਂ ਉਨ੍ਹਾਂ ਦੇ ਨਾਲ ਲਗਦੀਆਂ ਜ਼ਮੀਨਾਂ ਸਿਰ ਜੀਵਨ ਨਿਰਬਾਹ ਕਰਦੀ ਸੀ। ਆਮ ਲੋਕਾਂ ਵਿਚ ਉਨ੍ਹਾਂ ਦੇ ਪ੍ਰਭਾਵ ਨੇ ਉਨ੍ਹਾਂ ਨੂੰ ਰਾਜ ਦੇ ਉਪਯੋਗੀ ਹਿਮਾਇਤੀ ਬਣਾ ਦਿਤਾ। ਰਾਜ ਦੀ ਸਰਪ੍ਰਸਤੀ ਦਾ ਥੋੜਾ ਜਿਹਾ ਅੰਸ਼ ਉਨ੍ਹਾਂ ਕਲਾਕਾਰਾਂ ਦੇ ਹਿੱਸੇ ਵੀ ਆਇਆ, ਜਿਨ੍ਹਾਂ ਦਾ ਸਮਾਜਕ ਪ੍ਰਭਾਵ ਨਾਂ-ਮਾਤਰ ਹੀ ਸੀ।

ਇਕ ਹੁਕਮਰਾਨ ਦੀ ਹਕੂਮਤ ਨੂੰ ਜਨ-ਸਮੂਹ ਦੁਆਰਾ ਸਵੀਕਾਰ ਕਰਨ ਦੇ ਮਾਮਲੇ ਵਿਚ, ਸ਼ਾਇਦ ਇਨਸਾਫ ਪ੍ਰਦਾਨ ਕਰਨ ਦਾ ਕਾਰਜ, ਸਭ ਤੋਂ ਵਧ ਮਹੱਤਵਪੂਰਨ ਹੈ। ਇਹ ਇਕ ਅਜਿਹਾ ਪੱਖ ਹੈ, ਜਿਸ ਬਾਰੇ ਰਣਜੀਤ ਸਿੰਘ ਦੀ ਸਥਿਤੀ ਨੂੰ ਉੱਕਾ ਗਲਤ ਸਮਝਿਆ ਗਿਆ ਹੈ। ਇਹ ਗਲ ਸਹਿਜੇ ਹੀ ਮੰਨੀ ਜਾ ਸਕਦੀ ਹੈ ਕਿ ਰਣਜੀਤ ਸਿੰਘ ਦੇ ਅਧਿਕਾਰ (ਰਾਜ-ਖੇਤਰ) ਵਿਚ ਕੋਈ ਲਿਖਤੀ, ਦੀਵਾਨੀ ਜਾਂ ਫੌਜਦਾਰੀ ਜ਼ਾਬਤਾ, ਇਕਸਮਾਨ ਲਾਗੂ ਨਹੀਂ ਸੀ। ਐਪਰ, ਇਸ ਦਾ ਭਾਵ ਇਹ ਨਹੀਂ, ਕਿ ਓਥੇ ਇੰਨਸਾਫ ਨਹੀਂ ਸੀ ਹੁੰਦਾ, ਅਰਥਾਤ, ਨਹੀਂ ਸੀ ਮਿਲਦਾ। ਪਹਿਲੀ ਗਲ ਤਾਂ ਇਹ ਹੈ ਕਿ ਮੁਸਲਮਾਨਾਂ ਤੇ ਲਾਗੂ ਹੋਣ ਵਾਲਾ ਲਿਖਿਤ ਕਾਨੂੰਨੀ ਜ਼ਾਬਤਾ, 'ਸ਼ਰੀਅਤ' ਸੀ। ਕਾਜ਼ੀ ਦੀ ਅਦਾਲਤ ਦੀ ਸੰਸਥਾ ਸਿਖ ਹਕੂਮਤ ਦੌਰਾਨ ਵੀ ਕ੍ਰਿਆਸ਼ੀਲ ਰਹੀ। ਲਾਹੌਰ ਵਿਚ ਉਸ ਦੇ ਬੰਦ ਹੋ ਜਾਣ 'ਤੇ, ਰਣਜੀਤ ਸਿੰਘ ਨੇ ਬਿਨਾ ਕਿਸੇ ਹਿਚਕਚਾਹਟ ਦੇ, ਉਸ ਨੂੰ ਮੁੜ ਸੁਰਜੀਤ ਕੀਤਾ। ਧਰਮ-ਨਿਰਪੇਖ (ਸੈਕੂਲਰ) ਮਾਮਲਿਆਂ ਵਿਚ, ਖ਼ਾਸ ਤੌਰ ਤੇ ਸੰਪਤੀ (ਜਾਇਦਾਦ) ਸੰਬੰਧੀ ਕਾਜ਼ੀ ਦੀ ਅਦਾਲਤ ਦੇ ਦਰਵਾਜ਼ੇ ਗੈਰ-ਮੁਸਲਮਾਂ ਲਈ ਵੀ ਖੁਲ੍ਹੇ ਸਨ, ਉਹ ਵੀ ਸਿਰਫ ਸਿਧਾਂਤਕ ਰੂਪ ਵਿਚ ਹੀ ਨਹੀਂ ਸਗੋਂ ਅਮਲੀ, ਅਰਥਾਤ ਵਿਵਹਾਰਕ ਤੌਰ ਤੇ ਵੀ। ਦੂਜੇ, ਮੁਗਲ-ਕਾਲ ਦੌਰਾਨ ਵੀ ਕਸਬਿਆਂ ਅਤੇ ਪਿੰਡਾਂ ਦੀਆਂ ਸਥਾਨਕ 'ਪੰਚਾਇਤਾਂ' ਛੋਟੇ ਮੋਟੇ ਝਗੜਿਆਂ ਦੇ ਨਿਪਟਾਰੇ ਲਈ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਸਨ। ਪੰਚਾਇਤਾਂ ਦੇ ਫੈਸਲਿਆਂ ਦਾ ਜ਼ਰੂਰੀ ਨਹੀਂ ਸੀ ਕਿ ਕਾਜ਼ੀ ਦੀ ਅਦਾਲਤ ਦੁਆਰਾ ਪੁਸ਼ਟੀਕਰਨ ਕੀਤਾ ਜਾਂਦਾ, ਪਰ ਇਹ ਪੱਕੀ ਗਲ ਸੀ ਕਿ ਉਨ੍ਹਾਂ ਨੂੰ ਮਾਨਤਾ ਜ਼ਰੂਰ ਦਿਤੀ ਜਾਂਦੀ। ਜਾਪਦੈ ਕਿ ਪਹਿਲਾਂ ਨਾਲੋਂ ਰਣਜੀਤ ਸਿੰਘ ਅਧੀਨ ਰੀਤ-ਸੰਹਿਤਾ ਵਧੇਰੇ ਮਹੱਤਵਪੂਰਨ ਹੋ ਗਈ ਸੀ। ਰੀਤ-ਰਿਵਾਜ, ਜਿਵੇਂ ਕਿ ਇਸ ਦੀ ਪਰਿਭਾਸ਼ਾ ਹੀ ਦਰਸਾਉਂਦੀ ਹੈ, ਆਮ ਤੌਰ ਤੇ

ਸੰਬੰਧਤ ਧਿਰਾਂ ਨੂੰ, ਉਪਰੋਂ ਥੋਪੇ ਗਏ ਜ਼ਾਬਤੇ ਤੋਂ, ਵਧੇਰੇ ਸਵੀਕਾਰਤ ਸਨ। ਇਨ੍ਹਾਂ ਸਾਧਨਾਂ ਦੇ ਨਾਲ ਨਾਲ ਰਾਜਸੀ-ਕਰਮਚਾਰੀ ਵੀ ਆਪਣੇ ਕਾਰਜ-ਖੇਤਰਾਂ ਨਾਲ ਸੰਬੰਧਤ ਵਿਵਾਦਾਂ ਨੂੰ ਨਿਪਟਾ ਦਿੰਦੇ ਸਨ। ਲੋਕਾਂ ਦੀ ਹਾਨੀਪੂਰਤੀ ਵਾਸਤੇ 'ਅਦਾਲਤੀਏ' ਨਿਯੁਕਤ ਕੀਤੇ ਜਾਂਦੇ ਸਨ, ਅਤੇ ਉਨ੍ਹਾਂ ਨੂੰ ਨਿਆਂ ਕਰਨ ਲਈ ਸਪਸ਼ਟ ਅਤੇ ਦ੍ਰਿੜ੍ਹ ਹੁਕਮ ਚੀ ਦਿਤੇ ਜਾਂਦੇ। 'ਮਹਾਰਾਜਾ' ਅਧਿਰਾਜ' ਦੀ ਮਿਸਾਲ ਕਰਮਚਾਰੀਆਂ ਦੇ ਇਨਸਾਫ-ਪਸੰਦ ਬਣੇ ਰਹਿਣ ਲਈ ਇਕ ਪ੍ਰੇਰਨਾ ਬਣ ਨਿਬੜਦੀ; ਖਾਸਕਰ ਉਦੋਂ ਜਦ ਕਿ ਉਹ ਜਾਣਦੇ ਸਨ ਕਿ ਉਹ ਇਸ ਵਿਚ ਭਟਕਣ, ਥਿੜਕਣ ਨੂੰ ਸਖਤੀ ਨਾਲ ਲੈਂਦਾ ਸੀ। ਸਮਕਾਲੀ ਨਿਰੀਖਅਕਾਂ ਨੇ ਟਿਪਣੀ ਦਿੱਤੀ ਹੈ ਕਿ ਉਸ ਦੇ ਸ਼ਾਂਤੀਪੂਰਨ ਰਾਜ-ਖੇਤਰ ਵਿਚ ਜੁਰਮਾਂ (ਅਪਰਾਧਾਂ) ਦੀ ਅਨਹੋਂਦ ਸੀ ਅਤੇ ਸਜ਼ਾਵਾਂ ਦੇਣ ਦੇ ਮਾਮਲੇ ਵਿਚ ਨਰਮਾਈ ਨਹੀਂ ਸੀ ਵਰਤੀ ਜਾਂਦੀ।

ਹੁਣ ਤੀਕਰ ਅਸੀਂ ਜੋ ਚਰਚਾ ਕੀਤੀ ਹੈ, ਉਹ ਇਹ ਦਰਸਾਉਣ ਲਈ ਕਾਫੀ ਹੈ ਕਿ ਰਣਜੀਤ ਸਿੰਘ ਦੇ ਸੰਬੰਧ ਵਿਚ ਉਸ ਦਾ ਗੱਦੀ 'ਤੇ ਬੈਠਣਾ ਜਾਇਜ਼ ਸੀ ਅਤੇ ਉਸ ਦੀ ਵੈਧਾਨਕਤਾ/ਨਿਆਇਪੂਰਣਤਾ ਕੋਈ ਗੰਭੀਰ ਸਮੱਸਿਆ ਨਹੀਂ। ਸਭ ਤੋਂ ਪਹਿਲਾਂ ਇਸ ਦੀ ਵੈਧਤਾ/ਜਾਇਜ਼ਪੁਨਾ ਇਸ ਤਥ ਤੋਂ ਸਾਬਤ ਹੁੰਦੀ/ਹੁੰਦਾ ਹੈ ਕਿ ਉਹ ਜੰਮਿਆ ਹੀ ਇਕ ਰਾਜਕੁਮਾਰ (ਕੰਵਰ) ਸੀ। ਇਲਾਕੇ ਜਿੱਤਣਾ ਹੁਕਮਰਾਨਾਂ ਦੀ ਇਕ ਸਹਿਜ ਅਤੇ ਜਾਇਜ਼ ਕਾਰਵਾਈ ਮੰਨਿਆ ਜਾਂਦਾ ਹੈ, ਅਤੇ ਇਸ ਸੰਬੰਧੀ ਉਸ ਦੀਆਂ ਕਾਰਵਾਈਆਂ ਜਗੋਂ-ਬਾਹਰੀ ਗਲ ਨਹੀਂ ਸਨ; ਅਤੇ ਜਾਇਜ਼ ਸਨ। ਅਧੀਨਗੀ ਦੇ ਪਧਰ 'ਤੇ ਤਾਕਤ ਦੀ ਵਰਤੋਂ ਕਰ ਕੇ ਸਮਾਜ ਦੇ ਸਭ ਤੋਂ ਵਧ ਮਹੱਤਵਪੂਰਨ ਵਰਗ ਦੇ ਮੈਂਬਰਾਂ ਨੂੰ ਨਾਲ ਜੋੜ ਕੇ, ਉਨ੍ਹਾਂ ਨੂੰ ਵਾਫਰ ਉਪਜ 'ਚੋਂ ਵਾਹਵਾ ਹਿੱਸਾ ਦਿੰਦੇ ਹੋਏ ਅਤੇ ਧਾਰਮਕ ਵਿਚਾਰਾਂ ਦੇ ਧਾਰਨੀ ਆਗੂਆਂ ਨੂੰ ਸਰਪ੍ਰਸਤੀ ਪ੍ਰਦਾਨ ਕਰਦੇ ਹੋਏ, ਉਸ ਆਪਣੀ ਸੱਤਾ (ਅਥਾਰਟੀ) ਵਿਚ ਵਾਧਾ ਕੀਤਾ। ਉਸ ਦੇ ਸ਼ਾਸਨ (ਹਕੂਮਤ) ਵਿਰੁਧ ਸਾਂਝੀ ਆਵਾਜ਼ ਉਠਾਏ ਜਾਣ ਬਾਰੇ ਕੋਈ ਸ਼ਾਹਦੀ ਨਹੀਂ ਮਿਲਦੀ। ਖਾਲਸੇ ਦੇ ਪ੍ਰਤੀਨਿਧ ਵਿਆਪਕ ਤੌਰ 'ਤੇ ਰਾਜਸੀ ਸਿਸਟਮ ਵਿਚ ਖਪਾ ਲਏ ਗਏ ਸਨ। ਭਾਈ ਅਤੇ ਗੁੰਥੀ, ਰਣਜੀਤ ਸਿੰਘ ਦੀ ਮੁਲਾਜ਼ਮਤ ਕਰਨ, ਖਿਦਮਤ ਕਰਨ ਲਈ ਜਿਵੇਂ ਕਿ ਉਹ ਦੂਜੇ ਸਿੱਖ ਹੁਕਮਰਾਨਾਂ ਲਈ ਕਰਦੇ ਆਏ ਸਨ, ਰਜ਼ਾਮੰਦ ਸਨ। ਉਦਾਸੀ ਵੀ ਸਹਾਇਤਾ ਲਈ ਰਾਜ ਵਲ ਤਕਦੇ ਸਨ। ਹੁਣ ਸਾਡੇ ਲਈ ਬਾਕੀ ਰਹਿ ਗਏ ਅਕਾਲੀ ਜਾਂ ਨਿਹੰਗ, ਜੋ ਕਿ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਦੇ ਅਸਲ ਪ੍ਰਤੀਨਿਧ ਮੰਨੇ ਜਾਂਦੇ ਸਨ। ਰਣਜੀਤ ਸਿੰਘ ਏਨਾ ਸਿਆਣਾ ਸੀ ਕਿ ਉਨ੍ਹਾਂ ਨੂੰ ਧਾਰਮਕ ਕਰਮ-ਕਾਂਡਾਂ ਅਤੇ ਉਤਸਵਾਂ ਨਾਲ ਸੰਬੰਧਿਤ ਮਾਮਲਿਆਂ ਵਿਚ, ਰੁਝਾਈ ਰਖਦਾ। ਇਸ ਬਦਲੇ ਆਪਣੀ ਥਾਵੇਂ ਉਹ ਏਨੇ ਜਜ਼ਬਾਤੀ ਸਨ ਕਿ ਉਸ ਲਈ ਉਹ ਖਾਲਸਾ ਦੇ ਪ੍ਰਤੀਨਿਧ ਵਜੋਂ ਲੜ-ਮਰਨ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਨੇ ਉਸ ਦੇ ਹਰਿਮੰਦਰ ਸਾਹਿਬ ਦੇ ਰੱਖਿਅਕ ਹੋਣ ਦੇ ਦਾਅਵੇ 'ਤੇ ਕਦੀ ਕਿੰਤੂ ਨਹੀਂ ਸੀ ਕੀਤਾ। ਮੁਕਦੀ ਗੱਲ, ਸਿੱਖਾਂ, ਹਿੰਦੂਆਂ ਦੀ ਬਹੁਤ ਵੱਡੀ ਗਿਣਤੀ ਵਿਚ ਉਸ ਦੇ ਸ਼ਾਸਨ ਪ੍ਰਤੀ ਇਕ ਨਿਸ਼ਚਿਤ ਹਦ ਤੀਕਰ ਭਾਰੀ ਉਤਸ਼ਾਹ ਸੀ। ਜਿਵੇਂ ਕਿ ਸ਼ਾਹ ਮੁਹੰਮਦ ਨੇ ਬਾਅਦ ਵਿਚ ਲਿਖਿਆ, ਰਣਜੀਤ ਸਿੰਘ ਸ਼ਬਦ 'ਸਰਕਾਰ' ਦਾ ਪਰਿਆਇਵਾਚੀ (ਸਮਅਰਥੀ) ਹੈ; ਇਸ ਦੇ ਨਾਲ ਹੀ, ਉਹ ਪੰਜਾਬ ਦੀ ਆਜ਼ਾਦ ਹਸਤੀ ਦਾ ਪ੍ਰਤੀਕ ਵੀ ਹੈ।

8.

# ਕਿਰਸਾਣੀ ਅਤੇ ਸ਼ਹਿਰੀ ਆਰਥਕਤਾ

ਕੁਝ ਮੁਸਲਿਮ ਰਾਜਪੂਤਾਂ ਨੇ ਅਪਰ ਬਾਰੀ ਦੁਆਬ ਵਿਚ, 1859 ਵਿਚ 73 ਘੁਮਾਂ ਤੋਂ ਕੁਝ ਵਧ ਜ਼ਮੀਨ ਇਹ ਬਿਆਨ ਦਿੰਦੇ ਹੋਏ ਵੇਚੀ ਕਿ ਉਨ੍ਹਾਂ ਕੋਲ 'ਇਸ ਜ਼ਮੀਨ ਦੇ ਸਾਰੇ ਜੱਦੀ ਅਤੇ ਮਾਲਕਾਨਾ ਹਕੂਕ ਹਨ'। ਇਸ ਸ਼ਾਹਦੀ ਦੀ ਵਰਤੋਂ 1950ਆਂ ਵਿਚ, ਇਸ ਗਲ ਦੀ ਪੁਸ਼ਟੀ ਲਈ ਵੀ ਕੀਤੀ ਜਾ ਸਕਦੀ ਸੀ ਕਿ ਜ਼ਮੀਨ ਦੇ ਮਾਲਕਾਨਾ ਹਕੂਕ (ਅਧਿਕਾਰ) ਬਰਤਾਨਵੀ ਸਰਕਾਰ ਨੇ ਹੀ ਕਾਇਮ/ਲਾਗੂ ਕੀਤੇ ਸਨ। ਪਰ, ਹੁਣ ਸਾਡੇ ਕੋਲ ਇਸ ਗਲ ਦਾ ਦਸਤਾਵੇਜ਼ੀ (ਲਿਖਤੀ) ਸਬੂਤ ਹੈ ਕਿ ਬਟਾਲੇ ਦੇ ਇਕ ਪੁਰੀ 'ਕਾਨੂੰਨਗੋ' ਨੇ 1711 ਵਿਚ, ਪਰਗਨਾ ਕਾਹਨੂੰਵਾਨ ਵਿਚ ਇਕ ਪੂਰਾ ਪਿੰਡ, ਉਸਦੇ ਰਾਜਪੂਤ 'ਮਾਲਕਾਂ' ਤੋਂ ਖਰੀਦਿਆ ਸੀ। ਪੱਤੀ ਹੈਬਤਪੁਰ ਦੇ 'ਆਮਿਲ', ਰਾਏ ਭਵਾਨੀ ਦਾਸ ਨੇ ਪਰਗਨਾ ਬਟਾਲਾ ਵਿਚ ਇਕ ਪੂਰਾ ਪਿੰਡ, ਪੰਡੋਰੀ ਦੇ ਮਹੰਤ ਨੂੰ ਸ਼ਰਧਾ ਵਜੋਂ ਦਾਨ ਦੇਣ ਵਾਸਤੇ ਖਰੀਦਿਆ। ਇਕ ਮਿਰਜ਼ਾ ਸਾਅਦੁੱਲਾ ਬੇਗ ਨੇ 1738 ਵਿਚ, 1900 ਘੁਮਾਵਾਂ ਦਾ ਇਕ ਪਿੰਡ, ਪਰਗਨਾ ਕਠੂਆ ਵਿਚ, ਉਸ ਦੇ ਗੁੱਜਰ 'ਮਾਲਕਾਂ' ਤੋਂ 900 ਰੁਪਏ ਵਿਚ ਖਰੀਦਿਆ ਸੀ। ਇਕ 'ਸ਼ੇਖ' ਨੇ ਪੰਡੋਰੀ ਦੇ ਮਹੰਤ ਦੇ 'ਗੁਮਾਸ਼ਤੇ' ਨੂੰ 15 ਰੁਪਈਆਂ ਵਿਚ 15 ਘੁਮਾਂ ਜ਼ਮੀਨ ਵੇਚੀ ਸੀ। ਇਕ ਹੋਰ ਪਿੰਡ ਦੇ 'ਸ਼ੇਖਾਂ' ਨੇ ਆਪਣੀ ਜੱਦੀ ਜ਼ਮੀਨ ਮਹੰਤ ਕੋਲ ਗਿਰਵੀ ਰਖੀ। ਏਦਾਂ ਅਸੀਂ ਵੇਖਦੇ ਹਾਂ ਕਿ ਮੁਗ਼ਲ ਕਾਲ ਦੌਰਾਨ, ਅਪਰ ਬਾਰੀ ਦੁਆਬ ਵਿਚ ਵਾਹੀਯੋਗ ਜ਼ਮੀਨ ਵਿਰਸੇ ਵਿਚ ਮਿਲਦੀ ਸੀ ਅਤੇ ਵੇਚੀ, ਹਿੱਬਾ ਕੀਤੀ ਅਤੇ ਰਹਿਣ ਰਖੀ ਜਾ ਸਕਦੀ ਸੀ। ਯਕੀਨੀ ਤੌਰ 'ਤੇ, ਇਹ ਗਲ ਸਿਰਫ ਅਪਰ ਬਾਰੀ ਦੁਆਬ ਤੀਕਰ ਹੀ ਸੀਮਿਤ ਨਹੀਂ ਸੀ।

ਇਸ ਤਥ ਦੀ ਰੌਸ਼ਨੀ ਵਿਚ ਵੇਖਿਆਂ, ਖਾਲਸਾ ਦਰਬਾਰ ਦੇ ਰਿਕਾਰਡਾਂ (ਅਭਿਲੇਖਾਂ) ਅਤੇ ਬਰਤਾਨਵੀ ਪ੍ਰਸ਼ਾਸਨਕ ਅਤੇ ਬੰਦੋਬਸਤ (ਸੈਟਲਮੈਂਟ) ਰਿਪੋਰਟਾਂ ਤੋਂ ਬਿਨਾ ਵੀ, ਜੋ ਕਿ ਰਣਜੀਤ ਸਿੰਘ ਦੇ ਸਮੁੱਚੇ ਰਾਜ-ਖੇਤਰ ਵਿਚ ਮਾਲਕਾਨਾ ਹਕੂਕ ਦੀ ਹੋਂਦ ਨੂੰ ਦਰਸਾਉਂਦੀਆਂ ਹਨ, ਇਤਿਹਾਸਕਾਰਾਂ ਦੀ ਸ਼ਾਹਦੀ ਵਿਚ ਵਜ਼ਨ ਵਖਾਲੀ ਦਿੰਦਾ ਹੈ, ਅਤੇ ਉਨ੍ਹਾਂ ਦੀ ਕਹੀ ਗਲ ਸਹੀ ਜਾਪਦੀ ਹੈ। ਉਦਾਹਰਣ ਵਜੋਂ, ਗਣੇਸ਼ ਦਾਸ ਵਾਰ ਵਾਰ ਪਿੰਡਾਂ ਅਤੇ ਕਸਬਿਆਂ ਵਿਚ ਜ਼ਮੀਨ ਦੇ ਮਾਲਕਾਂ ਦਾ ਜ਼ਿਕਰ ਕਰਦੇ ਹੋਏ ਨਾ ਕੇਵਲ ਅਵਾਂ. ਬਾਜਵੇ, ਚੱਠੇ, ਚੀਮੇ, ਢਿੱਲੋਂ, ਘੁੰਮਣ, ਮਲ੍ਹੀ ਜਾਂ ਤਾਰੜ ਵਰਗੇ ਜੱਟਾਂ ਦਾ ਜ਼ਿਕਰ ਕਰਦਾ ਹੈ, ਸਗੋਂ ਉਹ ਰਾਜਪੂਤਾਂ, ਮੁਗਲਾਂ, ਅਫਗਾਨਾਂ ਅਤੇ ਬ੍ਰਾਹਮਣਾਂ ਤੇ ਖਤਰੀਆਂ ਜਿਵੇਂਕਿ ਬਦੇਰਿਆਂ, ਭੱਲਿਆਂ, ਦੁੱਗਲਾਂ, ਹਾਂਡਿਆਂ, ਲਖਵਾਰਾਂ, ਮਹਿਰਿਆਂ, ਮਹਿਤਿਆਂ, ਪੁਰੀਆਂ, ਸਹਿਗਲਾਂ, ਸੂਰੀਆਂ, ਥਾਪਰਾਂ ਅਤੇ ਵਧਾਵਨਾਂ ਦੀ ਵੀ ਚਰਚਾ ਕਰਦਾ ਹੈ। ਐਪਰ ਇਹ ਵਰਨਣ ਪ੍ਰਸੰਗਕ ਹਨ ਅਤੇ ਸਿਰਫ ਪੂਰਵਵਰਤੀ ਮੁਗਲ ਸੂਬੇ ਲਾਹੌਰ ਨਾਲ ਸੰਬੰਧਤ ਹਨ। ਗਣੇਸ਼ ਦਾਸ ਨਾ ਤਾਂ ਬਹੁਤ ਵਿਸਥਾਰ ਵਿਚ ਗਲ ਕਰਦਾ ਹੈ ਤੇ ਨਾ ਹੀ ਸਰਬਪੱਖੀ। ਸਾਨੂੰ ਸਮਕਾਲੀ ਮਹਿਕਮਾ ਮਾਲ

ਦੇ ਰਿਕਾਰਡਾਂ ਤੋਂ ਪਤਾ ਲਗਦਾ ਹੈ ਕਿ ਰਣਜੀਤ ਸਿੰਘ ਦੇ ਰਾਜ-ਖੇਤਰ ਵਿਚ ਹਰੇਕ ਖੇਤ ਕਿਸੇ ਇਕ ਦੀ ਮਲਕੀਅਤ ਸੀ।

ਰਣਜੀਤ ਸਿੰਘ ਦੇ ਅਧੀਨ ਇਲਾਕਿਆਂ ਵਿਚ ਮਾਲਕਾਨਾ ਅਧਿਕਾਰਾਂ ਦੀ ਮੌਜੂਦਗੀ ਬਹੁਤ ਹਦ ਤੀਕਰ ਸਪਸ਼ਟ ਹੈ, ਪਰ ਪਟੇਦਾਰੀ (ਹੱਕ-ਮਾਲਕੀ) ਲਈ ਉਨ੍ਹਾਂ ਦੀ ਸਾਰਥਕਤਾ ਬਾਰੇ ਗਲ ਏਨੀ ਸਪਸ਼ਟ ਨਹੀਂ। ਜ਼ਮੀਨ ਦੇ ਮਾਲਕਾਂ (ਭੂਮੀ-ਪਤੀਆਂ) ਵਿਚੋਂ ਕੁਝ ਕੋਲ ਤਾਂ ਬਹੁਤ ਭਾਰੀ ਖੇਤਰ ਸਨ, ਪੂਰੇ ਦੇ ਪੂਰੇ ਇਕ ਪਿੰਡ 'ਤੇ, ਜਾਂ ਕਈ ਪਿੰਡਾਂ ਤੇ ਉਨ੍ਹਾਂ ਦੀ ਮਾਲਕੀ ਹੁੰਦੀ ਸੀ। ਇਹ ਵਡੇ ਭਾਰੀ ਜ਼ਿਮੀਦਾਰ (ਭੂਪਤੀ) ਆਪ ਵਾਹੀ ਨਹੀਂ ਸਨ ਕਰਦੇ। 'ਗੈਰ-ਕਾਸ਼ਤਕਾਰ ਜ਼ਿੰਮੀਦਾਰ' ਸ਼ਬਦ ਉਨ੍ਹਾਂ 'ਤੇ ਪੂਰੀ ਤਰ੍ਹਾਂ ਢੁਕਦੇ ਹਨ। ਪਰ ਕੁਝ ਛੋਟੇ ਗੈਰ-ਕਾਸ਼ਤਕਾਰ ਜ਼ਿਮੀਦਾਰ ਵੀ, ਆਪਣੀਆਂ ਜ਼ਮੀਨਾਂ ਵਾਹੀ ਲਈ ਪਟੇ ਤੇ ਦੇ ਦਿੰਦੇ ਸਨ। ਫਿਰ ਵੀ, ਖੁਦ-ਕਾਸ਼ਤਕਾਰ ਮਾਲਕਾਂ ਦੀ ਗਿਣਤੀ ਬਹੁਤ ਹੀ ਵਡੀ ਸੀ। ਉਨ੍ਹਾਂ ਨੂੰ ਕਿਰਸਾਨ-ਮਾਲਕ ਕਹਿਣਾ ਹੀ ਸਹੀ ਹੈ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਕੁਝ ਕਿਰਸਾਨ-ਮਾਲਕ, ਆਪਣੀ ਜ਼ਮੀਨ ਦਾ ਕੁਝ ਹਿੱਸਾ ਉਨ੍ਹਾਂ ਨੂੰ ਪਟੇ ਦੇ ਰੂਪ ਵਿਚ ਲੈ ਦਿੰਦੇ ਸਨ ਜੋ ਬਹੁਤ ਥੋੜ੍ਹੀ ਜ਼ਮੀਨ ਦੇ ਮਾਲਕ ਹੁੰਦੇ ਸਨ। ਪਰ ਮੁਲਕ ਵਿਚਲੇ ਕਾਨੂੰਨੀ ਜਾਂ ਪਰੰਪਰਾਗਤ ਚਲੇ ਆ ਰਹੇ ਅਧਿਕਾਰਾਂ ਦੇ ਆਧਾਰ ਤੇ ਮਾਲਕਾਨਾ ਅਤੇ ਪਟੇਦਾਰੀ ਅਧਿਕਾਰਾਂ ਵਿਚ ਫਰਕ ਸਪਸ਼ਟ ਸੀ।

ਪਰ ਇਕ ਹੋਰ ਪ੍ਰਕਾਰ ਦਾ ਮਾਲਕਾਨਾ ਹੱਕ (ਅਧਿਕਾਰ) ਵੀ ਪ੍ਰਚਲੱਤ ਸੀ। ਇਹ ਭੂਮੀ ਨਾਲ ਸੰਬੰਧਤ ਨਹੀਂ ਸੀ। ਇਹ ਫਸਲ ਦੇ ਇਕ ਨਿਸ਼ਚਤ ਹਿੱਸੇ, ਅਰਥਾਤ, ਬਟਾਈ ਜਾਂ ਮਾਲੀਏ ਦੀ ਇਕ ਨਿਸ਼ਚਿਤ ਪ੍ਰਤੀਸ਼ਤ ਤੀਕਰ ਹੀ ਸੀਮਿਤ ਰਿਹਾ। ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ, ਇਸਨੂੰ ਆਮ ਕਰ 'ਤਾਅੱਲਕਾਦਾਰੀ' ਕਿਹਾ ਜਾਂਦਾ ਸੀ। ਇਕ 'ਕੱਲਾ ਬੰਦਾ ਇਕ ਪਿੰਡ ਦਾ ਮਾਲਕ ਹੋ ਸਕਦਾ ਸੀ ਅਤੇ ਦੂਜੇ ਦਾ 'ਤਾਅੱਲਕਦਾਰ'। ਜਾਪਦੈ, ਕਿ 'ਤਾਅੱਲਕਦਾਰੀ' ਪਿੰਡਾਂ ਦੀ ਗਿਣਤੀ, 19ਵੀਂ ਸਦੀ ਦੇ ਸ਼ੁਰੂ ਵਿਚ ਬਹੁਤ ਵਧ ਗਈ ਸੀ, ਉਹ ਵੀ ਸਿਰਫ ਇਸ ਲਈ ਕਿ ਗੈਰ-ਕਾਸ਼ਤਕਾਰ ਮਾਲਕ ਵੀ 'ਤਾਅੱਲਕਦਾਰ' ਦੀ ਹੈਸੀਅਤ ਅਖਤਿਆਰ ਕਰ ਚੁਕੇ ਸਨ। ਰਣਜੀਤ ਸਿੰਘ ਦੀ ਹਕੂਮਤ ਦੌਰਾਨ, 'ਤਾਅੱਲਕਦਾਰਾਂ' ਅਤੇ ਗੈਰ-ਕਾਸ਼ਤਕਾਰ ਮਾਲਕਾਂ ਦੋਹਾਂ ਦੀ ਇਕੱਠੀ ਗਿਣਤੀ ਅਤੇ ਅਨੁਪਾਤ ਕਦਰੇ ਘਟ ਹੀ ਰਿਹਾ।

ਹੁਣ ਤੀਕਰ ਵਾਹੀਯੋਗ ਜ਼ਮੀਨ ਦਾ ਸਭ ਤੋਂ ਵਡਾ ਅਨੁਪਾਤ (ਤਨਾਸਬ) ਛੋਟੇ ਜ਼ਿਮੀਦਾਰਾਂ (ਮਾਲਕਾਂ) ਕੋਲ ਸੀ ਅਤੇ ਹੁਣ ਤੀਕਰ ਕਾਸ਼ਤ ਕੀਤੀ ਜਾਣ ਵਾਲੀ ਜ਼ਮੀਨ ਦੇ ਬਹੁਤ ਵਡੇ ਹਿੱਸੇ ਤੇ ਕਾਸ਼ਤਕਾਰ (ਛੋਟੇ ਕਿਸਾਨ) ਹੀ ਖੇਤੀ ਕਰਦੇ ਸਨ। ਮਿਸਾਲ ਦੇ ਤੌਰ ਤੇ, ਅਪਰ ਬਾਰੀ ਦੁਆਬ ਵਿਚ, ਲਗਭਗ 96,000 ਕਾਸ਼ਤਕਾਰ ਜ਼ਿਮੀਦਾਰ (ਛੋਟੇ ਕਿਸਾਨ) ਸਨ। ਉਹ ਔਸਤਨ 10 ਏਕੜ ਜ਼ਮੀਨ ਦੇ ਮਾਲਕ ਸਨ ਅਤੇ ਵਾਹੀ ਜਾਣ ਵਾਲੀ ਕੁਲ ਜ਼ਮੀਨ ਦੇ ਲਗਭਗ 72 ਪ੍ਰਤੀਸ਼ਤ (ਫੀਸਦੀ) ਭਾਗ ਤੇ ਕਾਸ਼ਤ ਕਰਦੇ ਸਨ। ਰਾਵਲਪਿੰਡੀ ਵਿਚ ਜ਼ਮੀਨ ਦੇ ਕੁਲ 7 ਲੱਖ ਮਾਲੀਏ ਵਿਚੋਂ 6 ਲੱਖ ਦਾ ਮਾਲੀਆ (ਭੂਮੀ-ਕਰ) ਇਹ ਕਾਸ਼ਤਕਾਰ-ਮਾਲਕ (ਛੋਟੇ ਕਿਸਾਨ) ਅਦਾ ਕਰਦੇ ਸਨ। ਸਮੁੱਚੇ ਰੂਪ ਵਿਚ, ਪੂਰਵ-ਵਰਤੀ (ਪਿਛਲੇ ਸਮੇਂ ਦੇ) ਮੁਗਲ ਸੂਬੇ ਲਾਹੌਰ ਵਿਚ, ਕਾਸ਼ਤਕਾਰ-ਮਾਲਕਾਂ (ਛੋਟੀ ਕਿਸਾਨੀ)

ਨਾਲੋਂ ਮੁਜ਼ਾਰਿਆਂ ਦੀ ਗਿਣਤੀ ਲਗਭਗ ਅਧੀ ਸੀ ਅਤੇ ਉਹ, ਖੇਤੀਯੋਗ ਕੁਲ ਜ਼ਮੀਨ ਦੇ ਸਿਰਫ ਚੌਥੇ ਹਿੱਸੇ ਤੇ ਖੇਤੀ ਕਰਦੇ ਸਨ। ਇਕ ਕਾਸ਼ਤਕਾਰ-ਮਾਲਕ ਜੇ ਔਸਤਨ ਦਸ ਏਕੜ ਜ਼ਮੀਨ ਤੇ ਕਾਸ਼ਤ ਕਰਦਾ ਸੀ, ਤਦ ਮੁਜ਼ਾਰਿਆਂ ਦੇ ਹਿੱਸੇ ਔਸਤਨ ਪੰਜ ਏਕੜ ਜ਼ਮੀਨ ਦੀ ਵਾਹੀ ਹੀ ਆਉਂਦੀ ਸੀ। ਦੋਵੇਂ ਹੀ ਮਾਲੀਆ ਅਦਾ ਕਰਦੇ ਸਨ, ਪਰ ਮੁਜ਼ਾਰਿਆਂ ਤੋਂ ਆਸ ਰਖੀ ਜਾਂਦੀ ਸੀ ਕਿ ਉਹ ਜ਼ਿਮੀਦਾਰ ਨੂੰ ਨਾਲ 'ਮਾਲਕਾਨਾ' ਵੀ ਅਦਾ ਕਰੇ।

ਰਣਜੀਤ ਸਿੰਘ ਦੇ ਅਧੀਨ ਕੁਝ ਖੇਤਰਾਂ ਵਿਚ, ਮੁਜ਼ਾਰੇ ਜ਼ਿਮੀਦਾਰਾਂ ਨੂੰ ਕੋਈ 'ਮਾਲਕਾਨਾ' ਨਹੀਂ ਸਨ ਭਰਦੇ। ਬਾਕੀ ਥਾਂਈਂ 'ਮਾਲਕਾਨੇ' ਦੀ ਰਕਮ ਨਿਗੂਣੀ ਹੀ ਹੁੰਦੀ ਸੀ। ਐਪਰ ਕਈ ਥਾਂਈਂ ਇਹ ਰਕਮ 25 ਫੀ ਸਦੀ ਤਕ ਹੋ ਸਕਦੀ ਸੀ। ਜ਼ਿਮੀਦਾਰ 'ਖਰੀਫ' ਫਸਲ ਦੇ ਸ਼ੁਰੂ ਵਿਚ, ਕਿਸੇ ਵੀ ਮੁਜ਼ਾਰੇ ਨੂੰ ਬੇਦਖਲ ਕਰਨ ਦਾ ਹੱਕ ਰਖਦਾ ਸੀ, ਪਰ ਇਸ ਹੱਕ ਦੀ ਵਰਤੋਂ ਕਦੀ ਕਦਾਈਂ ਹੀ ਕੀਤੀ ਜਾਂਦੀ ਸੀ। ਇਸ ਦੇ ਸਿੱਟੇ ਵਜੋਂ ਮੁਜ਼ਾਰਿਆਂ ਦੀ ਬਹੁਤ ਵਡੀ ਗਿਣਤੀ ਕਈ ਪੀੜ੍ਹੀਆਂ ਜ਼ਮੀਨ ਦੇ ਇਕੋ ਟੋਟੇ ਤੇ ਹੀ ਖੇਤੀ ਕਰਦੀ ਰਹਿੰਦੀ। ਰਣਜੀਤ ਸਿੰਘ ਦੀ ਹਕੂਮਤ ਦੇ ਅੰਤ ਤੀਕਰ ਇਨ੍ਹਾਂ 'ਕਦੀਮੀ' (ਪੁਰਾਣੇ) ਜਾਂ 'ਮੁਸਤਕਿਲ' (ਸਥਾਈ) ਮੁਜ਼ਾਰਿਆਂ ਦੀ ਗਿਣਤੀ ਹੁਣ ਵਾਲੇ ਤਾਜ਼ਾ ਮੁਜ਼ਾਰਿਆਂ ਤੋਂ ਕਿਤੇ ਵਧ ਸੀ। ਜਦ ਅੰਗ੍ਰੇਜ਼ਾਂ ਨੇ ਆਪਣੀ ਹਕੂਮਤ ਦੇ ਮੁਢਲੇ ਸਾਲਾਂ ਦੌਰਾਨ ਮੁਜ਼ਾਰਿਆਂ ਨੂੰ ਮਾਲਕਾਨਾ ਹਕੂਕ (ਅਧਿਕਾਰਾਂ) ਨੂੰ ਕਾਨੂੰਨੀ ਤੌਰ ਤੇ ਉਚਿਤ ਬਣਾਉਣਾ ਚਾਹਿਆ, ਅਰਥਾਤ, ਉਨ੍ਹਾਂ ਨੂੰ ਕਾਨੂੰਨੀ ਸ਼ਕਲ ਦੇਣੀ ਚਾਹੀ, ਤਾਂ ਉਨ੍ਹਾਂ ਨੇ ਸਹਿਜੇ ਹੀ ਇਹ ਵੇਖਿਆ ਕਿ ਜਿਨ੍ਹਾਂ ਮੁਜ਼ਾਰਿਆਂ ਨੂੰ 'ਮੌਰੂਸੀ' ਹੱਕ ਦਿਤੇ ਗਏ ਸਨ, ਉਨ੍ਹਾਂ ਦੀ ਗਿਣਤੀ 'ਗੈਰ-ਮੌਰੂਸੀ' ਕਹੇ ਜਾਂਦੇ ਮੁਜ਼ਾਰਿਆ ਤੋਂ ਕਿਤੇ ਵਧ ਸੀ। ਰਣਜੀਤ ਸਿੰਘ ਅਧੀਨ ਖੇਤਰਾਂ ਵਿਚ ਕਿਰਸਾਨ-ਮਾਲਕਾਂ (ਖੁਦ-ਕਾਸ਼ਤ ਕਰਨ ਵਾਲੇ ਮਾਲਕਾਂ) ਅਤੇ ਮੁਕਾਬਲਤਨ ਸੁਰਖਿਅਤ ਮੁਜ਼ਾਰਿਆ ਦੀ ਗਿਣਤੀ ਕੁਲ ਕਾਸ਼ਤਕਾਰਾਂ ਦਾ 90 ਪ੍ਰਤੀਸ਼ਤ ਸੀ। ਹੋਰ ਗੱਲਾਂ ਦੇ ਨਾਲ, ਇਸ ਤੱਥ ਨੂੰ ਵੀ ਕਿਰਸਾਣੀ ਉਪਜ ਲਈ ਬਹੁਤ ਮਹਤੱਵਪੂਰਨ ਮੰਨਿਆ ਜਾਣਾ ਚਾਹੀਦਾ ਹੈ।

ਨਵੀਆਂ ਜਮੀਨਾਂ ਨੂੰ ਵਾਹੀ ਹੇਠ ਲਿਆਉਣ ਵਾਲਿਆਂ ਨੂੰ ਮਾਲਕੀ ਦੇ ਹੱਕ ਪ੍ਰਦਾਨ ਕਰਨ ਦੀ ਰਣਜੀਤ ਸਿੰਘ ਦੀ ਨੀਤੀ ਦਾ ਅਰਥ ਕਾਸ਼ਤਕਾਰੀ ਨੂੰ ਉਤਸ਼ਾਹਤ ਕਰਨਾ ਹੀ ਸੀ। ਖੂਹਾਂ ਅਤੇ ਨਹਿਰਾਂ ਵਰਗੇ ਗੈਰ-ਕੁਦਰਤੀ ਸਾਧਨਾਂ ਨੇ ਵੀ ਜ਼ਰਾਇਤ (ਖੇਤੀਬਾੜੀ) ਦੇ ਵਿਸਤਾਰ ਅਤੇ ਜ਼ਰਾਇਤੀ ਪੈਦਾਵਾਰ (ਉਪਜ) ਵਿਚ ਵਾਧੇ ਵਿਚ ਇਕ ਅਹਿਮ ਰੋਲ ਅਦਾ ਕੀਤਾ। ਸਿੰਚਾਈ ਵਾਲੀ ਜ਼ਮੀਨ ਦਾ ਪ੍ਰਤੀ ਏਕੜ ਝਾੜ, ਬਾਰਾਨੀ ਦੇ ਪ੍ਰਤੀ ਏਕੜ ਝਾੜ ਤੋਂ ਲਗਭਗ ਦੂਣਾ ਸੀ। ਰਣਜੀਤ ਸਿੰਘ ਅਤੇ ਉਸ ਦੇ 'ਨਾਜ਼ਿਮ' ਸਿੰਚਾਈ ਦੇ ਗੈਰ-ਕੁਦਰਤੀ ਸਾਧਨਾਂ ਦੇ ਵਿਕਾਸ ਵਿਚ ਬਹੁਤ ਦਿਲਚਸਪੀ ਰਖਦੇ ਸਨ। ਹੋਰਨਾਂ ਗੱਲਾਂ ਦੇ ਨਾਲ ਨਾਲ ਇਸ ਉਦੇਸ਼ ਲਈ ਵੀ ਤਕਾਵੀ ਕਰਜ਼ੇ ਦਿਤੇ ਜਾਂਦੇ ਸਨ। ਰਣਜੀਤ ਸਿੰਘ-ਕਾਲ ਦੇ ਖਾਤਮੇ ਤੀਕਰ ਕੁੱਲ ਇਲਾਕੇ ਦੇ 25 ਪ੍ਰਤੀਸ਼ਤ ਹਿੱਸੇ ਉਪਰ ਵਾਹੀ ਕੀਤੀ ਜਾ ਰਹੀ ਸੀ ਅਤੇ ਵਾਹੀ ਵਾਲੀ ਭੋਂ ਦੀ 20 ਪ੍ਰਤੀਸ਼ਤ ਜ਼ਮੀਨ 'ਤੇ ਸਿੰਚਾਈ ਹੁੰਦੀ ਸੀ। ਇਲਾਕਾਈ ਭਿੰਨਤਾਈਆਂ ਵੀ ਸਨ। ਦਰਿਆਈ ਘਾਟੀਆਂ ਅਰਥਾਤ ਵਾਦੀਆਂ ਅਤੇ ਦੁਆਬਿਆਂ ਦੇ ਉਪਰਲੇ ਭਾਗਾਂ ਵਿਚ, ਰਾਜ ਦੇ ਬਾਕੀ ਦੇ ਇਲਾਕਿਆਂ ਨਾਲੋਂ ਕਿਤੇ ਵਧ ਖੇਤੀ/ਕਾਸ਼ਤਕਾਰੀ ਹੁੰਦੀ ਸੀ। ਲਾਹੌਰ ਦੇ ਪੁਰਾਣੇ ਮੁਗਲ ਸੂਬੇ ਵਿਚ, ਪੂਰੇ ਖੇਤਰ ਦਾ 50 ਫੀ ਸਦੀ ਤੋਂ ਵਧ ਇਲਾਕਾ ਖੇਤੀ ਅਧੀਨ

ਲਿਆਂਦਾ ਗਿਆ। ਮੁਲਤਾਨ ਦੇ ਸੂਬੇ ਵਿਚ ਕਾਸ਼ਤ ਅਧੀਨ ਜ਼ਮੀਨ ਵਿਚ ਵੀ ਕਾਫ਼ੀ ਵਾਧਾ ਹੋਇਆ।

ਖੇਤੀਬਾੜੀ ਦੇ ਵਿਸਤਾਰ ਅਤੇ ਜ਼ਰਾਇਤੀ ਉਪਜ ਵਿਚ ਵਾਧੇ ਲਈ, ਮਾਲੀਆ-ਨਿਰਧਾਰਨ ਦੀਆਂ ਘਟ ਦਰਾਂ ਵੀ ਬਰਾਬਰ ਦੀਆਂ ਮਹੱਤਵਪੂਰਨ ਪ੍ਰੇਰਕ ਤੱਤ ਸਨ। ਪਹਿਲਾਂ ਦੇ ਮੁਗ਼ਲ ਸੂਬੇ ਲਾਹੌਰ ਵਿਚ 'ਬਟਾਈ' ਅਤੇ 'ਕਣਕੂਤ' ਦੀ ਦਰ, ਬਰਾਨੀ ਜ਼ਮੀਨ ਲਈ ਇਕ ਤਿਹਾਈ ਤੋਂ ਲੈ ਕੇ ਅੱਧੇ ਤੀਕਰ ਵਖ ਵਖ ਸੀ, ਅਤੇ ਸਿੰਚਾਈ ਵਾਲੀ ਜ਼ਮੀਨ ਲਈ ਛੇਵੇਂ ਹਿੱਸੇ ($^1/_6$) ਤੋਂ ਚੌਥੇ ਹਿੱਸੇ (¼) ਤਕ ਸੀ। ਕਸ਼ਮੀਰ ਵਿਚ ਇਹ ਦਰ ਅੱਧ (½) ਹੀ ਰਹੀ। ਪਰ ਸਿੰਧ-ਪਾਰਲੇ ਇਲਾਕਿਆਂ ਵਿਚ ਇਹ ਆਮ ਕਰਕੇ ਸਤਵੇਂ ਹਿੱਸੇ ($^1/_7$) ਤੋਂ ਇਕ ਚੌਥਾਈ (¼) ਸੀ। ਦੀਵਾਨ ਸਾਵਨ ਮੱਲ ਕਣਕੂਤ (ਖੜੀ ਫਸਲ 'ਤੇ ਕਰ-ਨਿਰਧਾਰਣ-ਅਨੁ.) ਦੇ ਮਾਮਲੇ ਵਿਚ ਨਰਮਾਈ ਵਰਤਣ ਲਈ ਮਸ਼ਹੂਰ ਸੀ ਅਤੇ ਮੁਲਤਾਨ ਸੂਬੇ ਵਿਚ ਮਾਲੀਏ ਦੀ ਦਰ, ਦੁਆਬਿਆਂ ਦੇ ਉਪਰਲੇ ਹਿੱਸਿਆਂ ਨਾਲੋਂ ਘਟ ਸੀ। ਕਪਾਹ, ਗੰਨੇ, ਨੀਲ ਅਤੇ ਤੰਬਾਕੂ ਵਰਗੀਆਂ ਨਕਦ-ਫਸਲਾਂ (ਅਰਥਾਤ, ਪੈਸੇ ਵਟਾਉਣ ਵਾਲੀਆਂ ਫਸਲਾਂ) ਦੇ 'ਜ਼ਾਬਤੀ' ਰੇਟ ਵਖ ਵਖ ਇਲਾਕਿਆਂ ਵਿਚ ਵਖ ਵਖ ਸਨ, ਪਰ ਲਗਭਗ ਸਭ ਥਾਈਂ ਮੁਕਾਬਲਤਨ ਘਟ ਹੀ ਸਨ। ਮੁਗ਼ਲ-ਕਾਲ ਦੌਰਾਨ ਲਾਹੌਰ, ਮੁਲਤਾਨ ਅਤੇ ਕਸ਼ਮੀਰ ਦੇ ਸੂਬਿਆਂ ਦਾ ਕੁਲ ਮਾਲੀਆ ਸਾਢੇ ਤਿੰਨ ਕਰੋੜ ਰੁਪਏ ਸੀ। ਰਣਜੀਤ ਸਿੰਘ ਦੇ ਰਾਜ ਵਿਚ ਇਹ ਮਾਲੀਆ ਸਿਰਫ਼ ਢਾਈ 'ਕੁ ਕਰੋੜ ਹੀ ਰਹਿ ਗਿਆ। ਇਸ ਦਾ ਕਾਰਨ ਪੈਦਾਵਾਰ ਦਾ ਘਟ ਜਾਣਾ ਨਹੀਂ ਸੀ। ਕੁੱਲ ਮਾਲੀਏ ਵਿਚਲਾ ਇਹ ਫ਼ਰਕ ਵਧੇਰੇ ਕਰ ਕੇ ਮਾਲੀਏ ਦਾ ਘਟ ਦਰਾਂ 'ਤੇ ਨਿਰਧਾਰਨ ਸੀ।

ਰਣਜੀਤ ਸਿੰਘ ਦੇ ਰਾਜ-ਖੇਤਰਾਂ ਵਿਚ ਇਹ ਖੇਤੀਬਾੜੀ ਦੇ ਵਿਸਤਾਰ ਅਤੇ ਕਾਸ਼ਤਕਾਰੀ ਉਪਜ ਵਿਚ ਵਾਧਾ ਕਿਸੇ ਤਕਨੀਕੀ ਵਿਕਾਸ ਦਾ ਸਿੱਟਾ ਨਹੀਂ ਸੀ। ਕੰਮ ਕਰਨ ਦੇ ਢੰਗਾਂ ਅਤੇ ਸੰਦਾਂ ਦੇ ਮਾਮਲੇ ਵਿਚ ਖੇਤੀ-ਬਾੜੀ ਪਰੰਪਰਾਗਤ ਹੀ ਰਹੀ, ਅਰਥਾਤ, ਪੁਰਾਣੇ ਢੰਗ ਨਾਲ ਹੀ ਚਲਦੀ ਰਹੀ। ਪਰ ਇਹ ਮੁਢ-ਕਦੀਮ ਵਾਲੀ ਨਹੀਂ ਸੀ। ਰੂੜੀ-ਖਾਦ ਦੀ ਵਰਤੋਂ ਆਮ ਸੀ, ਖ਼ਾਸਕਰ ਕਾਸ਼ਤਕਾਰ ਮਾਲਕਾਂ ਦੁਆਰਾ ਫਸਲੀ ਚੱਕਰ ਇਕ ਆਮ ਵਰਤਾਰਾ ਸੀ, ਅਤੇ ਏਦਾਂ ਹੀ ਦੋਹਰੀ ਫਸਲ ਵੀ। ਮੌਸਮਾਂ ਦੀ ਤਬਦੀਲੀ ਨੇ ਕਿਸਾਨਾਂ ਲਈ ਇਹ ਗਲ ਸੰਭਵ ਬਣਾ ਦਿਤੀ ਸੀ ਕਿ ਉਹ ਇਕ ਸਾਲ ਵਿਚ ਦੋ ਫਸਲਾਂ ਲੈ ਸਕਣ। ਰਬੀ (ਹਾੜੀ) ਦੀ ਫਸਲ ਅਕਤੂਬਰ-ਨਵੰਬਰ ਵਿਚ ਬੀਜੀ ਜਾਂਦੀ ਅਤੇ ਅਪ੍ਰੈਲ-ਮਈ ਵਿਚ ਵਢੀ ਜਾਂਦੀ, ਇਸ ਦੀਆਂ ਮੁਖ ਫਸਲਾਂ ਕਣਕ, ਜੌਂ ਅਤੇ ਛੋਲੇ ਸਨ। 'ਖ਼ਰੀਫ਼' (ਸਾਉਣੀ) ਦੀ ਫਸਲ, ਜੁਲਾਈ ਵਿਚ ਬੀਜੀ ਜਾਂਦੀ ਅਤੇ ਅਕਤੂਬਰ ਵਿਚ ਕੱਟੀ ਜਾਂਦੀ। ਮਕੱਈ, ਬਾਜਰਾ, ਕੰਗਣੀ, ਸਵਾਂਕ, ਕੋਧਰਾ, ਚਾਵਲ ਅਤੇ ਕਪਾਹ 'ਖ਼ਰੀਫ਼' ਦੀਆਂ ਫਸਲਾਂ ਸਨ। ਗੰਨਾ, ਭਾਵੇਂ ਉਸ ਦੇ ਪਕਣ ਵਿਚ ਪੂਰਾ ਸਾਲ ਲਗਦਾ ਸੀ, 'ਖ਼ਰੀਫ਼' ਦੀ ਫਸਲ ਵਿਚ ਸ਼ਾਮਲ ਸੀ ਅਤੇ ਇਹ ਇਕ ਮੁਖ ਫਸਲ ਸੀ। ਇਹ ਮੁਖ ਫਸਲਾਂ ਰਣਜੀਤ ਸਿੰਘ ਦੇ ਅਧੀਨ ਸਭਨਾਂ ਇਲਾਕਿਆਂ ਵਿਚ ਉਗਾਈਆਂ ਜਾਂਦੀਆਂ ਸਨ। ਦਾਲਾਂ ਅਤੇ ਤੇਲ-ਬੀਜਾਂ ਨੂੰ ਵੀ ਵਾਹਵਾ ਅਹਿਮ ਮੰਨਿਆ ਜਾਂਦਾ ਸੀ। ਵਖੋ ਵਖਰੇ ਇਲਾਕਿਆਂ ਵਿਚ, ਹੋਰ ਕਈ ਫਸਲਾਂ ਦੀ, ਜਿਵੇਂ ਕਿ ਮੁਜ਼ੱਫਰਗੜ੍ਹ ਅਤੇ ਜਲੰਧਰ ਵਿਚ ਨੀਲ ਦੀ, ਅਤੇ ਕਸ਼ਮੀਰ ਵਿਚ ਕੇਸਰ ਦੀ, ਕਾਸ਼ਤ ਕੀਤੀ ਜਾਂਦੀ ਸੀ। ਕਪਾਹ, ਗੰਨਾ, ਨੀਲ,

ਕੇਸਰ ਅਤੇ ਤੰਬਾਕੂ ਨੂੰ 'ਨਕਦੀ ਫਸਲਾਂ' ਮੰਨਿਆ ਜਾਂਦਾ ਸੀ। ਐਪਰ, ਨਕਦੀ ਫਸਲਾਂ ਦੀ ਕਾਸ਼ਤ ਸਿਰਫ ਪੰਜ ਤੋਂ ਦਸ ਪ੍ਰਤੀਸ਼ਤ ਕਾਸ਼ਤਕਾਰੀ-ਜ਼ਮੀਨਾਂ ਤੇ ਹੁੰਦੀ ਸੀ। ਨਕਦੀ ਫਸਲਾਂ, ਵਧੇਰੇ ਕਰ ਸਥਾਨਕ ਵਰਤੋਂ ਲਈ ਹੀ ਸਨ, ਅਤੇ ਉਨ੍ਹਾਂ ਦਾ ਬਹੁਤ ਮਾਮੂਲੀ ਜਿਹਾ ਭਾਗ ਹੀ ਮੰਡੀ ਲਈ ਭੇਜਿਆ ਜਾਂਦਾ ਸੀ। ਕਾਸ਼ਤਕਾਰ, ਮਾਲੀਏ, ਆਦਿ ਦੇ ਭੁਗਤਾਨ ਖ਼ਾਤਰ ਅਤੇ ਆਪਣੀਆਂ ਘਰੇਲੂ ਲੋੜਾਂ ਦੀ ਪੂਰਤੀ ਵਾਸਤੇ ਦਾਲਾਂ ਵੀ ਵੇਚ ਦਿੰਦੇ ਸਨ।

ਵਾਫਰ ਉਪਜ (ਫਸਲ) ਦਾ ਕਾਫ਼ੀ ਭਾਗ, ਬਟਾਈ (ਵੰਡ) ਦੇ ਚਲਣ ਦੁਆਰਾ ਮੰਡੀ ਵਿਚ ਚਲਾ ਜਾਂਦਾ। ਕੁਲ ਉਪਜ (ਪੈਦਾਵਾਰ) ਦਾ 10 ਤੋਂ 15 ਪ੍ਰਤੀਸ਼ਤ ਪਿੰਡ ਦੇ ਕੰਮੀਆ ਕੋਲ ਚਲਾ ਜਾਂਦਾ। ਹਕੂਮਤ ਦੁਆਰਾ ਇੱਕਠੇ ਕੀਤੇ ਜਾਣ ਵਾਲੇ ਮਾਲੀਏ, ਆਦਿ, ਦਾ ਕਾਫ਼ੀ ਹਿੱਸਾ ਪ੍ਰਸ਼ਾਸਨ ਅਤੇ ਸ਼ਾਹੀ-ਪਰਿਵਾਰ ਉਪਰ ਖ਼ਰਚ ਕੀਤਾ ਜਾਂਦਾ ਸੀ। ਹਕੂਮਤ ਦੇ ਅੰਤਲੇ ਦਿਨਾਂ ਵਿਚ, ਜ਼ਮੀਨ ਤੋਂ ਹਾਸਲ ਹੋਣ ਵਾਲੇ ਮਾਲੀਏ (ਲਗਾਨ) ਦੀ ਕੁੱਲ ਰਕਮ (ਆਮਦਨ) 2,66,00,000 ਰੁਪਏ ਤੋਂ ਕੁਝ ਵਧ ਸੀ। ਪ੍ਰਸ਼ਾਸਨ ਅਤੇ ਸ਼ਾਹੀ-ਪਰਿਵਾਰ ਦਾ ਕੁਲ ਖ਼ਰਚ ਲਗਭਗ ਡੇਢ ਕਰੋੜ ਰੁਪਏ ਹੁੰਦਾ ਸੀ। ਫੌਜ ਦਾ ਇਕ ਕਰੋੜ ਰੁਪਏ ਦਾ ਖ਼ਰਚਾ ਸੀ। ਇਨ੍ਹਾਂ ਖ਼ਰਚਿਆਂ ਤੋਂ ਇਲਾਵਾ ਰਣਜੀਤ ਸਿੰਘ 12,00,000 ਰੁਪਏ 'ਧਰਮ-ਅਰਥ' ਕਾਰਜਾਂ ਲਈ ਕਢਦਾ ਸੀ, ਅਤੇ ਡੇਢ ਲਖ ਰੁਪਏ ਨਕਦ ਦਾਨ ਕਾਰਜਾਂ 'ਤੇ ਖ਼ਰਚਦਾ ਸੀ। ਏਦਾਂ ਵਸੂਲ ਹੋਣ ਵਾਲੇ ਟੈਕਸਾਂ ਦਾ 5 ਤੋਂ 10 ਪ੍ਰਤੀਸ਼ਤ ਹਿੱਸਾ 'ਮੁਕੱਦਮਾਂ' ਅਤੇ 'ਚੌਧਰੀਆਂ' ਵਰਗੇ ਵਿਚੋਲਿਆਂ (ਏਜੰਟਾਂ) ਦੇ ਹਥ ਚਲਾ ਜਾਂਦਾ। ਕੁਝ ਵਾਧੂ ਪੈਦਾਵਾਰ ਵਿਚੋਲਿਆਂ ਅਤੇ ਧਰਮਾਰਥ ਦਾਨ-ਭੋਗੀਆਂ ਰਾਹੀਆਂ ਮੰਡੀ 'ਚ ਪੁਜ ਜਾਂਦੀ। ਇਸ ਨਾਲੋਂ ਕਿਤੇ ਜ਼ਿਆਦਾ ਉਪਜ 'ਜਾਗੀਰਦਾਰਾਂ' ਰਾਹੀਂ ਆਉਂਦੀ ਜੋ ਉਸ ਦੇ ਰਾਜ-ਕਾਲ ਦੇ ਅੰਤ ਤਕ ਲਗਭਗ 92,00,000 ਰੁਪਏ ਸਾਲਾਨਾ ਹਾਸਲ ਕਰ ਰਹੇ ਸਨ। ਕੁਝ 'ਜਾਗੀਰਦਾਰਾਂ' ਨੂੰ ਤਾਂ ਚਾਰ ਲਖ ਰੁਪਏ ਸਾਲਾਨਾ ਤੋਂ ਵੀ ਵਧ ਮਿਲਦਾ ਆ ਰਿਹਾ ਸੀ।

ਸਿੱਖ ਰਾਜ ਦੇ ਅੰਤਲੇ ਦਿਨਾਂ ਵਿਚ ਜੇ.ਡੀ. ਕਨਿੰਘਮ ਨੇ ਲਿਖਦੇ ਹੋਏ ਟਿਪਣੀ ਦਿਤੀ ਕਿ ਸਿੱਖ ਅਧਿਰਾਜ (ਰਾਜ-ਖੇਤਰ) ਵਿਚਲੇ ਅਨੇਕਾਂ ਕਸਬਿਆਂ ਤੇ ਸ਼ਹਿਰਾਂ ਵਿਚ ਸੂਤੀ, ਰੇਸ਼ਮੀ ਅਤੇ ਊਨੀ ਕਪੜੇ ਦੇ ਬੁਣਕਰਾਂ (ਜੁਲਾਹਿਆਂ), ਅਤੇ ਚਮੜੇ, ਲਕੜੀ ਅਤੇ ਲੋਹੇ ਦੇ ਮਾਹਿਰ ਕਾਰੀਗਰਾਂ ਦੀ ਭਰਮਾਰ ਸੀ। ਆਪਣੇ ਕੇਸਰ ਅਤੇ ਸ਼ਾਲਾਂ ਵਾਂਙ ਕਸ਼ਮੀਰ ਆਪਣੇ ਦਸਤਕਾਰਾਂ ਲਈ ਵੀ ਪ੍ਰਸਿਧ ਸੀ। ਪੰਜਾਬ ਦੇ ਪਹਾੜੀ ਖੇਤਰ ਵਿਚ ਦਵਾਈਆਂ (ਜੜੀ-ਬੂਟੀਆਂ) ਅਤੇ ਰੰਗ ਅਤੇ ਫਲ ਉਪਜਾਏ ਜਾਂਦੇ ਸਨ; ਉਥੋਂ ਦੀਆਂ ਢਲਾਨਾਂ ਚੀਲ ਦੇ ਸੰਘਣੇ ਜੰਗਲਾਂ ਨਾਲ ਢਕੀਆਂ ਹੋਈਆਂ ਸਨ; ਅਤੇ ਉਨ੍ਹਾਂ ਦੇ ਹੇਠਲੇ ਇਲਾਕਿਆ ਵਿਚ ਤਾਂਬੇ ਦੀਆਂ ਖਣਿਜ-ਸ਼ਿਰਾਵਾਂ ਜਾਂ ਵਿਆਪਕ ਲੂਣ ਦੀਆਂ ਚੱਟਾਨਾਂ ਅਤੇ ਕੱਚਾ ਲੋਹਾ ਲਭਦਾ ਸੀ। ਖੰਡ ਦਾ ਉਤਪਾਦਨ ਵੀ ਬਹੁਤ ਜ਼ਿਆਦਾ ਸੀ, ਅਤੇ ਉੱਤਰੀ ਹਿੰਦੁਸਤਾਨ ਦੇ ਵਪਾਰਕ-ਕੇਂਦਰ ਅੰਮ੍ਰਿਤਸਰ ਦੇ ਵਪਾਰੀ, ਇਸ ਕੀਮਤੀ ਵਸਤ ਨੂੰ ਸਿੰਧ ਅਤੇ ਕਾਬਲ ਦੀਆਂ ਮੰਡੀਆਂ ਤੀਕਰ ਪੁਚਾਉਂਦੇ ਸਨ।

ਰਣਜੀਤ ਸਿੰਘ ਦੇ ਇਤਿਹਾਸਕਾਰਾਂ ਨੇ, ਉਸ ਦੇ ਸਾਮਰਾਜ ਦੇ ਸ਼ਹਿਰੀ ਕੇਂਦਰਾਂ, ਅਰਥਾਤ, ਸ਼ਹਿਰਾਂ ਦੇ ਵਿਗਸਣ ਅਤੇ ਉਨ੍ਹਾਂ ਦੁਆਰਾ ਉਸ ਸਮੇਂ ਨੇ ਅਰਥਚਾਰੇ ਵਿਚ ਪਾਏ ਜਾਣ ਵਾਲੇ ਯੋਗਦਾਨ

ਵੱਨੀ ਕੁਝ ਧਿਆਨ ਦਿਤਾ ਹੈ। ਮੁਗਲ ਅਧਿਰਾਜ (ਸਲਤਨਤ) ਦੇ ਉੱਤਰ-ਪੱਛਮੀ ਹਿੱਸੇ ਵਿਚ ਪਤਨ ਨਾਲ, ਅਤੇ ਅਫਗਾਨਾਂ ਵਿਰੁਧ ਖ਼ਾਲਸੇ ਦੇ ਰਾਜਸੀ ਸੰਘਰਸ਼ ਦੌਰਾਨ ਸ਼ਹਿਰਾਂ ਅਤੇ ਕਸਬਿਆਂ ਦਾ ਵੀ ਪਤਨ ਹੋਣਾ ਸ਼ੁਰੂ ਹੋ ਗਿਆ ਸੀ। ਐਪਰ ਸਿੱਖ ਹਕੂਮਤ ਦੀ ਸਥਾਪਨਾ ਦੇ ਨਾਲ ਹੀ ਅਨੇਕਾਂ ਪੁਰਾਣੇ ਸ਼ਹਿਰੀ ਕੇਂਦਰ ਮੁੜ ਸੁਰਜੀਤ ਕੀਤੇ ਗਏ, ਖ਼ਾਸਕਰ ਉਹ, ਜਿਨ੍ਹਾਂ ਨੂੰ ਨਵੇਂ ਹੁਕਮਰਾਨਾਂ (ਸ਼ਾਸਕਾਂ) ਨੇ ਪ੍ਰਸ਼ਾਸਨਕ ਕੇਂਦਰ ਬਣਾ ਲਿਆ ਸੀ। ਮਿਸਾਲ ਦੇ ਤੌਰ ਤੇ, ਗੁਜਰਾਤ ਨੂੰ ਗੁੱਜਰ ਸਿੰਘ ਭੰਗੀ ਨੇ ਮੁੜ ਵਸਾਇਆ। ਏਦਾਂ ਹੀ, ਸਿਆਲਕੋਟ ਉਸ ਦੇ ਸਿੱਖ ਮਾਲਕਾਂ ਦੁਆਰਾ ਫਿਰ ਤੋਂ ਵਸਾ ਲਿਆ ਗਿਆ। ਮਹਾਂ ਸਿੰਘ ਸੁਕਰਚਕੀਆ ਦੇ ਸਮੇਂ ਵਜ਼ੀਰਾਬਾਦ ਨੂੰ ਗੁਰਬਖਸ਼ ਸਿੰਘ ਨੇ ਮੁੜ ਰੌਣਕ ਬਖਸ਼ੀ। ਏਦਾਂ ਹੀ ਸਿੱਖ ਹੁਕਮਰਾਨਾਂ ਅਧੀਨ ਲਾਹੌਰ ਦੇ ਪੁਨਰ-ਉੱਥਾਨ ਤੋਂ ਸਾਰੇ ਜਾਣੂ ਹਨ। ਬਾਰੀ ਦੁਆਬ ਵਿਚ, ਬਟਾਲੇ ਦਾ ਇਕ ਸ਼ਹਿਰੀ ਕੇਂਦਰ ਵਜੋਂ ਮਹੱਤਵ, ਘਨੱਈਆਂ ਅਧੀਨ ਵੀ ਕਾਇਮ ਰਿਹਾ। ਜੇਕਰ ਅਠਾਰ੍ਹਵੀਂ ਸਦੀ ਦੇ ਅੰਤ ਵਿਚ, ਸਾਰੇ ਪੁਰਾਣੇ ਨਗਰ ਕੇਂਦਰ ਵਸਾਏ ਨਹੀਂ ਜਾ ਸਕੇ ਤਦ ਇਸ ਦਾ ਕਾਰਨ ਸੀ, ਨਵੇਂ ਕਸਬਿਆਂ ਦਾ ਪ੍ਰਸ਼ਾਸਨਕ ਕੇਂਦਰਾਂ ਦੇ ਰੂਪ ਵਿਚ ਉਭਰਨਾ। ਇਸ ਦੌਰ ਵਿਚ ਅੰਮ੍ਰਿਤਸਰ ਦਾ ਵਿਸਤਾਰ ਇਕ ਮੰਨੀ ਹੋਈ ਗੱਲ ਹੈ। ਮਿਲਖਾ ਸਿੰਘ ਅਧੀਨ ਰਾਵਲਪਿੰਡੀ ਕਾਫੀ ਵਡੇ ਕਸਬੇ ਦੇ ਰੂਪ ਵਿਚ ਵਿਗਸਤ ਹੋਈ। ਸਿੱਖ ਰਾਜ ਅਧੀਨ ਗੁਜਰਾਂਵਾਲਾ, ਕਿਲਾ ਸੋਭਾ ਸਿੰਘ ਅਤੇ ਕਿਲਾ ਸੁਬਾ ਸਿੰਘ ਵੀ ਕਸਬਿਆਂ ਦੇ ਰੂਪ ਵਿਚ ਵਿਗਸਤ ਹੋਏ। ਰਾਮਗੜ੍ਹੀਆਂ ਅਧੀਨ, ਅਪਰ ਬਾਰੀ ਦੁਆਬ ਵਿਚ, ਸ੍ਰੀ ਹਰਗੋਬਿੰਦਪੁਰ ਵੀ ਕਾਫੀ ਵਧਿਆ ਫਲਿਆ। ਪੁਰਾਣੇ ਕੇਂਦਰਾਂ ਦੇ ਪੁਨਰਵਾਸ, ਜਾਂ ਨਵੇਂ ਕਸਬਿਆਂ ਦੇ ਵਿਗਾਸ ਦੇ ਸੰਬੰਧ ਵਿਚ ਗਣੇਸ਼ ਦਾਸ ਵਪਾਰੀਆਂ ਅਤੇ ਸ਼ਿਲਪੀਆਂ (ਦਸਤਕਾਰਾਂ) ਦਾ ਜ਼ਿਕਰ ਕਰਨ ਤੋਂ ਬਿਨਾ ਨਹੀਂ ਰਹਿ ਸਕਿਆ। ਬਹੁਤ ਸਾਰੇ ਦਸਤਕਾਰ (ਕਾਰੀਗਰ) ਪਿੰਡ ਛਡ ਕੇ ਲਾਗਲੇ ਕਸਬਿਆਂ ਵਿਚ ਆ ਗਏ। ਸਾਨੂੰ ਇਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਸ਼ਹਿਰੀ ਕੇਂਦਰਾਂ ਦੇ ਵਾਧੇ ਵਿਚ ਪ੍ਰਸ਼ਾਸਨਿਕ ਸਥਿਤੀ ਵੀ ਇਕ ਜ਼ਿੰਮੇਵਾਰ ਤੱਤ ਸੀ। ਕਈ ਵਾਰ ਧਾਰਮਕ ਜਜ਼ਬਾਤ ਵੀ ਸ਼ੁਰੂਆਤੀ ਪਹਿਲ-ਕਦਮੀ ਪ੍ਰਦਾਨ ਕਰਦੇ ਹਨ। ਮਿਸਾਲ ਦੇ ਤੌਰ ਤੇ, ਡੇਰਾ ਬਾਬਾ ਨਾਨਕ, ਗੁਰੂ ਨਾਨਕ ਅਤੇ ਉਸ ਦੇ ਉੱਤਰਾਧਿਕਾਰਿਆਂ ਨਾਲ ਸੰਬੰਧਤ ਹੋਣ ਕਾਰਨ ਹੀ, ਸਿੱਖ ਰਾਜ ਦੇ ਪਹਿਲੇ ਦਹਾਕਿਆਂ ਵਿਚ ਇਕ ਨਗਰ ਦਾ ਰੂਪ ਧਾਰਨ ਕਰ ਗਿਆ।

ਰਣਜੀਤ ਸਿੰਘ ਦੇ ਰਾਜ-ਖੇਤਰ (ਸਾਮਰਾਜ) ਦੇ ਵਿਸਤਾਰ ਦੇ ਨਾਲ ਨਾਲ ਹੀ ਸ਼ਹਿਰਾਂ ਅਤੇ ਕਸਬਿਆਂ ਦਾ ਵੀ ਵਿਸਤਾਰ ਹੋਇਆ। ਬਹੁਤ ਸਾਰੇ ਪ੍ਰਸ਼ਾਸਨਕ ਕੇਂਦਰਾਂ ਨੂੰ ਪਰਗਨੇ ਦੇ ਹੈਡ-ਕਵਾਟਰਾਂ ਜਾਂ 'ਸੂਬੇਦਾਰਾਂ' (ਸੂਬੇ ਦੇ ਗਵਰਨਰਾਂ) ਦੇ ਹੈਡ-ਕਵਾਟਰਾਂ (ਸਦਰ-ਮੁਕਾਮਾਂ) ਵਜੋਂ ਕਾਇਮ ਰਖਿਆ ਗਿਆ। ਮੁਲਤਾਨ, ਸਿਰੀਨਗਰ ਅਤੇ ਪੇਸ਼ਾਵਰ ਵਰਗੀਆਂ ਰਾਜਧਾਨੀਆਂ, ਅਰਥਾਤ ਮੁਖ ਨਗਰਾਂ ਦਾ ਆਕਾਰ ਜਾਂ ਮਹੱਤਤਾ ਪੱਖੋਂ, ਅਹਿੱਤ ਨਹੀਂ ਸੀ ਹੋਣ ਦਿਤਾ ਗਿਆ। ਲਾਹੌਰ ਵਿਚ, ਅਸਲ ਵਿਚ, ਬਹੁਤ ਵਡੇ ਪੈਮਾਨੇ 'ਤੇ ਨਵੀਂ ਰੂਹ ਫੂਕੀ ਗਈ, ਭਾਵ, ਉਸ ਨੂੰ ਮੁੜ ਸੁਰਜੀਤ ਕੀਤਾ ਗਿਆ। ਏਦਾਂ ਹੀ ਵਜ਼ੀਰਾਬਾਦ, ਗੁਜਰਾਤ ਅਤੇ ਸਿਆਲਕੋਟ ਵਰਗੇ ਕਸਬੇ, ਰਣਜੀਤ ਸਿੰਘ ਦੇ ਰਾਜ ਵਿਚ ਵਧੇਰੇ ਵਧੇ-ਫੁਲੇ। ਹਜ਼ਾਰਾ ਖੇਤਰ ਵਿਚ ਹਰੀਪੁਰ ਵਾਂਙ, ਕੁਝ ਨਵੇਂ ਕਸਬੇ ਵੀ ਉਭਰੇ, ਅਰਥਾਤ, ਹੋਂਦ ਵਿਚ ਆਏ। ਅੰਮ੍ਰਿਤਸਰ, ਸਿਰਫ ਰਣਜੀਤ ਸਿੰਘ ਦੇ ਰਾਜ-ਖੇਤਰ ਦਾ ਹੀ ਨਹੀਂ, ਸਗੋਂ ਉਪ-ਮਹਾਂਦੀਪ ਦੇ ਉੱਤਰ ਪੱਛਮ ਖੇਤਰ ਦਾ, ਸਭ ਤੋਂ ਵਡਾ ਸ਼ਹਿਰ ਬਣ ਗਿਆ। ਰਣਜੀਤ ਸਿੰਘ ਦੇ

ਰਾਜ-ਕਾਲ ਵਿਚ ਗਣੇਸ਼ ਦਾਸ, ਪੁਰਾਣੇ ਮੁਗਲ ਸੂਬੇ ਲਾਹੌਰ ਵਿਚ ਵੀਹ ਸ਼ਹਿਰਾਂ ਅਤੇ 50 ਕਸਬਿਆਂ ਦਾ ਜ਼ਿਕਰ ਕਰਦਾ ਹੈ। ਅਸਲ ਵਿਚ ਦਰਿਆਵਾਂ ਦੀਆਂ ਵਾਦੀਆਂ ਅਤੇ ਦੁਆਬਿਆਂ ਦੇ ਉਪਰਲੇ ਭਾਗਾਂ ਵਿਚ, ਜਿਥੇ ਕਿ ਪਿੰਡਾਂ ਦੀ ਬਹੁਤਾਤ ਸੀ, ਬਹੁਤ ਭਾਰੀ ਗਿਣਤੀ ਵਿਚ ਸ਼ਹਿਰੀ-ਕੇਂਦਰ ਆਬਾਦ ਸਨ। ਹਰੇਕ ਕੇਂਦਰੀ-ਸ਼ਹਿਰ ਲਈ ਇਕ ਪ੍ਰਿਸ਼ਠਪ੍ਰਦੇਸ਼ (ਅੰਤਰ-ਦੇਸ਼) ਲੋੜੀਂਦਾ ਹੁੰਦਾ ਹੈ, ਇਸ ਲਈ ਸਾਨੂੰ ਇਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਰਣਜੀਤ ਸਿੰਘ ਦੇ ਰਾਜ-ਖੇਤਰ ਵਿਚਲਾ ਹਰੇਕ ਨਗਰ-ਕੇਂਦਰ (ਅਰਥਾਤ, ਕੇਂਦਰੀ ਸ਼ਹਿਰ) ਕਿਸੇ ਹਦ ਤੀਕਰ ਆਲੇ-ਦੁਆਲੇ ਦੇ ਪਿੰਡਾਂ ਨਾਲ, ਅਤੇ ਕਿਸੇ ਹੋਰ ਛੋਟੇ ਜਾਂ ਵਡੇ ਕਸਬੇ ਨਾਲ ਵੀ ਜੁੜਿਆ ਹੁੰਦਾ ਸੀ। ਸਾਨੂੰ ਇਹ ਗੱਲ ਦ੍ਰਿੜ੍ਹ ਹੋਣੀ ਚਾਹੀਦੀ ਹੈ ਕਿ ਸ਼ਹਿਰੀ-ਕੇਂਦਰ ਬਾਕੀ ਦੁਨੀਆ ਤੋਂ ਕਟੇ ਹੋਏ ਨਹੀਂ ਰਹਿ ਸਕਦੇ, ਉਨ੍ਹਾਂ ਦੀਆਂ ਸਮੁੱਚੇ ਰਾਜ-ਖੇਤਰਾਂ ਅਤੇ ਬਾਹਰੀ ਦੁਨੀਆ ਨਾਲ ਕਈ ਕੜੀਆਂ ਜੁੜੀਆਂ ਹੁੰਦੀਆਂ ਹਨ। ਰਣਜੀਤ ਸਿੰਘ ਅਧੀਨ ਰਾਜ-ਖੇਤਰ ਵਿਚ ਨਗਰ-ਕੇਂਦਰਾਂ (ਅਰਥਾਤ, ਸ਼ਹਿਰਾਂ) ਦੀ ਗਿਣਤੀ ਸੌ ਤੋਂ ਵਧ ਸੀ, ਜਦਕਿ ਛੋਟੀਆਂ ਮੰਡੀਆਂ ਵਾਲੇ ਵਡੇ ਪਿੰਡਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ। ਉਹ ਸਾਰੇ ਹੀ ਵਪਾਰ ਦੇ, ਥੋੜ੍ਹਾ-ਬਹੁਤ ਵਪਾਰ ਦੇ ਮਹੱਤਵਪੂਰਨ ਕੇਂਦਰ ਦਾ ਕੰਮ ਦਿੰਦੇ ਸਨ।

ਸ਼ਹਿਰ ਅਤੇ ਕਸਬੇ, ਵਡੇ ਪੈਮਾਨੇ ਦੀ ਦਸਤਕਾਰੀ ਦੇ ਕੇਂਦਰ ਵੀ ਸਨ। ਲਾਹੌਰ ਦੇ ਪੁਨਰਵਾਸ (ਪੁਰਨ-ਸੁਰਜੀਤੀ) ਦਾ ਮਤਲਬ ਸੀ ਉਸ ਦੇ ਅਤਿ ਦੇ ਮਹੱਤਵਪੂਰਨ ਉਦਯੋਗਾਂ (ਧਾਤਾਂ ਦੀ ਵਰਤੋਂ ਅਤੇ ਰੇਸ਼ਮੀ, ਸੂਤੀ ਅਤੇ ਊਨੀ ਕਪੜੇ ਉਣਨ ਦੇ ਉਦਯੋਗਾਂ) ਵਿਚ ਵਾਧਾ। ਰਣਜੀਤ ਸਿੰਘ ਦੇ ਸ਼ਾਸਨ-ਕਾਲ ਦੇ ਅੰਤ ਵਿਚ, ਲਾਹੌਰ ਵਿਚ ਅੰਦਾਜ਼ਨ ਸਾਲਾਨਾ, ਢਾਈ ਲੱਖ ਰੁਪਏ ਦਾ ਮਾਲ ਤਿਆਰ ਹੁੰਦਾ ਸੀ। ਮੁਲਤਾਨ ਰੇਸ਼ਮੀ ਅਤੇ ਸੂਤੀ ਕਪੜੇ ਲਈ ਮਸ਼ਹੂਰ ਸੀ, ਇਸ ਤੋਂ ਇਲਾਵਾ ਉਹ ਗਲੀਚਿਆਂ,ਪਾਲਿਸ਼ਦਾਰ ਕੁੰਭਕਾਰੀ (ਮਿੱਟੀ ਜਾਂ ਚੀਨੀ ਦੇ ਭਾਂਡਿਆਂ) ਅਤੇ ਚਾਂਦੀ 'ਤੇ ਮੀਨਾਕਾਰੀ ਲਈ ਵੀ ਜਾਣਿਆ ਜਾਂਦਾ ਸੀ। ਪਰ ਅੰਮ੍ਰਿਤਸਰ ਆਪਣੇ ਵਪਾਰ ਅਤੇ ਉਦਯੋਗ ਕਾਰਨ ਕਿਤੇ ਵਧ ਮਹੱਤਵ ਰਖਦਾ ਸੀ। ਰਣਜੀਤ ਸਿੰਘ ਦੇ ਰਾਜ-ਕਾਲ ਦੇ ਖ਼ਾਤਮੇ ਨਜ਼ਦੀਕ ਓਥੇ ਸ਼ਾਲਾਂ ਦੀਆਂ ਲਗਭਗ ਦੋ ਹਜ਼ਾਰ ਦੁਕਾਨਾਂ ਅਤੇ ਕਾਰਖ਼ਾਨੇ, ਅਰਥਾਤ, ਉਤਪਾਦ-ਕੇਂਦਰ ਸਨ। ਸ਼ਹਿਰ ਵਿਚ ਅੰਦਾਜ਼ਨ ਚਾਰ ਲਖ ਰੁਪਏ ਦੀਆਂ ਸ਼ਾਲਾਂ ਬਣਦੀਆਂ ਸਨ, ਜਦ ਕਿ ਵਿਕਰੀ ਦੀ ਕੁਲ ਰਕਮ ਲਗਭਗ ਦਸ ਲਖ ਰੁਪਏ ਹੁੰਦੀ ਸੀ। ਉੱਨ ਦਾ ਖੱਦਰ (ਪੱਟੀ) ਵੀ, ਖ਼ਾਸਕਰ ਫ਼ੌਜ ਵਾਸਤੇ, ਅੰਮ੍ਰਿਤਸਰ ਵਿਚ ਬਣਦਾ ਸੀ। ਸ਼ਹਿਰ ਅੰਦਰ ਰੇਸ਼ਮੀ ਕਪੜਾ ਤਿਆਰ ਕਰਨ ਵਾਲੇ 1600 ਤੋਂ ਵਧ ਕਾਰੀਗਰ ਸਨ। ਇਹ ਸ਼ਹਿਰ ਧਾਤ ਦੇ ਕੰਮਾਂ, ਲਕੱੜ 'ਤੇ ਉਕਰਾਈ (ਖੁਦਾਈ) ਅਤੇ ਸੰਗਮਰਮਰ ਅਤੇ ਹਾਥੀ-ਦੰਦ ਦੀ ਕਾਰੀਗਰੀ ਲਈ ਵੀ ਮਸ਼ਹੂਰ ਸੀ। ਅੰਮ੍ਰਿਤਸਰ ਵਿਚ ਸਾਢੇ ਸਤ ਲਖ ਰੁਪਏ ਦੀਆਂ ਵਸਤਾਂ ਹਰ ਸਾਲ ਤਿਆਰ ਹੁੰਦੀਆਂ ਸਨ। ਸ੍ਰੀਨਗਰ ਆਪਣੀਆਂ ਸ਼ਾਲਾਂ ਲਈ ਪ੍ਰਸਿਧ ਸੀ। ਪੇਸ਼ਾਵਰ ਵਿਚ ਕੋਈ ਮਹੱਤਵਪੂਰਨ ਉਦਯੋਗ-ਧੰਦਾ ਜਾਂ ਵਡਾ ਵਪਾਰ ਤਾਂ ਨਹੀਂ ਸੀ ਪਰ ਓਥੇ ਊਨੀ 'ਨਮਦੇ' ਤਿਆਰ ਕੀਤੇ ਜਾਂਦੇ ਸਨ, ਅਤੇ ਇਹ ਸ਼ਾਲਾਂ ਅਤੇ ਸੁਕੇ-ਮੇਵਿਆਂ (ਡਰਾਈ-ਫਰੂਟ) ਦੇ ਬਹੁਤ ਸਾਰੇ ਵਪਾਰੀਆਂ ਦਾ ਇਕ ਪੜਾਅ ਕਰਨ ਦੀ ਥਾਂ ਸੀ।

ਬਹੁਤ ਸਾਰੇ ਛੋਟੇ ਕਸਬਿਆਂ ਵਿਚ ਵੀ ਸਥਾਨਕ ਉਪਭੋਗ (ਖਪਤ) ਅਤੇ ਦਸਾਵਰ ਨੂੰ ਘਲਣ (ਨਿਰਯਾਤ) ਲਈ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਸਨ। ਡੇਰਾ ਬਾਬਾ ਨਾਨਕ ਅਤੇ ਸੁਜਾਨਪੁਰ

ਵਰਗੇ ਕਸਬਿਆਂ ਵਿਚ ਊਨੀ ਕਪੜਾ ਤਿਆਰ ਕੀਤਾ ਜਾਂਦਾ ਸੀ। ਬਟਾਲਾ, ਰੇਸ਼ਮੀ, ਊਨੀ ਅਤੇ ਸੂਤੀ ਕਪੜਿਆਂ ਤੋਂ ਇਲਾਵਾ ਜ਼ੀਨਸਾਜ਼ੀ ਅਤੇ ਧਾਤਾਂ ਦੇ ਕੰਮ ਲਈ ਵੀ ਮਸ਼ਹੂਰ ਸੀ। ਕਸੂਰ, ਚਮੜਾ ਕਮਾਉਣ, ਰੰਗਣ ਅਤੇ ਚਮੜੇ 'ਤੇ ਤਿੱਲੇ ਦੀ ਕਢਾਈ, ਕਾਠੀਆਂ (ਜ਼ੀਨਸਾਜ਼ੀ), ਲਗਾਮਾਂ ਅਤੇ ਜੁੱਤੀਆਂ ਦੇ ਕੰਮ ਲਈ ਮਸ਼ਹੂਰ ਸੀ। ਵਜ਼ੀਰਾਬਾਦ ਵਿਚ ਨਿਰਯਾਤ (ਬਰਾਮਦ) ਲਈ ਭਾਰੀ ਮਾਤਰਾ ਵਿਚ ਖੱਦਰ ਤਿਆਰ ਕੀਤਾ ਜਾਂਦਾ ਸੀ, ਇਸ ਦੇ ਨਾਲ ਹੀ ਓਥੇ ਛੋਟੇ ਤੰਬੂ ਅਤੇ ਛੋਲਦਾਰੀਆਂ ਵੀ ਤਿਆਰ ਕੀਤੀਆਂ ਜਾਂਦੀਆਂ ਸਨ। ਝੰਗ, ਸੂਤੀ ਕਪੜੇ ਲਈ ਜਾਣਿਆ ਜਾਂਦਾ ਸੀ। ਸਿਆਲਕੋਟ, ਜਲੰਧਰ ਅਤੇ ਹੁਸ਼ਿਆਰਪੁਰ ਸੂਸੀ, ਲਾਚਿਆਂ ਅਤੇ ਲੁੰਗੀਆਂ ਲਈ ਪ੍ਰਸਿੱਧ ਸਨ। ਸਿਆਲਕੋਟ, ਕਾਗਜ਼ ਦੀਆਂ ਕਈ ਕਿਸਮਾਂ : ਮਾਨ ਸਿੰਘੀ, ਹਰੀਰੀ ਅਤੇ ਜਹਾਂਗੀਰੀ, ਬਣਾਉਣ ਲਈ ਵੀ ਉੱਘਾ ਸੀ। ਬਿਸਤ ਜਲੰਧਰ ਦੁਆਬ ਵਿਚ ਬਜਵਾੜਾ ਪੱਗਾਂ ਲਈ ਮਸ਼ਹੂਰ ਸੀ। ਚਿਨਿਓਟ, ਆਪਣੇ ਤੀਰਾਂ ਲਈ, ਅਤੇ ਰਚਨਾ ਦੁਆਬ ਵਿਚ ਕੋਟਲੀ ਲੋਹਾਰਾਂ ਆਪਣੀਆਂ ਤੋੜੇਦਾਰ ਬੰਦੂਕਾਂ ਲਈ, ਪ੍ਰਸਿਧ ਸੀ। ਸਾਹੀਵਾਲ ਆਪਣੇ 'ਸਾਲੂਆਂ' ਅਤੇ ਕੈਂਹ ਦੇ ਭਾਂਡਿਆਂ ਲਈ ਜਾਣਿਆ ਜਾਂਦਾ ਸੀ। ਚਜ ਦੁਆਬ ਵਿਚ ਕੋਟਲਾ ਆਪਣੀ ਮਿਸ਼ਰੀ ਅਤੇ ਖ਼ਿਜ਼ਾਬ ਲਈ ਮਸ਼ਹੂਰ ਸੀ; ਜਦਕਿ ਹਾਸਿਲਾਂਵਾਲਾ ਦੀ ਮਸ਼ਹੂਰੀ ਤੇਲਾਂ ਅਤੇ ਸਾਬਨ ਕਰਕੇ ਸੀ। ਗੁਜਰਾਤ ਵਿਚ, ਤਲਵਾਰਾਂ ਅਤੇ ਤੋੜੇਦਾਰ ਬੰਦੂਕਾਂ ਤਿਆਰ ਹੁੰਦੀਆਂ ਸਨ। ਕੁਝ ਥਾਵਾਂ ਕੁਦਰਤੀ ਉਤਪਾਦਾਂ ਦੀ ਬਰਾਮਦ (ਨਿਰਯਾਤ) ਲਈ ਮਸ਼ਹੂਰ ਸਨ: ਜਿਵੇਂਕਿ 'ਲੂਣ ਮਿਆਨੀ' ਲੂਣ (ਨਮਕ) ਕਰਕੇ, ਸਿੰਧ ਸਾਗਰ ਦੁਆਬ ਵਿਚ ਕਰਾਂਗਲੀ ਸੁਰਮੇ (ਕਜੱਲ) ਲਈ, ਅਤੇ ਏਮਨਾਬਾਦ ਦਾ ਪਰਗਨਾ 'ਹਿਨਾ' (ਮਹਿੰਦੀ) ਵਾਸਤੇ।

ਇਹ ਤਾਂ ਸਿਰਫ ਸਰਸਰੀ ਝਾਤ ਪਾਉਣ ਵਾਲੀ ਗੱਲ ਹੈ। ਸਾਨੂੰ ਸਮਝ ਲੈਣਾ ਚਾਹੀਦੈ ਕਿ ਹਰੇਕ ਨਗਰ ਕੇਂਦਰ ਕੁਝ ਸੂਤੀ ਕਪੜਾ ਉਪਜਾਉਂਦਾ ਸੀ ਅਤੇ ਉਸ ਦੇ ਆਪਣੇ 'ਠਠਿਆਰ' ਅਤੇ 'ਕਸੇਰੇ' ਸਨ। ਚਮੜੇ ਦਾ ਸਾਮਾਨ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿਚ ਬਣਦਾ ਸੀ। ਸੋਨਾ ਅਤੇ ਚਾਂਦੀ, ਗਹਿਣੇ ਅਤੇ 'ਵਰਕ' ਬਣਾਉਣ ਲਈ ਵਰਤੇ ਜਾਂਦੇ। ਤਾਂਬਾ ਅਤੇ ਪਿੱਤਲ, ਭਾਂਡੇ ਅਤੇ ਮੂਰਤੀਆਂ ਬਣਾਉਣ ਵਾਸਤੇ ਵਰਤੇ ਜਾਂਦੇ ਸਨ। ਵਪਾਰੀਆਂ, ਵਣਜਾਰਿਆਂ ਅਤੇ ਸੌਦਾਗਰਾਂ ਤੋਂ ਇਲਾਵਾ, ਹਰੇਕ ਸ਼ਹਿਰੀ ਕੇਂਦਰ ਵਿਚ ਉਸ ਦੇ ਆਪਣੇ 'ਸ਼ਾਹੂਕਾਰ' ਹੁੰਦੇ ਸਨ, ਜੋ ਕਿ ਨਿਜੀ ਅਤੇ ਵਪਾਰਕ ਕੰਮਾਂ ਲਈ ਕਰਜ਼ ਦਿੰਦੇ ਸਨ। ਇਹ ਅਮੀਰ ਸਾਹੂਕਾਰ ਨਾ ਕੇਵਲ ਅੰਮ੍ਰਿਤਸਰ, ਸਿਆਲਕੋਟ, ਗੁਜਰਾਤ, ਵਜ਼ੀਰਾਬਾਦ, ਗੁਜਰਾਂਵਾਲਾ ਅਤੇ ਬਟਾਲਾ ਵਰਗੇ ਮੁਖ-ਸ਼ਹਿਰਾਂ (ਅਰਥਾਤ, ਸਦਰ-ਮੁਕਾਮਾਂ) ਵਿਚ ਹੁੰਦੇ ਸਨ, ਸਗੋਂ ਕਈ ਅਣਕਿਆਸੀਆਂ ਥਾਵਾਂ ਤੇ ਵੀ ਕਾਰਜਸ਼ੀਲ ਹੁੰਦੇ ਸਨ। ਗਣੇਸ਼ ਦਾਸ ਨੇ ਸਿਆਲਕੋਟ ਦੇ ਨਜ਼ਦੀਕ ਇਕ ਕਸਬੇ ਸੰਬੜੇਆਲ ਦੇ ਜੋਗ ਰਾਜ, ਰਾਮ ਕਿਸ਼ਨ ਅਤੇ ਅਮੀਰ ਚੰਦ ਨੱਯਰ, ਸ਼ੇਖ਼ੂਪੁਰਾ ਦੇ ਪਿੰਡੀ ਦਾਸ ਖੋਖਰ, ਅਤੇ ਗੋਜਰਾ ਦੇ ਚੰਦਰ ਭਾਨ ਟੇਵਾਟੀਆ ਦਾ ਜ਼ਿਕਰ ਕੀਤਾ ਹੈ।

ਰਣਜੀਤ ਸਿੰਘ ਦੇ ਆਪਣੇ ਢਲਾਈਖ਼ਾਨੇ, ਅਰਥਾਤ, ਢਲਾਈ ਦੇ ਕਾਰਖ਼ਾਨੇ ਸਨ। ਉਸ ਦੇ 'ਕਾਰਖ਼ਾਨਿਆਂ' ਵਿਚ ਸਭ ਕਿਸਮ ਦੇ ਹਥਿਆਰਾਂ ਅਤੇ ਗੋਲਾ-ਬਾਰੂਦ ਦੇ ਨਾਲ ਨਾਲ ਕਪੜਾ ਅਤੇ ਚਮੜੇ ਦਾ ਸਾਮਾਨ ਤਿਆਰ ਕੀਤਾ ਜਾਂਦਾ ਸੀ। ਛੋਟੇ 'ਕਾਰਖ਼ਾਨੇ' ਕਾਰੀਗਰਾਂ (ਦਸਤਕਾਰਾਂ) ਦੁਆਰਾ ਚਲਾਏ ਜਾਂਦੇ ਸਨ, ਜੋ ਕਿ ਠੇਕੇ 'ਤੇ ਕੰਮ ਕਰਦੇ ਸਨ। ਅੰਮ੍ਰਿਤਸਰ, ਲਾਹੌਰ, ਮੁਲਤਾਨ, ਪੇਸ਼ਾਵਰ,

ਵਜ਼ੀਰਾਬਾਦ ਅਤੇ ਡੇਰਾ ਇਸ ਦੇ ਕੁਝ ਮਹੱਤਵਪੂਰਨ ਕੇਂਦਰ ਸਨ। ਲੂਣ ਤੇ ਸਰਕਾਰ ਦਾ ਏਕਾਧਿਕਾਰ (ਇਜਾਰੇਦਾਰੀ) ਸੀ। ਆਪਣੇ ਰਾਜ-ਕਾਲ ਦੇ ਅੰਤਲੇ ਦਿਨਾਂ ਵਿਚ ਰਣਜੀਤ ਸਿੰਘ ਵਡੇ ਪਧਰ ਤੇ ਵਪਾਰ ਵਿਚ ਭਾਗੇਦਾਰੀ ਲਈ ਸੋਚ ਰਿਹਾ ਸੀ, ਉਸ ਨੇ ਸ਼ਾਲਾਂ ਅਤੇ ਰੇਸ਼ਮੀ ਚੀਜ਼ਾਂ ਵਸਤਾਂ ਤੁਹਫੇ ਅਤੇ ਇਨਾਮ, ਆਦਿ, ਦੇਣ ਦੇ ਕਾਰਜਾਂ ਵਿਚ ਵਰਤ ਕੇ, ਅਪ੍ਰਤਖ ਰੂਪ ਵਿਚ ਇਨ੍ਹਾਂ ਦੇ ਉਤਪਾਦਨ ਨੂੰ ਉਤਸ਼ਾਹ ਪ੍ਰਦਾਨ ਕੀਤਾ ਸੀ। ਪਰ ਵਪਾਰ ਅਤੇ ਉਤਪਾਦ ਵਧੇਰੇ ਕਰ ਕੇ ਨਿਜੀ ਹਥਾਂ ਵਿਚ ਹੀ ਰਿਹਾ।

ਵਪਾਰ-ਵਣਜ ਦੀਆਂ ਵਸਤਾਂ (ਜਿਣਸਾਂ), ਕਿਰਸਾਣੀ ਅਤੇ ਉਦਯੋਗ ਅਤੇ ਕੁਦਰਤੀ ਸਾਧਨਾਂ (ਭਾਵ, ਉਤਪਾਦਾਂ) ਤੋਂ ਹੀ ਆਉਂਦੀਆਂ ਸਨ। ਰਣਜੀਤ ਸਿੰਘ, 1838 ਵਿਚ, ਇਕ ਲਖ ਰੁਪਏ ਦੇ ਸਾਮਾਨ ਨਾਲ, ਜਿਸ ਵਿਚ ਉਹ ਆਪ ਵਡਾ ਭਾਈਵਾਲ ਸੀ, ਸਿੰਧ ਦਰਿਆ ਦੇ ਰਸਤੇ ਵਪਾਰੀਆਂ ਨੂੰ ਬੰਬਈ ਵੰਨੀ ਘਲਣ ਲਈ ਰਜ਼ਾਮੰਦ ਹੋ ਗਿਆ ਸੀ। ਇਸ ਤਜਾਰਤੀ ਮਾਲ ਵਿਚ ਲੂਣ ਅਤੇ ਸ਼ਾਲਾਂ ਸਨ। 1939 ਵਿਚ, ਅੰਗ੍ਰੇਜ਼ ਚਾਹੁੰਦੇ ਸਨ ਕਿ ਰਣਜੀਤ ਸਿੰਘ ਖੰਡ, ਘਿਉ, ਤੇਲ, ਦਵਾਈਆਂ, ਅਦਰਕ, ਕੇਸਰ, ਕਪਾਹ, ਮਜੀਠ ਅਤੇ ਅਨਾਜ ਦੀ ਬਰਾਮਦ (ਨਿਰਯਾਤ) ਨੂੰ ਉਤਸ਼ਾਹਤ ਕਰੇ। ਇਸ ਦੇ ਨਾਲ ਹੀ ਉਹ ਚਾਹੁੰਦੇ ਸਨ ਕਿ ਉਹ ਲੁਧਿਆਨਾ, ਫੀਰੋਜ਼ਪੁਰ ਅਤੇ ਮਿਠਨਕੋਟ ਦੇ ਰਸਤੇ ਪਸ਼ਮੀਨੇ, ਅਫੀਮ, ਨੀਲ, ਸੁੱਕੇ ਮੇਵੇ, ਵਧੀਆ ਰੇਸ਼ਮ, ਮਲਮਲ ਅਤੇ ਵਡੇ ਬਰ ਵਾਲੇ ਕਪੜੇ, ਮਾੜੇ ਰੇਸ਼ਮ, ਸੂਤੀ ਕਪੜੇ ਅਤੇ ਛੀਟਾਂ ਦੇ ਆਯਾਤ (ਦਰਾਮਦ) ਨੂੰ ਵੀ ਉਤਸ਼ਾਹਤ ਕਰੇ।

ਇਸ ਵਿਚ ਕੋਈ ਸ਼ਕ ਨਹੀਂ ਕਿ ਰਣਜੀਤ ਸਿੰਘ ਅਧੀਨ ਇਲਾਕੇ ਤੋਂ ਕਣਕ, ਚਾਵਲ, ਖੰਡ, ਕਪਾਹ, ਨੀਲ, ਪੋਸਤ, ਕਾਲੀ ਮਿਰਚ ਅਤੇ ਸੁੰਢ ਪਹਿਲਾਂ ਹੀ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਨੂੰ ਬਰਾਮਦ (ਨਿਰਯਾਤ) ਕੀਤੀ ਜਾ ਰਹੀ ਸੀ। 1833 ਈ. ਵਿਚ, ਮੁਲਤਾਨ ਤੋਂ ਖ਼ੁਰਾਸਾਨ ਨੂੰ ਸਾਢੇ ਪੰਜ ਲਖ ਰੁਪਏ ਦਾ ਸਾਮਾਨ ਨਿਰਯਾਤ (ਬਰਾਮਦ) ਕੀਤਾ ਗਿਆ ਸੀ। 'ਹਿੰਦੁਸਤਾਨ' ਨਾਲ ਵਪਾਰ, ਬਹੁਤ ਘਟ, ਸਿਰਫ 50,000 ਰੁਪਏ ਦਾ ਸੀ। ਕੁਝ ਧਾਤਾਂ ਉਪਲਬਧ (ਦਸਤਯਾਬ) ਸਨ, ਜਿਵੇਂ ਕਿ ਮੰਡੀ, ਸੁਕੇਤ, ਕਾਂਗੜਾ, ਬੰਨੂੰ, ਹਜ਼ਾਰਾ ਅਤੇ ਕੋਹਾਟ ਵਿਚ ਲੋਹਾ; ਕਾਂਗੜਾ, ਜਿਹਲਮ, ਰਾਵਲਪਿੰਡੀ, ਬੰਨੂੰ ਅਤੇ ਹਜ਼ਾਰਾ ਵਿਚ ਸੋਨਾ; ਕੁੱਲੂ ਵਿਚ ਚਾਂਦੀ ਅਤੇ ਕਸ਼ਮੀਰ ਵਿਚ, ਤਾਂਬਾ। ਫੇਰ ਵੀ ਰੇਸ਼ਮ ਉੱਨ, ਸੁੱਕੇ ਅਤੇ ਤਾਜ਼ਾ ਫਲਾਂ ਅਤੇ ਘੋੜਿਆਂ ਤੋਂ ਛੁਟ ਸੋਨਾ, ਚਾਂਦੀ, ਤਾਂਬਾ, ਪਿੱਤਲ ਅਤੇ ਜਿਸਤ ਵੀ ਬਰਾਮਦ (ਨਿਰਯਾਤ) ਦੀਆਂ ਮਹੱਤਵਪੂਰਨ ਵਸਤਾਂ ਵਿਚ ਸ਼ਾਮਲ ਸਨ। ਇਨ੍ਹਾਂ ਦੀ ਸੂਚੀ ਵਿਚ ਰੰਗ ਅਤੇ ਕੁਝ ਐਸ਼-ਆਰਾਮ ਦੀਆਂ ਵਸਤਾਂ ਵੀ ਜੋੜੀਆਂ ਜਾ ਸਕਦੀਆਂ ਹਨ। ਬੁਖਾਰਾ ਤੋਂ ਕੱਚਾ ਰੇਸ਼ਮ, ਅੰਮ੍ਰਿਤਸਰ ਰਾਹੀਂ ਬਟਾਲੇ ਪਹੁੰਚਦਾ ਸੀ ਅਤੇ ਬਟਾਲੇ ਦਾ ਬਣਿਆ ਰੇਸ਼ਮੀ ਕਪੜਾ ਉਤਸਵਾਂ ਤੇ ਵਰਤਣ ਲਈ ਆਲੇ-ਦੁਆਲੇ ਦੇ ਪਿੰਡਾਂ ਤੀਕਰ ਪਹੁੰਚਦਾ ਸੀ।

ਆਂਤਰਿਕ (ਸੁਦੇਸ਼ੀ) ਵਪਾਰ, ਵਿਦੇਸ਼ੀ (ਬਾਹਰੀ) ਵਪਾਰ ਨਾਲੋਂ ਵਧੇਰੇ ਮਹੱਤਵਪੂਰਨ ਰਿਹਾ। ਅੰਮ੍ਰਿਤਸਰ ਸੜਕ ਰਾਹੀਂ, ਲਾਹੌਰ ਨਾਲ ਜੁੜਿਆ ਹੋਇਆ ਸੀ, ਅਤੇ ਲਾਹੌਰ ਰਾਹੀਂ ਸ੍ਰੀਨਗਰ, ਮੁਲਤਾਨ ਅਤੇ ਪੇਸ਼ਾਵਰ ਨਾਲ। ਹਰੇਕ ਸ਼ਹਿਰ ਦੀ ਕੜੀ ਛੋਟੇ ਕਸਬਿਆਂ ਨਾਲ ਜਾ ਜੁੜਦੀ ਸੀ, ਅਤੇ ਉਹ ਅਗੋਂ ਪਿੰਡਾਂ ਨਾਲ ਜੁੜੇ ਹੋਏ ਸਨ। ਕਣਕ, ਕਪਾਹ ਅਤੇ ਸ਼ੱਕਰ ਦੀ ਬਹੁਤ ਸਾਰੇ

ਕਸਬਿਆਂ ਅਤੇ ਸਾਰੇ ਸ਼ਹਿਰਾਂ ਵਿਚ ਬਹੁਤ ਭਾਰੀ ਵਿਕਰੀ ਹੁੰਦੀ ਸੀ। ਚਾਵਲ, ਅਦਰਕ ਅਤੇ ਰੰਗ, ਪਹਾੜੀ ਇਲਾਕਿਆਂ 'ਚੋਂ ਮੈਦਾਨਾਂ ਵੱਲ ਆਉਂਦੇ ਸਨ। ਕਪਾਹ, ਮੈਦਾਨਾਂ 'ਚੋਂ ਪਹਾੜਾਂ ਨੂੰ ਘਲੀ ਜਾਂਦੀ ਸੀ। ਚਾਵਲ, ਹਲਦੀ ਅਤੇ ਪਟਸਨ (ਸਣ), ਸੁਜਾਨਪੁਰੋਂ ਲਾਹੌਰ ਅਤੇ ਅੰਮ੍ਰਿਤਸਰ ਵਲ ਭੇਜੀ ਜਾਂਦੀ ਸੀ। ਹਲਦੀ ਅਤੇ ਅਦਰਕ ਅੰਮ੍ਰਿਤਸਰੋਂ ਮੁਲਤਾਨ ਭੇਜਿਆ ਜਾਂਦਾ। ਇਹ ਸਿਰਫ ਕੁਝ ਉਦਾਹਰਨਾਂ ਹਨ। ਹਰੇਕ ਸ਼ਹਿਰ ਅਤੇ ਕਸਬੇ ਵਿਚ ਵਪਾਰ ਦੀਆਂ ਵਸਤਾਂ ਦੀ ਬਹੁਤਾਤ ਸੀ। ਮਿਸਾਲ ਵਜੋਂ, ਅੰਮ੍ਰਿਤਸਰੋਂ ਕਣਕ, ਚਾਵਲ, ਕਪਾਹ, ਸ਼ੱਕਰ, ਪੋਸਤ ਦਾ ਸਤ, ਨੀਲ, ਸ਼ੋਰਾ, ਖੱਲਾਂ ਅਤੇ ਚਮੜਾ, ਸ਼ਾਲਾਂ ਅਤੇ ਲੂਣ ਬਰਾਮਦ (ਨਿਰਯਾਤ) ਕੀਤਾ ਜਾਂਦਾ ਸੀ। ਦਰਾਮਦ (ਆਯਾਤ) ਕੀਤੀਆਂ ਜਾਣ ਵਾਲੀਆਂ ਵਸਤਾਂ ਸਨ : ਲੂਣ, ਸੋਨਾ, ਚਾਂਦੀ, ਲੋਹਾ, ਰੇਸ਼ਮ, ਚਮੜਾ, ਸਮੂਰ (ਫਰਦਾਰ ਕਪੜੇ), ਉੱਨ, ਕਪੜੇ ਦੇ ਟੋਟੇ, ਹਾਥੀ ਦੰਦ, ਸ਼ੀਸ਼ਾ, ਮਸਾਲੇ, ਸੁੱਕੇ ਮੇਵੇ, ਰੰਗ ਅਤੇ ਘੋੜੇ, ਇਨ੍ਹਾਂ ਦੇ ਨਾਲ ਹੀ ਖੇਤੀਬਾੜੀ ਵਸਤਾਂ।

ਵਪਾਰੀਆਂ ਦੇ ਕਾਰਵਾਨਾਂ (ਕਾਫਲਿਆਂ) ਨੂੰ ਸੁਰੱਖਿਆ ਉਪਲੱਬਧ ਕਰਾ ਕੇ ਅਤੇ ਬਹੁਤ ਘਟ ਕਰਾਂ ਦੇ ਮਹਿਸੂਲ ਲਾਗੂ ਕਰ, ਰਣਜੀਤ ਸਿੰਘ ਨੇ ਵਪਾਰ ਨੂੰ ਭਰਪੂਰ ਰੂਪ ਵਿਚ ਉਤਸ਼ਾਹਤ ਕੀਤਾ। ਉਹ ਹੱਕ-ਨਿਆਂ ਅਤੇ ਇੰਨਸਾਫ ਦੇ ਤਕਾਜ਼ੇ ਪੂਰਾ ਕਰਦਾ ਹੋਇਆ ਉਥੇ ਜਾਗੀਰਦਾਰਾਂ ਨਾਲ ਵਪਾਰੀਆਂ ਅਤੇ 'ਸ਼ਾਹੂਕਾਰਾਂ' ਦੇ ਲੈਣ-ਦੇਣ ਦੇ ਮਾਮਲਿਆਂ ਵਿਚ ਆਪ ਦਖ਼ਲ ਦਿੰਦਾ ਸੀ। ਸਾਰੇ ਟੈਕਸਾਂ (ਕਰਾਂ) ਅਤੇ ਰਾਹਦਾਰੀ ਦੀ ਨਿਰਧਾਰਤ ਰਕਮ ਅਦਾ ਕਰ ਵਪਾਰੀ, ਜਗਾਧਰੀ ਤੋਂ ਅੰਮ੍ਰਿਤਸਰ ਆਉਣ-ਜਾਣ ਵਾਲੇ ਵਪਾਰਕ ਕਾਫਲਿਆਂ ਨੂੰ ਬੇਦੀਆਂ ਦੀ ਸਪੁਰਦਾਰੀ ਹੇਠ ਦੇ ਦਿੰਦੇ। ਬੈਂਕ-ਵਪਾਰ ਦੀਆਂ ਸਹੂਲਤਾਂ 'ਹੁੰਡੀ' ਪ੍ਰਣਾਲੀ ਰਾਹੀਂ ਉਪਲਬਧ ਸਨ। ਸਸਤੇ ਦਰਾਂ ਤੇ ਬੀਮਾ, ਅਰਥਾਤ, ਇੰਸ਼ੋਅਰੈਂਸ ਵੀ ਉਪਲਬਧ ਸੀ। ਰਣਜੀਤ ਸਿੰਘ ਦੇ ਸ਼ਾਸਨ ਕਾਲ ਦੇ ਅੰਤ ਤੀਕਰ, ਕਸਟਮ (ਸੀਮਾ-ਕਰ) ਤੋਂ ਆਮਦਨ ਸਿਰਫ 15 ਲਖ ਰੁਪਏ ਸੀ ਅਤੇ ਇਸ ਵਿਚ ਲੂਣ ਦੀ 'ਇਜਾਰਾਦਾਰੀ' ਤੋਂ ਹਾਸਲ ਹੋਣ ਵਾਲੇ ਲਗਭਗ ਪੰਜ ਲਖ ਰੁਪਏ ਦੀ ਰਕਮ ਵੀ ਸ਼ਾਮਲ ਸੀ। 1840ਵਿਆਂ ਦੇ ਸ਼ੁਰੂ ਵਿਚ, ਲੁਧਿਆਨਾ ਤੋਂ ਪੇਸ਼ਾਵਰ ਤਕ ਢੋਆ-ਢੁਆਈ ਦਾ ਮਹਿਸੂਲ (ਰਾਹਦਾਰੀ) ਸਿਰਫ ਪੰਜ ਲਖ ਰੁਪਏ ਸੀ; ਅੰਮ੍ਰਿਤਸਰ ਦੀ ਸ਼ਹਿਰੀ ਮਹਿਸੂਲ (ਚੁੰਗੀ) ਸਾਢੇ ਪੰਜ ਲਖ ਰੁਪਏ ਸੀ ਅਤੇ ਲਾਹੌਰ ਦੀ ਡੇਢ ਲਖ ਰੁਪਏ। ਇਹ ਅਲਪ ਆਂਕੜੇ ਵਪਾਰ ਦੀ ਸੀਮਿਤ ਮਾਤਰਾ, ਅਰਥਾਤ, ਵਪਾਰ ਦੇ ਘਟ ਹੋਣ ਨਾਲੋਂ ਚੁੰਗੀ, ਆਦਿ, ਦੀਆਂ ਦਰਾਂ ਘਟ ਹੋਣ ਦੇ ਲਖਾਇਕ ਹਨ।

ਢੋਆ-ਢੁਆਈ ਦੇ ਸਾਧਨ ਪਰੰਪਰਾਗਤ ਹੀ ਸਨ : ਗਧੇ, ਖੱਚਰਾਂ, ਟੱਟੂ, ਊਠ, ਬੈਲ-ਗੱਡੀਆਂ ਅਤੇ ਬੇੜੀਆਂ। ਰਣਜੀਤ ਸਿੰਘ ਅਧੀਨ ਰਾਜ-ਖੇਤਰਾਂ ਵਿਚ ਸਿੱਕੇ ਦਾ ਚਲਣ ਇਕ ਸਮਾਨ ਨਹੀਂ ਸੀ, ਭਾਵੇਂ ਕਿ ਨਾਨਕ ਸ਼ਾਹੀ ਰੁਪਏ ਨੂੰ ਹੀ ਮਿਆਰੀ (ਮਾਨਕ) ਮੰਨਿਆ ਜਾਂਦਾ ਸੀ। ਨਾਪ-ਤੋਲ ਦੇ ਮਾਮਲੇ ਵਿਚ ਵੀ ਕੋਈ ਇਕਸਾਰਤਾ ਨਹੀਂ ਸੀ, ਉਨ੍ਹਾਂ ਵਿਚ ਛੋਟੇ-ਛੋਟੇ ਅਤੇ ਜਾਣੇ ਪਛਾਣੇ ਖੇਤਰੀ ਵਖਰੇਵੇਂ ਸਨ। ਕੀਮਤਾਂ ਵੀ ਇਲਾਕੇ-ਇਲਾਕੇ ਵਿਚ, ਸਮੇਂ-ਸਮੇਂ, ਵਖ-ਵਖ ਹੁੰਦੀਆਂ ਸਨ, ਪਰ ਉਨ੍ਹੀਵੀਂ ਸਦੀ ਦੇ ਮੁਢ ਵਿਚ ਸਮੁੱਚੇ ਤੌਰ ਤੇ ਕੀਮਤਾਂ ਵਿਚ ਸਹਿਜੇ-ਸਹਿਜੇ ਵਾਧਾ ਹੋਇਆ। ਇਸ ਗਲ ਦੇ ਵੀ ਸੰਕੇਤ ਮਿਲਦੇ ਹਨ ਕਿ ਸ਼ਾਹੂਕਾਰ ਆਪਣੀ ਪੂੰਜੀ ਦਸਤਕਾਰਾਂ ਤੋਂ ਤਿਆਰ ਮਾਲ ਖਰੀਦਣ ਲਈ ਲਾਉਂਦੇ ਸਨ, ਜਿਨ੍ਹਾਂ ਨੂੰ ਉਸ ਮਾਲ ਬਦਲੇ ਮਜ਼ਦੂਰੀ ਜਾਂ ਮਿਹਨਤਾਨਾ ਦਿਤਾ ਜਾਂਦਾ

ਸੀ, ਭਾਵੇਂ ਬਹੁਤ ਸਾਰੇ ਦਸਤਕਾਰ (ਕਾਰੀਗਰ) ਆਪ ਕੱਚਾ ਮਾਲ ਖਰੀਦ ਕੇ ਆਪਣੇ ਛੋਟੇ-ਛੋਟੇ ਕਾਰਖ਼ਾਨਿਆਂ (ਵਰਕਸ਼ਾਪਾਂ) ਵਿਚ ਮਾਲ (ਸੌਦਾ-ਪੱਤਾ) ਤਿਆਰ ਕਰਦੇ ਸਨ। ਸੰਗਠਿਤ ਵਪਾਰੀ ਅਦਾਰਿਆਂ ਦੀ ਅਣਹੋਂਦ ਸੀ। ਵਪਾਰ ਅਤੇ ਉਦਯੋਗ ਵਧੇਰੇ ਕਰਕੇ ਪਰਿਵਾਰਕ ਉਦੱਮ ਹੀ ਬਣੇ ਰਹੇ, ਭਾਵ, ਕੁਝ ਪਰਿਵਾਰਾਂ ਦੀ ਇਜਾਰੇਦਾਰੀ ਹੀ ਬਣੇ ਰਹੇ।

ਵਪਾਰ (ਟਰੇਡ) ਦੇ ਸਾਧਾਰਨ ਢਾਂਚੇ ਵਿਚ, ਦੇਸੀ (ਸਥਾਨਕ) ਮੰਡੀ, ਵਿਦੇਸ਼ੀ ਮੰਡੀ (ਮਾਰਕੀਟ) ਨਾਲੋਂ ਵਧੇਰੇ ਮਹੱਤਵਪੂਰਨ ਹੀ ਰਹੀ। ਕਿਰਸਾਣੀ ਉਪਜ ਅਤੇ ਖੇਤੀਬਾੜੀ ਦੀ ਪੈਦਾਵਾਰ ਤੋਂ ਬਣੀਆਂ ਵਸਤਾਂ ਦੀ ਮਹੱਤਤਾ ਕਾਰਖ਼ਾਨਿਆਂ ਦੇ ਉਤਪਾਦ ਨਾਲੋਂ ਵਧ ਹੀ ਰਹੀ। ਦਰਾਮਦੀ (ਆਯਾਤਤ) ਵਸਤਾਂ, ਵਧੇਰੇ ਕਰ ਕੇ, ਸ਼ਾਹੀ ਘਰਾਣੇ, ਹੁਕਮਰਾਨ ਜਮਾਤ ਅਤੇ ਅਮੀਰ ਵਿਅਕਤੀਆਂ ਦੀ ਵਰਤੋਂ ਲਈ ਹੀ ਹੁੰਦੀਆਂ ਸਨ। ਬਰਾਮਦ (ਨਿਰਯਾਤ) ਕੀਤੀਆਂ ਜਾਣ ਵਾਲੀਆਂ ਵਸਤਾਂ ਵਿਚ ਬਹੁਤਾਤ ਕਪੜੇ ਅਤੇ ਕੁਝ ਬੁਨਿਆਦੀ ਲੋੜ ਵਾਲੀਆਂ ਵਸਤਾਂ ਦੀ ਹੁੰਦੀ। ਤਾਂ ਵੀ ਰਣਜੀਤ ਸਿੰਘ ਦੇ ਸਮੇਂ ਦਾ ਅਰਥਚਾਰਾ, ਮੁਗਲਾਂ ਦੇ ਸਮੇਂ ਦੀ ਆਰਥਕਤਾ ਦੇ ਮੁਕਾਬਲੇ ਵਿਚ ਚੰਗਾ ਹੀ ਸੀ। ਇਸ ਦਾ ਢਾਂਚਾ (ਪ੍ਰਾਰੂਪ) ਪੂਰੀ ਤਰ੍ਹਾਂ ਸਮਾਜਕ-ਵਿਵਸਥਾ ਨਾਲ ਜੁੜਿਆ ਹੋਇਆ ਸੀ।

9.

# ਸਮਾਜਕ ਵਿਵਸਥਾ

1849 ਵਿਚ, ਪੰਜਾਬ ਅੰਦਰ ਸੱਤਾ-ਬਦਲੀ ਦੇ ਤੁਰੰਤ ਮਗਰੋਂ, ਗਣੇਸ਼ ਦਾਸ ਨੇ ਆਪਣੀ ਰਚਨਾ 'ਚਾਰ ਬਾਗ-ਏ-ਪੰਜਾਬ' ਵਿਚ ਪਹਿਲਾਂ ਦੇ ਮੁਗਲ ਸੂਬੇ ਲਾਹੌਰ ਦੇ ਸਮਾਜਕ ਭੂਗੋਲ (ਜੁਗਰਾਫੀਏ) ਬਾਰੇ ਜਾਣਕਾਰੀ ਪ੍ਰਦਾਨ ਕਰਨ ਦਾ ਜਤਨ ਕੀਤਾ। ਵਖ ਵਖ ਪਧਰ ਤੇ ਸੱਤਾ, ਅਰਥਾਤ, ਪ੍ਰਸ਼ਾਸਨਿਕ ਢਾਂਚੇ ਅਤੇ ਉਸ ਨਾਲ ਜੁੜੇ ਵਿਅਕਤੀਆਂ: 'ਨਾਜ਼ਮਾਂ' ਅਤੇ 'ਦੀਵਾਨਾਂ', 'ਥਾਣੇਦਾਰਾਂ' ਅਤੇ 'ਦਾਰੋਗਿਆਂ'. 'ਕਾਰਦਾਰਾਂ' ਅਤੇ 'ਕਾਨੂੰਨਗੋਆਂ', 'ਕਾਜ਼ੀਆਂ' ਅਤੇ 'ਅਦਾਲਤੀਆਂ', ਦਾ ਉਸ ਜ਼ਿਕਰ ਕੀਤਾ ਹੈ। ਵਪਾਰੀ ਬਰਾਦਰੀਆਂ ਦਾ ਜ਼ਿਕਰ ਕਰਦੇ ਹੋਏ ਉਸ ਖਤਰੀਆਂ, ਅਰੋੜਿਆਂ, ਬਾਣੀਆਂ, ਭਾਬੜਿਆਂ, ਖੋਜਿਆਂ ਅਤੇ ਪਰਾਚਿਆਂ ਦਾ ਖ਼ਾਸ ਉਲੇਖ ਕੀਤਾ ਹੈ। ਸਿਰਕਢ (ਪ੍ਰਭਾਵੀ) ਕਾਸ਼ਤਕਾਰ ਅਤੇ ਚਰਵਾਹਾ ਕਬੀਲਿਆਂ ਅਤੇ ਜ਼ਾਤਾਂ ਬਰਾਦਰੀਆਂ ਵਿਚੋਂ ਉਹ ਗਖੜਾਂ, ਘੇਬਿਆਂ, ਡੂਗਰਾਂ, ਗੁਜਰਾਂ, ਤਰਾੜਾਂ, ਜੱਟਾਂ ਅਤੇ ਰਾਜਪੂਤਾਂ ਦਾ ਜ਼ਿਕਰ ਕਰਦਾ ਹੈ। ਧਾਰਮਕ ਆਗੂਆਂ ਵਿਚ ਉਹ ਸ਼ੈਵ ਸਨਿਆਸੀਆਂ ਅਤੇ ਜੋਗੀਆਂ, ਵੈਸ਼ਨਵ ਬੈਰਾਗੀਆਂ, ਸਿੱਖ ਭਾਈਆਂ, ਮੁਸਲਮ ਸ਼ੇਖਾਂ ਅਤੇ ਸੱਯਦਾਂ ਨੂੰ ਗਿਣਦਾ ਹੈ, ਇਨ੍ਹਾਂ ਤੋਂ ਇਲਾਵਾ ਉਹ ਸਾਧਾਰਣ ਰੂਪ ਵਿਚ ਉਦਾਸੀਆਂ, ਸਾਧੂਆਂ ਅਤੇ ਫਕੀਰਾਂ ਨੂੰ ਵੀ ਇਸੇ ਸ਼੍ਰੇਣੀ ਵਿਚ ਰਖਦਾ ਹੈ। ਸ਼ਿਲਪੀਆਂ, ਕਾਰੀਗਰਾਂ ਅਤੇ ਦਸਤਕਾਰਾਂ ਦਾ ਜ਼ਿਕਰ ਉਸ ਦੀ ਲਿਖਤ ਵਿਚ ਆਮ ਮਿਲਦਾ ਹੈ।

ਰਣਜੀਤ ਸਿੰਘ ਅਧੀਨ ਰਹਿ ਚੁਕੇ ਰਾਜ-ਖੇਤਰ ਬਾਰੇ ਪੰਜਾਬ ਦੇ ਅੰਗ੍ਰੇਜ਼ ਪ੍ਰਸ਼ਾਸਕਾਂ ਦੁਆਰਾ ਇਕਤ੍ਰ ਕੀਤੇ ਗਏ ਬਿਊਰਿਆਂ ਦੀ ਰੋਸ਼ਨੀ ਵਿਚ, ਇਹ ਸਪਸ਼ਟ ਰੂਪ-ਰੇਖਾ ਬਹੁਤ ਅਰਥਵਾਨ ਬਣ ਦਿਸਦੀ ਹੈ। ਡੇਰਾ ਗਾਜ਼ੀ ਖਾਨ, ਡੇਰਾ ਇਸਮਾਈਲ ਖਾਨ ਅਤੇ ਮਨਕੇਰਾ ਵਿਚ ਬਲੋਚਾਂ ਦੀ ਬਹੁ-ਗਿਣਤੀ ਹੋਣ ਦੇ ਨਾਲ ਨਾਲ ਉਹ ਕਾਫੀ ਸ਼ਕਤੀਸ਼ਾਲੀ ਵੀ ਸਨ; ਮੁਜ਼ੱਫਰਗੜ੍ਹ, ਸ਼ਾਹਪੁਰ, ਝੰਗ ਅਤੇ ਮੁਲਤਾਨ ਵਿਚ ਵੀ ਉਨ੍ਹਾਂ ਦਾ ਸਥਾਨ ਕਾਫੀ ਮਹੱਤਵਪੂਰਨ ਸੀ। ਸਿੰਧ ਦਰਿਆ ਦੇ ਪਛੱਮ ਵਿਚ ਉਨ੍ਹਾਂ ਨੇ ਆਪਣੀ ਕਬਾਇਲੀ ਬੋਲੀ ਅਤੇ ਬਰਾਦਰੀ ਭਾਈਚਾਰੇ ਨੂੰ ਕਾਇਮ ਰਖਿਆ ਹੋਇਆ ਸੀ, ਪਰ ਬਾਕੀ ਥਾਈਂ ਉਨ੍ਹਾਂ ਨੇ ਕਿਸੇ ਹਦ ਤੀਕਰ ਸਥਾਨਕ ਲੋਕਾਂ ਦੇ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਦਾ ਪ੍ਰਭਾਵ ਕਬੂਲਿਆ ਸੀ। ਪਸ਼ਤੋ ਬੋਲਣ ਵਾਲੇ ਕਬੀਲਿਆਂ ਦੇ ਹਮ-ਨਸਲ ਪਠਾਨ ਵੀ ਵਧੇਰੇ ਕਰ ਸੰਗਠਨਾਤਮਕ ਤੌਰ ਤੇ ਕਬੀਲਿਆਈ ਹੀ ਬਣੇ ਰਹੇ, ਅਰਥਾਤ ਕਬੀਲਿਆਂ ਵਿਚ ਹੀ ਬਝੇ ਰਹੇ। ਉਨ੍ਹਾਂ ਦੇ ਬਹੁਤ ਸਾਰੇ ਕਬੀਲੇ ਬੰਨੂੰ ਕੋਹਾਟ ਅਤੇ ਪੇਸ਼ਾਵਰ ਵਿਚ ਪ੍ਰਭਾਵਸ਼ਾਲੀ ਸਨ; ਉਹ ਸਿੰਧ ਸਾਗਰ ਦੁਆਬ ਵਿਚ ਵੀ ਕਾਫੀ ਅਹਿਮੀਅਤ ਰਖਦੇ ਸਨ; ਬਾਰੀ ਦੁਆਬ ਵਿਚ ਕਸੂਰ ਵਿਖੇ ਵੀ ਇਕ 'ਪਠਾਨ' ਬਸਤੀ (ਕਲੋਨੀ) ਸੀ, ਅਤੇ ਜਲੰਧਰ ਨੇੜੇ ਵੀ ਪਠਾਨ ਬਸਤੀਆਂ ਸਨ। ਹੋਰਨਾਂ ਕਈ ਜ਼ਿਲਿਆਂ ਅਤੇ ਕਸਬਿਆਂ ਵਿਚ ਵੀ ਥੋੜੇ ਬਹੁਤ ਪਠਾਨ ਵਸੇ ਮਿਲ ਜਾਂਦੇ ਸਨ।

ਅਵਾਂ, ਪੱਛਮੀ ਅਤੇ ਕੇਂਦਰੀ 'ਨਮਕ ਸਿਲਸਿਲੇ' (ਸਾਲਟ ਰੇਂਜ) ਵਿਚ ਵਧੇਰੇ ਸਨ, ਏਦਾਂ ਹੀ ਪੂਰਬੀ 'ਨਮਕ ਸਿਲਸਿਲੇ' ਵਿਚ ਜੰਜੂਏ, ਰਾਵਲਪਿੰਡੀ ਅਤੇ ਜਿਹਲਮ ਵਿਚ ਗਖੱੜ, ਅਟਕ ਵਿਚ ਖਟੱਰ, ਪਿੰਡੀ ਘੇਬ ਵਿਚ ਜੋਧਰੇ ਅਤੇ ਘੇਬੇ ਫਤਿਹਜੰਗ ਵਿਚ ਵੀ, ਬਹੁਗਿਣਤੀ ਵਿਚ ਵਸੇ ਹੋਏ ਸਨ। ਟਿਵਾਨੇ, ਸ਼ਾਹਪੁਰ 'ਨਮਕ ਸਿਲਸਿਲੇ' ਵਿਚ ਪ੍ਰਭਾਵੀ ਸਨ, ਸ਼ਾਹਪੁਰ ਅਤੇ ਗੁਜਰਾਤ ਵਿਚ ਤਰੜ (ਤਰਾਰ), ਸ਼ਾਹਪੁਰ ਅਤੇ ਝੰਗ ਵਿਚ ਖੋਖਰ, ਝੰਗ ਵਿਚ ਸਿਆਲ ਅਤੇ ਮਿੰਟਗੁਮਰੀ ਵਿਚ ਖਰਲਾਂ ਦੀ ਬਹੁਗਿਣਤੀ ਸੀ। ਤਲਵਾਨ, ਮਲਸੀਆਂ ਅਤੇ ਨਕੋਦਰ ਵਿਚ, ਮੰਝ ਰਾਜਪੂਤ ਅਹਿਮ ਸਥਾਨ ਰਖਦੇ ਸਨ। ਭੱਟੀ ਰਾਜਪੂਤ, ਕਪੂਰਥਲਾ ਅਤੇ ਵੈਰੋਵਾਲ ਵਿਚ ਪ੍ਰਭਾਵਸ਼ਾਲੀ ਸਨ। ਡੂਗਰ, ਜ਼ਿਆਦਾਤਰ ਕਪੂਰਥਲਾ ਅਤੇ ਲਾਹੌਰ ਵਿਚ ਲਭਦੇ ਸਨ। ਹਰਿਆਣਾ ਪੱਟੀ ਅਤੇ ਫਿਲੌਰ ਦੇ ਆਲੇ-ਦੁਆਲੇ ਨਾਰੂ ਰਾਜਪੂਤਾਂ ਦੀ ਤੂਤੀ ਬੋਲਦੀ ਸੀ। ਗੜ੍ਹ ਸ਼ੰਕਰ ਅਤੇ ਕਪੂਰਥਲਾ ਵਿਚ ਮਹਿਤੋਂ ਵੀ ਕਾਫੀ ਮਹੱਤਵਪੂਰਨ ਸਨ। ਸਤਲੁਜ ਤੋਂ ਜਿਹਲਮ ਤੀਕਰ, ਪਹਾੜੀਆਂ ਦੇ ਨਾਲ ਨਾਲ ਵਖ ਵਖ ਦਰਜੇ ਦੇ ਰਾਜਪੂਤ, ਜੋ ਮੈਦਾਨੀ ਇਲਾਕੇ ਵਿਚ ਜੱਟਾਂ ਵਿਚ ਘੁਲ-ਮਿਲ ਗਏ ਸਨ, ਮੌਜੂਦ ਸਨ।

ਜ਼ਮੀਨ-ਮਾਲਕਾਂ (ਜ਼ਿਮੀਂਦਾਰਾਂ), ਕਾਸ਼ਤਕਾਰਾਂ ਅਤੇ ਆਜੜੀਆਂ (ਪਸ਼ੂ-ਪਾਲਕਾਂ) ਵਜੋਂ 'ਗੁੱਜਰ' ਬਹੁਤ ਅਹਿਮ ਸਨ। ਉਨ੍ਹਾਂ ਦੇ ਨਾਂ ਨਾਲ ਜੁੜੀਆਂ ਕਈ ਥਾਵਾਂ ਸਨ, ਜਿਵੇਂ ਸਿੰਧ ਸਾਗਰ ਦੁਆਬ ਵਿਚ ਗੁੱਜਰਖਾਨ, ਚਜ ਦੁਆਬ ਵਿਚ ਗੁਜਰਾਤ ਅਤੇ ਰਚਨਾ ਦੁਆਬ ਵਿਚ ਗੁਜਰਾਂਵਾਲਾ। ਹਸਨ ਅਬਦਾਲ ਅਤੇ ਜਿਹਲਮ ਵਿਚ, ਅਤੇ ਜਿਹਲਮ ਤੋਂ ਸਤਲੁਜ ਤਕ ਦੀਆਂ ਪਹਾੜੀਆਂ ਦੇ ਨਾਲ ਨਾਲ ਉਹ ਬੜੀ ਭਾਰੀ ਗਿਣਤੀ ਵਿਚ ਵਿਚਰਦੇ ਸਨ। ਰਾਵਲਪਿੰਡੀ, ਹੁਸ਼ਿਆਰਪੁਰ ਅਤੇ ਜਲੰਧਰ ਵਿਚ ਉਹ ਜ਼ਿਆਦਾਤਰ ਕਾਸ਼ਤਕਾਰ ਸਨ, ਪਰ ਉਹ ਸਮੁੱਚੇ ਰੂਪ ਵਿਚ ਵਾਹੀ ਕਰਨ ਨਾਲੋਂ ਪਸ਼ੂ-ਪਾਲਨ ਨੂੰ ਵਧੇਰੇ ਤਰਜੀਹ ਦਿੰਦੇ ਸਨ; ਏਦਾਂ ਉਹ ਕਾਸ਼ਤਕਾਰਾਂ ਨਾਲੋਂ ਵਧੇਰੇ ਪਸ਼ੂ-ਪਾਲਕ ਹੀ ਰਹੇ। ਪੰਜਾਬ ਦੇ ਮੈਦਾਨਾਂ ਵਿਚ ਵਧੇਰੇ ਕਰ ਕਾਸ਼ਤਕਾਰ ਜੱਟ ਸਨ। ਅਗੋਂ ਜੱਟਾਂ ਦੇ ਕਈ ਕਬੀਲੇ ਸਨ। ਖ਼ਿਸਤ ਜਲੰਧਰ ਅਤੇ ਦੂਜੇ ਤਿੰਨਾਂ ਦੁਆਬਿਆਂ ਦੇ ਉਪਰਲੇ ਹਿੱਸਿਆਂ ਵਿਚ ਉਹ, ਖ਼ਾਸਕਰ ਬਹੁ-ਗਿਣਤੀ ਵਿਚ ਸਨ। ਮਿਹਨਤੀ, ਰਿਸ਼ਟ ਪੁਸ਼ਟ ਅਤੇ ਖੁਲ੍ਹ-ਖੁਲਾਸੇ (ਆਜ਼ਾਦ-ਖ਼ਿਆਲ) ਜੱਟ, ਪੰਜਾਬ ਦੇ ਕਾਸ਼ਤਕਾਰਾਂ ਦਾ ਇਕ ਮਹੱਤਵਪੂਰਨ ਸਮੂਹ ਸਨ। ਅਰਾਈਂ, ਕੰਬੋ ਅਤੇ ਸੈਣੀ ਵੀ ਵਧੀਆ ਕਾਸ਼ਤਕਾਰ (ਕਿਸਾਨ) ਸਨ, ਪਰ ਉਨ੍ਹਾਂ ਦੀ ਗਿਣਤੀ ਕੁਝ ਘਟ ਹੀ ਸੀ। ਅਰਾਈਂ ਵਪਾਰਕ ਬਾਗਬਾਨੀ ਲਈ ਮਸ਼ਹੂਰ ਸਨ; ਉਹ ਵਧੇਰੇ ਕਰ ਜਲੰਧਰ ਅਤੇ ਕਪੂਰਥਲੇ, ਕਲਾਨੌਰ ਅਤੇ ਬਟਾਲੇ ਦੇ ਆਲੇ-ਦੁਆਲੇ ਅਤੇ ਲਾਹੌਰ ਤੇ ਮਿੰਟਗੁਮਰੀ ਵਿਚ ਵਡੀ ਗਿਣਤੀ ਵਿਚ ਵਸੇ ਹੋਏ ਸਨ। ਕੰਬੋ ਜ਼ਿਆਦਾਤਰ ਕਪੂਰਥਲੇ ਅਤੇ ਮੁਲਤਾਨ ਤੀਕਰ ਦੀ ਸਤਲੁਜ ਦੀ ਵਾਦੀ ਵਿਚ ਸਨ। ਉਹ ਵਪਾਰਕ ਬਾਗਬਾਨੀ ਤਾਂ ਨਹੀਂ ਸਨ ਕਰਦੇ, ਪਰ ਉਹ ਪੰਜਾਬ ਦੀਆਂ ਵਧੀਆ ਕਾਸ਼ਤਕਾਰ ਕੌਮਾਂ ਵਿਚੋਂ ਇਕ ਸਨ। ਸੈਣੀਆਂ ਨੇ ਸਾਧਾਰਨ ਖੇਤੀ ਦੇ ਨਾਲ ਨਾਲ, ਬਾਗਬਾਨੀ ਦੇ ਕਿੱਤੇ ਨੂੰ ਅਰਾਈਆਂ ਤੋਂ ਵਧ ਅਪਨਾ ਲਿਆ। ਉਹ ਜ਼ਿਆਦਾਤਰ ਸਤਲੁਜ ਤੋਂ ਲੈ ਰਾਵੀ ਤਕ ਦੀਆਂ ਪਹਾੜੀਆਂ ਦੀਆਂ ਢਕੀਆਂ ਵਿਚ ਵਸੇ ਹੋਏ ਸਨ। ਉਹ ਸਿਰਫ ਹੁਸ਼ਿਆਰਪੁਰ ਅਤੇ ਸ਼ਕਰਗੜ੍ਹ ਵਿਚ ਕਈ ਗੋਤਾਂ ਵਿਚ ਵੰਡੇ, ਵਡੇ ਵਡੇ ਕਬੀਲੇ ਬਣਾ ਰਹਿੰਦੇ ਸਨ।

ਵਪਾਰੀ ਬਰਾਦਰੀਆਂ ਵਿਚੋਂ ਕਈ ਗੋਤਾਂ ਵਿਚ ਵੰਡੇ, ਖਤਰੀ, ਸਮੁੱਚੇ ਰੂਪ ਵਿਚ ਬਹੁਤ

ਮਹੱਤਵਪੂਰਨ ਸਨ। ਉਹ ਜੱਟਾਂ ਤੇ ਰਾਜਪੂਤਾਂ ਤੋਂ ਪੁਰਾਣੇ ਵਸਨੀਕ ਸਨ। ਉਨ੍ਹਾਂ ਦਾ ਮੁੱਖ ਕਿੱਤਾ (ਪੇਸ਼ਾ) ਵਪਾਰ ਸੀ, ਪਰ ਲੋੜ ਪੈਣ 'ਤੇ ਉਹ ਤਲਵਾਰ ਵੀ ਚੁਕ ਸਕਦੇ ਸਨ। ਉਹ ਕਾਫੀ ਲੰਮੇ ਸਮੇਂ ਤੋਂ ਪ੍ਰਸ਼ਾਸਨ ਨਾਲ ਜੁੜੇ ਹੋਏ ਸਨ, ਕਦੀ ਗਵਰਨਰ (ਸੂਬੇਦਾਰ) ਵਜੋਂ ਅਤੇ ਕਦੀ ਦੀਵਾਨ ਦੇ ਰੂਪ ਵਿਚ, ਅਤੇ ਬਹੁਤ ਵਾਰੀ 'ਕਾਨੂੰਨਗੋਆਂ' ਅਤੇ 'ਆਮਲਾਂ' ਦੇ ਤੌਰ। ਉਹ ਜ਼ਮੀਨਾਂ ਦੇ ਮਾਲਕ ਸਨ, ਖ਼ਾਸਕਰ ਕਸਬਿਆ ਅਤੇ ਸ਼ਹਿਰਾਂ ਵਿਚ, ਅਤੇ ਉਨ੍ਹਾਂ ਵਿਚੋਂ ਕੁਝ ਖੇਤੀ-ਬਾੜੀ ਵੀ ਕਰਦੇ ਸਨ। ਉਨ੍ਹਾਂ ਦੀ ਬਹੁਤੀ ਵਸੋਂ ਦੁਆਬਾ ਬਿਸਤ ਜਲੰਧਰ ਅਤੇ ਦੂਜੇ ਦੁਆਬਾਂ ਦੇ ਉਪਰਲੇ ਹਿਸਿਆਂ ਵਿਚ ਸੀ। ਚਜ ਅਤੇ ਸਿੰਧ ਸਾਗਰ ਦੁਆਬ ਵਿਚ, ਅਰੋੜੇ ਵੀ ਉਨ੍ਹਾਂ ਦੇ ਇਸ ਕਿੱਤੇ ਵਿਚ ਸਾਝੀਦਾਰ ਸਨ, ਜੋ ਕਿ ਦਰਿਆਵਾਂ ਦੇ ਹੇਠਲੇ ਹਿਸਿਆਂ ਵਿਚ ਇਕ ਮੋਹਰੀ ਵਪਾਰੀ ਭਾਈਚਾਰਾ (ਜ਼ਾਤ) ਸਨ। ਅਰੋੜਿਆਂ ਦੀ ਅਧੀ ਗਿਣਤੀ ਪਹਿਲੋਂ ਦੇ ਸੂਬੇ ਮੁਲਤਾਨ ਅਤੇ ਡੇਰਾਜਾਤ ਵਿਚ ਰਹਿੰਦੀ ਸੀ। ਭਾਵੇਂ ਉਨ੍ਹਾਂ ਵਿਚੋਂ ਬਹੁਤੀ ਗਿਣਤੀ ਵਪਾਰੀਆਂ ਦੀ ਸੀ, ਪਰ ਉਹ ਖੇਤੀ ਸਮੇਤ ਹਰੇਕ ਕੰਮ ਨੂੰ ਹੱਥ ਪਾ ਸਕਦੇ ਸਨ। ਨਿਮਨ ਚਨਾਬ ਵਿਚ ਪ੍ਰਸੰਸਾਯੋਗ ਕਿਰਸਾਨਾਂ ਦੇ ਰੂਪ ਵਿਚ ਅਰੋੜਿਆਂ ਦੀ ਬਹੁਤ ਵਡੀ ਗਿਣਤੀ ਸੁਧ ਰੂਪ ਵਿਚ ਕਾਸ਼ਤਕਾਰੀ ਦਾ ਕੰਮ ਕਰਦੀ ਸੀ। ਖਤਰੀਆਂ ਵਾਂਙ ਉਹ ਵੀ ਕਈ ਉਪ-ਜਾਤਾਂ ਅਤੇ ਗੋਤਰਾਂ ਵਿਚ ਵੰਡੇ ਹੋਏ ਸਨ। ਹੋਰ, ਉਹ ਖਤਰੀਆਂ ਵਾਂਙ ਹੀ ਬਹੁਤ ਚੁਸਤ, ਮਿਹਨਤੀ, ਉੱਦਮੀ ਅਤੇ ਸੰਜਮੀ (ਕਿਰਸੀ) ਸਨ। ਬਾਣੀਏ ਸਿਰ ਤੋਂ ਲੈ ਪੈਰਾਂ ਤੀਕਰ ਵਪਾਰੀ ਸਨ, ਪਰ ਰਣਜੀਤ ਸਿੰਘ ਦੇ ਰਾਜ-ਖੇਤਰ ਵਿਚ ਉਨ੍ਹਾਂ ਦੀ ਗਿਣਤੀ ਮੁਕਾਬਲਤਨ ਘਟ ਸੀ। ਜੈਨ, ਜਿਨ੍ਹਾਂ ਨੂੰ ਭਾਬੜੇ ਕਿਹਾ ਜਾਂਦਾ ਸੀ, ਗਿਣਤੀ ਦੇ ਲਿਹਾਜ਼ ਨਾਲ ਬਹੁਤੇ ਨਹੀਂ ਸਨ, ਪਰ ਉਨ੍ਹਾਂ ਨੂੰ ਬਹੁਤ ਸਾਰੇ ਸ਼ਹਿਰੀ ਕੇਂਦਰਾਂ ਵਿਚ ਵਪਾਰੀਆਂ ਅਤੇ ਦੁਕਾਨਦਾਰਾਂ ਦੇ ਰੂਪ ਵਿਚ ਵੇਖਿਆ ਜਾ ਸਕਦਾ ਸੀ। ਲੁਬਾਣੇ, ਅਸਲ ਵਿਚ ਲੂਣ ਭਾਰ-ਵਾਹਕ (ਢੋਣ ਵਾਲੇ) ਅਤੇ ਲੂਣ ਦੀ ਵਪਾਰੀ ਬਰਾਦਰੀ ਸੀ, ਉਹ ਅਨਾਜ ਅਤੇ ਸਾਮਾਨ ਦੀ ਢੋਆ-ਢੁਆਈ ਦਾ ਕੰਮ ਵੀ ਕਰਦੇ ਸਨ। ਲਾਹੌਰ ਵਿਚ, ਅਤੇ ਨੀਮ-ਪਹਾੜੀ ਜ਼ਿਲਿਆਂ ਵਿਚ ਉਨ੍ਹਾਂ ਦੀ ਸੰਖਿਆ ਵਧ ਸੀ, ਪਰ ਗੁਜਰਾਂਵਾਲੇ ਵਿਚ ਵੀ ਉਨ੍ਹਾਂ ਦੀ ਮੌਜੂਦਗੀ ਸੀ। ਪੰਜਾਬ ਦੇ ਪੱਛਮੀ ਭਾਗ ਵਿਚ ਲੁਬਾਣਿਆਂ ਦਾ ਪ੍ਰਤਿਰੂਪ ਵਣਜਾਰੇ ਸਨ। ਜਿਵੇਂ ਖਤਰੀਆਂ ਅਤੇ ਅਰੋੜਿਆਂ ਵਿਚੋਂ ਬਹੁਤੇ ਦੁਕਾਨਦਾਰ ਸਨ, ਓਦਾਂ ਹੀ ਵਣਜਾਰੇ ਅਤੇ ਲੁਬਾਣਿਆਂ ਵਿਚੋਂ ਵਧੇਰੇ ਫੇਰੀ ਵਾਲੇ, ਅਰਥਾਤ ਡੱਗੀ ਵਾਲੇ (ਕੁੰਜੜੇ) ਸਨ।

ਮੁਸਲਮ ਵਪਾਰੀਆਂ ਵਿਚੋਂ ਜ਼ਿਆਦਾਤਰ ਖੋਜੇ ਅਤੇ ਪਰਾਚੇ ਸਨ। ਉਹ ਆਮ ਕਰ ਕੇ ਬਾਣੀਆਂ, ਅਰੋੜਿਆਂ ਅਤੇ ਖਤਰੀਆਂ ਤੋਂ ਮੁਸਲਮਾਨ ਬਣੇ ਸਨ। ਮਿਸਾਲ ਦੇ ਤੌਰ ਤੇ ਸ਼ਾਹਪੁਰ ਦੇ ਖੋਜੇ, ਪਹਿਲੋਂ ਖਤਰੀ ਸਨ ਅਤੇ ਝੰਗ ਦੇ ਖੋਜੇ, ਅਰੋੜਿਆਂ ਤੋਂ ਮੁਸਲਮਾਨ ਹੋਏ ਸਨ। ਲਾਹੌਰ ਦੇ ਪਰਾਚੇ ਅਸਲ ਵਿਚ ਬਾਣੀਏ ਸਨ। ਮਖਦ, ਅਟਕ ਅਤੇ ਪੇਸ਼ਾਵਰ ਵਿਚ ਪਰਾਚਿਆਂ ਦੀਆਂ ਵਾਹਵਾ ਵਡੀਆਂ ਬਸਤੀਆਂ ਸਨ। ਉਹ ਮਧ ਏਸ਼ੀਆ ਨਾਲ ਕਪੜੇ, ਰੇਸ਼ਮ (ਸਿਲਕ) ਅਤੇ ਨੀਲ ਦਾ ਵਪਾਰ ਕਰਦੇ ਸਨ। ਉਨ੍ਹਾਂ ਵਿਚੋਂ ਬਹੁਤਿਆਂ ਦੀਆਂ ਛੋਟੀਆਂ ਛੋਟੀਆਂ ਹੱਟੀਆਂ ਸਨ ਅਤੇ ਕੁਝ ਖੇਤੀ-ਬਾੜੀ ਦਾ ਕੰਮ ਕਰਦੇ ਸਨ। ਖੋਜੇ ਜ਼ਿਆਦਾਤਰ ਗੁਰਦਾਸਪੁਰ ਤੋਂ ਰਾਵਲਪਿੰਡੀ ਤੀਕਰ ਪਹਾੜੀਆਂ ਦੇ ਨਾਲ ਨਾਲ, ਅਤੇ ਨਾਲ ਹੀ ਮੁਜ਼ੱਫਰਗੜ੍ਹ ਅਤੇ ਡੇਰਾਜਾਤ ਵਿਚ ਕਾਫੀ ਗਿਣਤੀ ਵਿਚ ਵਸੇ ਹੋਏ ਸਨ। ਲਾਹੌਰ, ਸਿਆਲਕੋਟ, ਗੁਜਰਾਤ ਅਤੇ 'ਨਮਕ-ਸਿਲਸਿਲੇ' ਵਿਚ ਵੀ ਉਨ੍ਹਾਂ ਦੀ ਕਾਫੀ ਵਸੋਂ ਸੀ। ਝੰਗ

ਵਿਚ ਉਨ੍ਹਾਂ ਦੇ ਬਹੁਤ ਭਾਰੀ ਗਿਣਤੀ ਵਿਚ ਖੂਹ ਸਨ। ਸਮੁੱਚੇ ਰੂਪ ਵਿਚ, ਵਪਾਰੀਆਂ ਦੇ ਤੌਰ ਉਹ ਬਹੁਤ ਮਹੱਤਵਪੂਰਨ ਸਨ। ਉਨ੍ਹਾਂ ਨੇ ਖਤਰੀ ਭਾਈਚਾਰੇ ਅਤੇ ਬਰਾਦਰੀ ਦੀਆਂ ਵਿਆਹਾਂ ਸੰਬੰਧੀ ਸਾਰੀਆਂ ਰਹੁ-ਰੀਤਾਂ ਕਾਇਮ ਰਖੀਆਂ ਹੋਈਆਂ ਸਨ; ਭੇਰਾ ਅਤੇ ਸ਼ਾਹਪੁਰ ਵਿਚ ਤਾਂ ਉਹ ਆਪਣੇ ਨਾਵਾਂ ਨਾਲ ਖਤਰੀਆਂ ਦੀਆਂ ਗੋਤਾਂ ਵੀ ਜੋੜਦੇ ਸਨ।

ਦਸਤਕਾਰ (ਸ਼ਿਲਪਕਾਰ), ਕਾਰੀਗਰ ਅਤੇ ਹੋਰ ਸੇਵਾ-ਕਰਮੀ ਭਾਈਚਾਰੇ, ਅਰਥਾਤ ਬਰਾਦਰੀਆਂ ਸ਼ਹਿਰਾਂ ਅਤੇ ਕਸਬਿਆਂ ਵਿਚ ਅਤੇ ਪਿੰਡਾਂ ਵਿਚ ਲਭਦੀਆਂ ਸਨ। ਖੇਤੀ-ਬਾੜੀ ਲਈ ਸਭ ਤੋਂ ਮਹੱਤਵਪੂਰਨ 'ਲੋਹਾਰ' ਅਤੇ 'ਤਰਖਾਣ', 'ਘੁਮਿਆਰ', 'ਚਮਾਰ' ਅਤੇ 'ਚੂਹੜੇ' ਸਨ। ਨਿਰੀ ਪੂਰੀ ਸੇਵਾ-ਕਰਮ ਵਿਚ ਰੁਝੀ ਜ਼ਾਤ, ਨਾਈ ('ਨਾਪਿਕਾ' ਜਾਂ 'ਨਹੁੰ ਸਾਫ ਕਰਨ ਵਾਲੇ', ਸ਼ਬਦ ਤੋਂ ਵਿਉਤਪਤਿ ਸ਼ਬਦ) ਸੀ। ਨਾਈ ਦੂਜੇ ਕੰਮ ਵੀ ਕਰਦੇ ਸਨ, ਖਾਸਕਰ ਵਿਆਹ ਅਤੇ ਹੋਰ ਸਮਾਜਕ ਰਹੁ-ਰੀਤਾਂ (ਸੰਸਕਾਰਾਂ) ਨਾਲ ਸੰਬੰਧਤ। ਮੁਸਲਮਾਨ ਨਾਈ ਨੂੰ, ਆਮ ਤੌਰ ਤੇ 'ਹੱਜਾਮ' ਕਿਹਾ ਜਾਂਦਾ ਸੀ। ਸਾਰੀਆਂ ਦਸਤਕਾਰ, ਕਾਰੀਗਰ ਅਤੇ ਕਾਮੀਆਂ ਜ਼ਾਤਾਂ ਵਿਚੋਂ ਨਾਈਆਂ ਅਤੇ ਤਰਖਾਣਾਂ ਦਾ ਸਮਾਜਕ ਰੁਤਬਾ ਜ਼ਰਾ ਉੱਚਾ ਹੁੰਦਾ ਸੀ ਅਤੇ ਚੂਹੜਿਆਂ ਦਾ ਸਭ ਤੋਂ ਹੇਠਲਾ, ਭਾਵੇਂ ਦੂਜੇ ਅਛੂਤਾਂ, 'ਚੰਗੜ' ਜਾਂ 'ਧਣਕਾਂ' ਨਾਲੋਂ ਉਚੇਰੇ ਸਨ।

1881 ਵਿਚ, ਪਹਿਲੇ ਦੇ ਰਣਜੀਤ ਸਿੰਘ ਅਧੀਨ ਰਾਜ-ਖੇਤਰਾਂ, ਕਪੂਰਥਲੇ ਦੀ ਰਿਆਸਤ ਅਤੇ ਪੂਰਵ-ਵਰਤੀ ਮੁਗਲ ਸੂਬਿਆਂ : ਲਾਹੌਰ, ਮੁਲਤਾਨ ਅਤੇ ਕਾਬਲ, ਦੀ ਜਨ-ਸੰਖਿਆ ਇਕ ਕਰੋੜ ਤੋਂ ਉਪਰ ਸੀ। ਇਸ ਜਨਸੰਖਿਆ ਵਿਚ ਕੁਲ ਆਬਾਦੀ ਦੇ ਲਗਭਗ 70 ਪ੍ਰਤੀਸ਼ਤ, 76,00,000 ਮੁਸਲਮਾਨ; 24 ਪ੍ਰਤੀਸ਼ਤ ਤੋਂ ਜ਼ਰਾ ਵਧ 30,00,000 ਹਿੰਦੂ; ਅਤੇ 6 ਪ੍ਰਤੀਸ਼ਤ ਤੋਂ ਵਧ 7 ਲਖ ਸਿਖ ਸਨ। ਕੁਲ ਜਨਸੰਖਿਆ ਦਾ ਲਗਭਗ 12 ਪ੍ਰਤੀਸ਼ਤ ਹਿੱਸਾ ਸ਼ਹਿਰਾਂ ਤੇ ਕਸਬਿਆਂ 'ਚ ਵਸਦਾ ਸੀ। ਮੁਖ ਪੇਸ਼ਿਆਂ ਦੀ ਦ੍ਰਿਸ਼ਟੀ ਵਿਚ ਲਗਭਗ 48 ਪ੍ਰਤੀਸ਼ਤ ਲੋਕ ਜ਼ਿਮੀਦਾਰ ਅਤੇ ਕਾਸ਼ਤਕਾਰ ਸਨ; ਸੇਵਾ-ਕਰਮੀ ਅਰਥਾਤ ਕੰਮੀਆਂ ਦੇ ਵਰਗ ਦੀ ਆਬਾਦੀ, ਜਿਸ ਵਿਚ ਕਾਰੀਗਰ, ਦਸਤਕਾਰ, ਆਦਿ, ਵੀ ਸ਼ਾਮਲ ਸਨ, 28 ਪ੍ਰਤੀਸ਼ਤ ਦੇ ਕਰੀਬ ਸੀ; 8.5 ਪ੍ਰਤੀਸ਼ਤ ਆਬਾਦੀ ਧਾਰਮਕ ਅਤੇ ਪੇਸ਼ਾਵਰ ਸਮੂਹਾਂ ਦੀ ਸੀ; ਅਤੇ 12 ਪ੍ਰਤੀਸ਼ਤ ਲੋਕ ਵਪਾਰੀ ਵਰਗਾਂ ਅਤੇ ਜ਼ਾਤਾਂ ਦੇ ਸਨ।

ਸਮੁੱਚੇ ਖੇਤਰ ਵਿਚ ਜਨਸੰਖਿਆ ਦੀ ਵੰਡ ਸਾਵੀਂ ਨਹੀਂ ਸੀ, ਭਾਵ, ਕਿਤੇ ਜ਼ਿਆਦਾ ਸੰਘਣੀ ਸੀ ਤੇ ਕਿਤੇ ਵਿਰਲੀ। ਅਧੀ ਤੋਂ ਕੁਝ ਵਧ ਆਬਾਦੀ ਬਿਸਤ ਜਲੰਧਰ ਦੁਆਬ ਅਤੇ ਬਾਰੀ ਅਤੇ ਰਚਨਾ ਦੁਆਬਿਆਂ ਦੇ ਉਪਰਲੇ ਖੇਤਰਾਂ ਵਿਚ ਕੇਂਦਰਤ ਸੀ। ਇਸ ਕੇਂਦਰੀ ਖੇਤਰ ਵਿਚ, ਸ਼ਹਿਰ ਵਿਚ ਵਸਦੇ ਲੋਕਾਂ ਦੀ ਗਿਣਤੀ ਕੁਲ ਸ਼ਹਿਰੀ ਜਨਸੰਖਿਆ ਦਾ ਲਗਭਗ 60 ਪ੍ਰਤੀਸ਼ਤ ਸੀ। ਬਾਕੀ ਦੇ ਖੇਤਰਾਂ ਵਿਚ, ਜੋ ਆਕਾਰ ਪਖੋਂ ਬਹੁਤ ਵਡੇ ਸਨ, ਕੁਲ ਜਨ-ਸੰਖਿਆ ਦਾ ਅੱਧੇ ਤੋਂ ਵੀ ਘਟ ਹਿੱਸਾ ਰਹਿੰਦਾ ਸੀ, ਅਤੇ ਇਨ੍ਹਾਂ ਦੀ ਸ਼ਹਿਰੀ ਆਬਾਦੀ ਕੁਲ ਸ਼ਹਿਰੀ ਜਨ-ਸੰਖਿਆ ਦਾ ਸਿਰਫ 40 ਪ੍ਰਤੀਸ਼ਤ ਸੀ। ਧਾਰਮਕ ਸੰਬਧਤਾ ਦੀ ਦ੍ਰਿਸ਼ਟੀ ਤੋਂ ਕੁਲ ਸਿੱਖਾਂ ਦਾ ਲਗਭਗ 90 ਪ੍ਰਤੀਸ਼ਤ ਭਾਗ ਇਸੇ ਕੇਂਦਰੀ (ਮੁਖ) ਖੇਤਰ ਵਿਚ ਰਹਿੰਦਾ ਸੀ; ਹਿੰਦੂਆਂ ਦੀ ਕੁਲ ਜਨਸੰਖਿਆ ਦਾ 74 ਪ੍ਰਤੀਸ਼ਤ

ਵੀ ਇਥੇ ਹੀ ਵਸਿਆ ਹੋਇਆ ਸੀ; ਇਸ ਖੇਤਰ ਦੀ ਕੁਲ ਮੁਸਲਮ ਆਬਾਦੀ ਦੇ 39 ਪ੍ਰਤੀਸ਼ਤ ਤੋਂ ਘਟ ਮੁਸਲਮਾਨ ਇਥੇ ਰਹਿੰਦੇ ਸਨ। ਮੁਕਾਬਲਤਨ ਘਟ ਖੇਤਰਫਲ (ਰਕਬੇ) ਵਾਲੇ ਇਸ ਕੇਂਦਰੀ ਖੇਤਰ ਵਿਚ 34 ਪ੍ਰਤੀਸ਼ਤ ਆਬਾਦੀ ਜ਼ਿਮੀਦਾਰਾਂ ਅਤੇ ਕਾਸ਼ਤਕਾਰਾਂ ਦੀ ਸੀ। ਧਾਰਮਕ ਅਤੇ ਪੇਸ਼ਾਵਰ ਸਮੂਹਾਂ (ਗਰੁਪਾਂ) ਦੀ ਕੁਲ ਆਬਾਦੀ ਦਾ 62 ਪ੍ਰਤੀਸ਼ਤ ਤੋਂ ਕੁਝ ਵਧ ਭਾਗ ਇਸੇ ਖੇਤਰ ਵਿਚ ਰਹਿੰਦਾ ਸੀ। ਇਨ੍ਹਾਂ ਵਿਚ ਕੁਲ ਵਪਾਰੀ ਵਰਗਾਂ (ਜਾਤੀਆਂ) ਦਾ ਲਗਭਗ 34 ਪ੍ਰਤੀਸ਼ਤ; ਸ਼ਿਲਪਕਾਰਾਂ, ਕਾਰੀਗਰਾਂ ਅਤੇ ਹੋਰ ਦੂਜੇ ਸੇਵਾ-ਕਰਮੀਆਂ (ਕੰਮੀਆਂ) ਦਾ 59 ਪ੍ਰਤੀਸ਼ਤ ਭਾਗ ਸ਼ਾਮਲ ਸੀ।

ਥਾਣੇਵਾਰ ਨਕਸ਼ੇ (ਗੋਸ਼ਵਾਰੇ) ਵਿਚ ਦਿਤੇ ਆਂਕੜੇ, ਕਈ ਤਰ੍ਹਾਂ ਨਾਲ, ਮਹੱਤਵਪੂਰਨ ਹਨ। ਇਸ ਤੋਂ ਕੇਂਦਰੀ (ਮੁਖ) ਖੇਤਰ ਵਿਚ ਸਿੱਖਾਂ ਦੀ ਆਬਾਦੀ ਦਾ ਸੰਘਣੇ, ਅਰਥਾਤ, ਕੇਂਦਰਤ ਹੋਣਾ ਸਪਸ਼ਟ ਵਖਾਲੀ ਦਿੰਦਾ ਹੈ। ਮੁਕਦੀ ਗੱਲ, ਅੰਮ੍ਰਿਤਸਰ ਅਤੇ ਲਾਹੌਰ ਜ਼ਿਲਿਆਂ ਵਿਚ ਸਿੱਖਾਂ ਦੀ ਲਗਭਗ ਅਧੀ ਆਬਾਦੀ ਵਸੀ ਲਭਦੀ ਹੈ। ਉਕਤ ਕੇਂਦਰੀ ਇਲਾਕੇ ਤੋਂ ਜਦ ਪਰੇ ਜਾਈਏ ਤਦ ਓਥੇ ਮੁਸਲਮਾਨਾਂ ਦੀ ਆਬਾਦੀ ਵਧ ਹੁੰਦੀ ਚਲੀ ਜਾਂਦੀ ਨਜ਼ਰ ਆਉਂਦੀ ਹੈ; ਅਤੇ ਇਸ ਦੇ ਨਾਲ ਹੀ ਜ਼ਿਮੀਂਦਾਰਾਂ ਅਤੇ ਕਾਸ਼ਤਕਾਰਾਂ ਵਿਚ ਪ੍ਰਭਾਵੀ ਕਬੀਲਿਆਂ ਦਾ ਅਨੁਪਾਤ (ਤਨਾਸਬ) ਵੀ ਵਧਦਾ ਨਜ਼ਰ ਆਉਂਦਾ ਹੈ। ਸ਼ਹਿਰੀ ਵਸੋਂ ਅਤੇ ਵਪਾਰੀ ਜ਼ਾਤਾਂ ਦਾ ਉਚੇਰਾ ਅਨੁਪਾਤ ਅਤੇ ਇਸ ਤੋਂ ਉਚੇਰਾ, ਕਾਰੀਗਰਾਂ (ਸ਼ਿਲਪਕਾਰਾਂ) ਅਤੇ ਸੇਵਾ-ਕਰਮੀ ਸਮੂਹਾਂ ਦਾ ਅਨੁਪਾਤ, ਮੁਖ (ਕੇਂਦਰੀ) ਇਲਾਕੇ ਵਿਚ ਹੋਣਾ, ਬਹੁਤ ਮਹੱਤਵਪੂਰਨ ਗਲ ਹੈ ਅਤੇ ਇਹੋ ਗਲ ਧਾਰਮਕ ਅਤੇ ਪੇਸ਼ਵਰਾਨਾ ਜੁੱਟਾਂ ਦੀ ਹੈ। ਮੁਖ (ਕੇਂਦਰੀ) ਇਲਾਕੇ ਦੇ ਪੰਜਾਬੀ ਬੋਲਣ ਵਾਲੇ ਇਲਾਕੇ ਹੋਣ ਦੀ ਵੀ, ਆਪਣੀ ਮਹੱਤਤਾ ਹੈ।

ਧਾਰਮਕ ਸੰਬਧਤਾ ਅਤੇ ਫਿਰਕੂ ਵੰਡੀਆਂ ਦੇ ਰੂਪ ਵਿਚ, ਮੁਸਲਮਾਨਾਂ ਵਿਚ ਕੋਈ ਅਹਿਮ ਤਬਦੀਲੀ ਨਜ਼ਰ ਨਹੀਂ ਆਉਂਦੀ। ਸਯੱਦ ਅਹਿਮਦ ਦੁਆਰਾ ਸ਼ੁਰੂ ਕੀਤੀ ਗਈ 'ਵਹਾਬੀ' ਲਹਿਰ ਨੂੰ ਸਿੰਧ ਦਰਿਆ ਦੇ ਪਰਲੇ ਬੰਨੇ ਥੋੜ-ਚਿਰਾ ਹੁੰਗਾਰਾ ਤਾਂ ਮਿਲਿਆ, ਪਰ ਪੰਜਾਬ ਅੰਦਰ ਉਸ ਨੂੰ ਕੋਈ ਪੈਰੋਕਾਰ, ਅਰਥਾਤ, ਸਮਰਥਕ ਨਾ ਥਿਆਏ। 19ਵੀਂ ਸਦੀ ਦੇ ਅੰਤਲੇ ਸਾਲਾਂ ਵਿਚਲੀ ਸੰਸਥਾ 'ਅਹਿਲ-ਏ-ਹਦੀਸ' ਪਹਿਲੋਂ ਦੇ ਕਿਸੇ ਸੁਦੇਸ਼ੀ ਪ੍ਰੇਰਨਾ-ਸਰੋਤ, ਅਰਥਾਤ ਪਰੰਪਰਾ ਦੇ ਹੋਣ ਦਾ ਦਾਅਵਾ ਨਹੀਂ ਕਰ ਸਕਦੀ। ਕੁਝ ਮੁਸਲਮ ਲਿਖਤਾਂ ਵਿਚ ਇਸਲਾਮ ਦੇ ਰੂੜ੍ਹੀਵਾਦੀ ਚਲਣ (ਰੀਤਾਂ, ਅਮਲਾਂ) ਦੇ ਪਾਲਨ ਦੀ ਗਲ ਕੀਤੀ ਗਈ ਹੈ। ਔਪਰ ਸੂਫੀ ਵਿਚਾਰਾਂ ਅਤੇ ਉਨ੍ਹਾਂ ਦੇ ਅਮਲੀ ਰੂਪ ਵਿਚ ਪ੍ਰਚਲਣ ਬਾਰੇ ਪ੍ਰਮਾਣ ਬਹੁਤ ਸਪਸ਼ਟ ਹਨ। ਰਣਜੀਤ ਸਿੰਘ ਦੇ ਰਾਜ-ਖੇਤਰ ਵਿਚ 'ਖ਼ਾਨਕਾਹਾਂ', 'ਤਕੀਏ' ਅਤੇ 'ਮਜ਼ਾਰ' ਥਾਂ-ਪਰ-ਥਾਂ ਲਭਦੇ ਸਨ; ਪਰ ਇਹ ਕੋਈ ਨਵਾਂ ਅਮਲ ਨਹੀਂ ਸੀ। ਸ਼ੇਖ ਫਰੀਦ ਦੇ ਸਮੇਂ ਤੋਂ ਪੰਜਾਬ ਵਿਚ ਸੂਫੀ ਪ੍ਰਭਾਵ ਵਧਦਾ ਰਿਹਾ ਸੀ। ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ, ਕਾਦਰੀ, ਨਕਸ਼ਬੰਦੀ, ਜਲਾਲੀ ਅਤੇ ਮਦਾਰੀ ਵਰਗੀਆਂ ਕਈ ਸੂਫੀ ਸੰਪਰਦਾਇਆਂ ਹੋਂਦ ਵਿਚ ਸਨ, ਪਰ ਚਿਸ਼ਤੀਆਂ ਦੀਆਂ 'ਖ਼ਾਨਕਾਹਾਂ' ਅਤੇ 'ਮਜ਼ਾਰ' ਵਧੇਰੇ ਲੋਕਪ੍ਰਿਯ ਸਨ।

ਹਿੰਦੂਆਂ ਵਿਚ ਵੀ, 19ਵੀਂ ਸਦੀ ਦੇ ਸ਼ੁਰੂ ਤੀਕਰ ਰਵਾਇਤੀ (ਪਰੰਪਰਕ) ਅਤੇ ਪੁਰਾਣੇ ਰੁਝਾਨ (ਪ੍ਰਵਿਰਤੀਆਂ) ਚਲੇ ਆਏ। ਪੰਜਾਬ ਦੇ ਵਿਭਿੰਨ ਇਲਾਕਿਆਂ ਵਿਚ, ਖ਼ਾਸਕਰ ਹਿੰਦੂਆਂ ਦੀ

## ਚੋਣਵੇਂ ਜ਼ਿਲਿਆਂ ਵਿਚਲੀ ਸਮਾਜਕ ਰੂਪ-ਰੇਖਾ

| ਜ਼ਿਲਾ | ਕੁਲ ਜਨਸੰਖਿਆ (ਲੱਖਾਂ ਵਿਚ) | ਸ਼ਹਿਰੀ ਜਨਸੰਖਿਆ ਦਾ ਪ੍ਰਤੀਸ਼ਤ | ਧਾਰਮਕ ਸੰਬਧਤਾ ਦਾ ਪ੍ਰਤੀਸ਼ਤ | | | ਜ਼ਿਮੀਦਾਰਾਂ ਅਤੇ ਕਾਸ਼ਤਕਾਰਾਂ ਦਾ ਪ੍ਰਤੀਸ਼ਤ | | | ਸੇਵਾ-ਕਰਮੀ (ਕੰਮੀ) ਜਾਤੀਆਂ ਦਾ ਪ੍ਰਤੀਸ਼ਤ ਛੋਟੇ ਕਬੀਲੇ, ਪ੍ਰਭਾਵੀ ਕਬੀਲੇ ਅਤੇ ਜਾਤਾਂ | ਵਪਾਰੀ ਜਾਤੀਆਂ ਦਾ ਪ੍ਰਤੀਸ਼ਤ | ਧਾਰਮਕ ਗਰੁਪਸ (ਫਿਰਕਿਆਂ ) ਦਾ ਪ੍ਰਤੀਸ਼ਤ |
|---|---|---|---|---|---|---|---|---|---|---|---|
| | | | ਸਿਖ | ਹਿੰਦੂ | ਮੁਸਲਮਾਨ | | | | | | |
| ਜਲੰਧਰ | 8 | 17 | 11 | 43 | 45 | 51 | 40 | 11 | 34 | 4 | 10 |
| ਅੰਮ੍ਰਿਤਸਰ | 9 | 21 | 24 | 29 | 46 | 36 | 30 | 6 | 42 | 7 | 10 |
| ਗੁਜਰਾਂਵਾਲਾ | 6 | 12 | 6 | 21 | 73 | 40 | 32 | 8 | 39 | 9 | 10 |
| ਜਿਹਲਮ | 6 | 12 | 2 | 10½ | 88 | 56 | 16 | 40 | 25 | 9 | 8 |
| ਝੰਗ | 4 | 9 | 4/5 | 16 | 82 | 46 | 14 | 32 | 28 | 16.5 | 7.5 |
| ਬੰਨੂੰ | 3 | 11 | 1/5 | 10 | 90 | 71 | 21 | 50 | 13 | 9 | 7 |

ਬਹੁ-ਗਿਣਤੀ ਵਾਲੇ ਦੁਆਬਿਆਂ ਦੇ ਉਪਰਲੇ ਹਿਸਿਆਂ ਵਿਚ, ਨਵੇਂ 'ਸ਼ਿਵਾਲੇ' ਅਤੇ 'ਦੇਵਦਵਾਰੇ' ਬਣਾਉਣ ਦੀਆਂ ਮਿਸਾਲਾਂ ਆਮ ਮਿਲਦੀਆਂ ਹਨ। ਅਨੇਕ ਥਾਈਂ ਜੋਗੀਆਂ ਦੇ 'ਮਠ' ਵਧ-ਫੁਲ ਰਹੇ ਸਨ। ਅਨੇਕਾਂ ਨਵੇਂ 'ਠਾਕਰਦਵਾਰੇ' ਬਣਾਏ ਗਏ। ਕੁਝ ਨਵੇਂ ਮੰਦਰ ਰਾਮ ਅਤੇ ਕ੍ਰਿਸ਼ਨ ਨੂੰ ਸਮ੍ਰਪਿਤ ਕੀਤੇ ਗਏ। ਬੈਰਾਗੀਆਂ ਦੀਆਂ ਕੁਝ ਪੁਰਾਣੀਆਂ ਸੰਸਥਾਵਾਂ, 19ਵੀਂ ਸਦੀ ਦੇ ਮੁਢਲੇ ਸਾਲਾਂ ਵਿਚ ਵਧੇਰੇ ਫਲੀਆਂ-ਫੁਲੀਆਂ ਅਤੇ ਅਨੇਕ ਨਵੇਂ ਵੈਸ਼ਨਵ ਕੇਂਦਰ ਵੀ ਹੋਂਦ 'ਚ ਆਏ। ਇਹ ਗੱਲ ਵੀ ਕਹੀ ਜਾ ਸਕਦੀ ਹੈ ਕਿ ਰਾਮ ਦੀ ਭਗਤੀ ਦਾ ਮੱਤ, ਅਤੇ ਕਿਸੇ ਹਦ ਤੀਕਰ ਕ੍ਰਿਸ਼ਨ-ਭਗਤੀ ਦਾ ਮਾਰਗ ਵਧੇਰੇ ਲੋਕਪ੍ਰਿਯ ਹੋ ਰਿਹਾ ਸੀ। ਮੁਖ ਰੂਪ ਵਿਚ, ਸ਼ੈਵ ਮਤ ਹਾਲੀ ਵੀ ਹਾਵੀ ਸੀ।

18ਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਵਿਸ਼ੇਸ਼ਕਰ ਲਾਹੌਰ ਦੇ ਮੁਗਲ ਸੂਬੇਦਾਰਾਂ ਅਤੇ ਖ਼ਾਲਸਾ ਵਿਚਕਾਰ ਗੰਭੀਰ ਰਾਜਨੀਤਕ ਸੰਘਰਸ਼ ਦੌਰਾਨ, ਨਿਰੇ ਖ਼ਾਲਸਿਆਂ ਦਾ ਪਿੰਡ ਦੇਖਣਾ ਮੁਸ਼ਕਲ ਸੀ, ਅਰਥਾਤ, ਇਕ ਵੀ ਪਿੰਡ ਅਜਿਹਾ ਨਹੀਂ ਜਿਥੋਂ ਦੀ ਸਮੁੱਚੀ ਵਸੋਂ ਖ਼ਾਲਸੇ ਦੀ ਹੋਵੇ। ਪ੍ਰਾਰੰਭਿਕ 19ਵੀਂ ਸਦੀ ਵਿਚ ਸਿੱਖ ਪਿੰਡਾਂ ਦੀ ਗਿਣਤੀ ਸੈਂਕੜਿਆਂ ਵਿਚ ਹੋ ਗਈ। ਇਹ ਅਮਲ ਸਿੱਖਾਂ ਦੇ ਸ਼ਾਸਕ ਹੋਣ ਤੋਂ ਪਿਛੋਂ ਸ਼ੁਰੂ ਹੋਇਆ ਅਤੇ ਇਹ ਪ੍ਰਾਰੰਭਿਕ 19ਵੀਂ ਸਦੀ ਤੀਕਰ ਜਾਰੀ ਰਿਹਾ। ਇਸ ਗਲ ਦਾ ਆਪਣਾ ਮਹੱਤਵ ਹੈ ਕਿ ਸਿੱਖਾਂ ਦੀ ਗਿਣਤੀ ਵਿਚ ਵਾਧਾ ਪਿੰਡਾਂ ਵਿਚ ਹੀ ਹੋਇਆ, ਖ਼ਾਸਕਰ ਜੱਟਾਂ ਵਿਚ। ਇਹ ਗੱਲ ਹੋਰ ਵੀ ਮਹੱਤਵਪੂਰਨ ਹੈ ਕਿ ਸਿੱਖ ਕਿਸਾਨੀ ਦਾ ਵਧੇਰੇ ਅਨੁਪਾਤ ਉਸ ਇਲਾਕੇ ਵਿਚ ਹੈ, ਜਿਸ ਵਿਚੋਂ ਸਿੱਖ 'ਹੁਕਮਰਾਨਾਂ' (ਸ਼ਾਸਕਾਂ) ਅਤੇ 'ਜਾਗੀਰਦਾਰਾਂ' ਦੀ ਬਹੁ-ਗਿਣਤੀ ਉਭਰੀ। ਪਰ, ਉਦਾਹਰਨ ਵਜੋਂ ਮਹਿਤੋਂ, ਕੰਬੋ ਅਤੇ ਸੈਣੀ ਜ਼ਾਤਾਂ ਵਰਗੀਆਂ ਹੋਰ ਕਿਰਸਾਨੀ ਕੌਮਾਂ ਵਿਚੋਂ ਵੀ ਸਿਖ ਬਣੇ। ਉਨ੍ਹਾਂ ਵਿਚੋਂ ਵੀ ਬਹੁਤੇ ਮੁਖ (ਕੇਂਦਰੀ) ਖੇਤਰ ਵਿਚ ਹੀ ਰਹਿਣ ਵਾਲੇ ਸਨ।

ਵਪਾਰੀ ਜ਼ਾਤਾਂ ਵਿਚੋਂ ਵੀ ਸਿੱਖ ਬਣੇ, ਖ਼ਾਸਕਰ ਖਤਰੀ ਅਤੇ ਅਰੋੜੇ। ਲਗਭਗ 30 ਪ੍ਰਤੀਸ਼ਤ ਲੁਬਾਣੇ ਸਿੱਖ ਸਨ। ਸਿੱਖਾਂ ਦੀ ਇਕ ਭਾਰੀ ਗਿਣਤੀ ਦਸਤਕਾਰਾਂ, ਕਾਰੀਗਰਾਂ ਅਤੇ ਸੇਵਾ-ਕਰਮੀ ਜ਼ਾਤਾਂ, ਖ਼ਾਸਕਰ 'ਤਰਖਾਣਾਂ' 'ਚੋਂ ਆਈ। 'ਲੋਹਾਰਾਂ', 'ਘੁਮਿਆਰਾਂ', 'ਨਾਈਆਂ', 'ਝੀਊਰਾਂ', 'ਕਲਾਲਾਂ' ਅਤੇ ਚੂਹੜਿਆਂ ਵਿਚ ਵੀ ਕੁਝ ਸਿੱਖ ਸਨ। ਬ੍ਰਾਹਮਣਾਂ ਅਤੇ ਰਾਜਪੂਤਾਂ ਨੇ ਬਹੁਤ ਘਟ ਸੰਖਿਆ ਵਿਚ ਸਿੱਖੀ ਧਾਰਨ ਕੀਤੀ। ਕੁਲ ਮਿਲਾ ਕੇ, ਜੱਟ ਅਤੇ ਹੋਰ ਕਿਰਸਾਨੀ ਬਰਾਦਰੀਆਂ, ਸਿੱਖ ਜਨ-ਸੰਖਿਆ ਦਾ ਲਗਭਗ 70 ਪ੍ਰਤੀਸ਼ਤ ਸਨ। ਦਸਤਕਾਰ, ਕਾਰੀਗਰ ਅਤੇ ਹੋਰ ਸੇਵਾ-ਕਰਮੀ ਬਰਾਦਰੀਆਂ 20 ਪ੍ਰਤੀਸ਼ਤ ਸਨ। ਵਪਾਰਕ ਜ਼ਾਤਾਂ, ਸਿੱਖ ਜਨਸੰਖਿਆ ਦਾ ਲਗਭਗ 5 ਪ੍ਰਤੀਸ਼ਤ ਸਨ। ਸਿੱਖਾਂ ਦੀ ਲਗਭਗ 14 ਪ੍ਰਤੀਸ਼ਤ ਆਬਾਦੀ ਸ਼ਹਿਰਾਂ ਅਤੇ ਕਸਬਿਆਂ ਵਿਚ ਵਸਦੀ ਸੀ।

ਸਮਤਲ ਸਮਾਜਕ ਢਾਂਚੇ ਦੀ ਦ੍ਰਿਸ਼ਟੀ ਤੋਂ ਸਭ ਤੋਂ ਮਹੱਤਵਪੂਰਨ ਤਬਦੀਲੀ, ਸਿਖਰ ਤੇ ਵਾਪਰੀ। ਸਿੱਖ ਪ੍ਰਸਾਸਨ (ਹਕੂਮਤ) ਦੀ ਸਥਾਪਨਾ ਨੇ, ਮੁਗਲ ਅਤੇ ਅਫ਼ਗਾਨ ਹੁਕਮਰਾਨ ਵਰਗ ਦਾ ਬਦਲ ਪੇਸ਼ ਕੀਤਾ। ਕਿਸੇ ਹਦ ਤੀਕਰ ਨਵੇਂ ਹੁਕਮਰਾਨਾਂ ਦੀ ਬਹੁ-ਗਿਣਤੀ ਜੱਟ ਸੀ। ਉਨ੍ਹਾਂ ਦੇ 'ਜਾਗੀਰਦਾਰ' ਵੀ ਵਧੇਰੇ ਕਰ ਜੱਟ ਹੀ ਸਨ। ਫੇਰ ਵੀ, ਹੁਕਮਰਾਨਾਂ ਵਿਚ ਗੈਰ-ਜਟ ਅਤੇ ਜਾਗੀਰਦਾਰਾਂ ਵਿਚ ਗੈਰ-ਸਿੱਖ, ਹਿੰਦੂ ਅਤੇ ਮੁਸਲਮਾਨ ਦੋਹਾਂ ਸਮੇਤ, ਵੇਖਣ ਨੂੰ ਮਿਲਦੇ ਸਨ। ਉਨ੍ਹੀਵੀਂ ਸਦੀ ਦੇ

ਮੁਢ ਵਿਚ, ਰਣਜੀਤ ਸਿੰਘ ਦੇ ਅਧੀਨ, ਏਕੀਕਰਨ ਦੇ ਅਮਲ ਦੌਰਾਨ, ਬਹੁਤ ਸਾਰੇ ਪੂਰਵ (ਸਾਬਕ) ਸ਼ਾਸਕਾਂ ਅਤੇ ਜਾਗੀਰਦਾਰਾਂ ਨੂੰ ਸ਼ਾਸਕੀ ਵਰਗ ਵਿਚ ਸਮੋ ਲਿਆ ਗਿਆ ਸੀ। ਰਾਜ-ਖੇਤਰ (ਸਾਮਰਾਜ) ਦੇ ਵਿਸਤਾਰ ਦਾ ਅਰਥ ਸੀ ਸ਼ਾਸਕ ਵਰਗ (ਹੁਕਮਰਾਨ ਤਬਕੇ) ਦਾ ਵੀ ਵਿਸਤਾਰ। ਕੁਝ ਗੈਰ-ਪੰਜਾਬੀਆਂ ਅਤੇ ਯੂਰਪੀਨਾਂ ਨੂੰ ਸਿਵਲ ਪ੍ਰਸ਼ਾਸਨ ਅਤੇ ਫੌਜ ਵਿਚ ਮਹੱਤਵਪੂਰਨ ਅਹੁਦੇ ਪ੍ਰਦਾਨ ਕੀਤੇ ਗਏ। ਅਧੀਨ ਖੇਤਰਾਂ (ਅਧਿਰਾਜ) ਵਿਚੋਂ ਦੀ ਕਾਫੀ ਨਵੇਂ ਬੰਦੇ, ਅਹੁਦੇਦਾਰ ਥਾਪੇ ਗਏ। ਮੁਖ (ਕੇਂਦਰੀ) ਖੇਤਰ ਤੋਂ ਬਾਹਰਲੇ ਇਲਾਕਿਆਂ ਦੇ ਜਾਗੀਰਦਾਰਾਂ ਵਿਚੋਂ ਸ਼ਾਸਕ ਵਰਗ ਵਿਚ ਸ਼ਾਮਲ ਕੀਤੇ ਜਾਣ ਵਾਲਿਆਂ ਵਿਚੋਂ, ਜਮਵਾਲ ਭਰਾ ਸਭ ਤੋਂ ਵਧ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਸਨ। ਕੁਝ ਹੋਰ ਵੀ ਸਨ। ਪਰ, ਰਣਜੀਤ ਸਿੰਘ ਦੇ ਅਹਿਮ ਜਾਗੀਰਦਾਰਾਂ ਵਿਚੋਂ ਬਹੁ-ਗਿਣਤੀ ਕੇਂਦਰੀ (ਮੁਖ) ਖੇਤਰ ਦੇ ਵਸਨੀਕਾਂ ਦੀ ਸੀ।

ਰਾਜਾ, ਸਰਦਾਰ ਅਤੇ ਦੀਵਾਨ ਦੀਆਂ ਉਪਾਧੀਆਂ (ਖ਼ਿਤਾਬਾਂ) ਵਾਲੇ, ਸ਼ਾਸਕ ਵਰਗ ਦੇ ਸਿਖਰਲੇ ਭਾਗ ਵਿਚ ਮੰਨੇ ਜਾਂਦੇ ਸਨ। ਉਨ੍ਹਾਂ ਕੋਲ ਪ੍ਰਸ਼ਾਸਨਕ, ਸੈਨਿਕ ਅਤੇ ਸਚਿਵ (ਸਕਤਰੇਤ) ਪਧਰ ਦੇ ਉੱਚਤਮ ਅਹੁਦੇ ਸਨ। ਉਨ੍ਹਾਂ ਵਿਚ ਸਿਖ, ਜੱਟ ਅਤੇ ਗੈਰ-ਜੱਟ ਦੋਵੇਂ; ਰਾਜਪੂਤ, ਖਤਰੀ ਅਤੇ ਬ੍ਰਾਹਮਣ; ਸੱਯਦ ਅਤੇ ਸ਼ੇਖ ਸ਼ਾਮਲ ਸਨ। ਏਦਾਂ ਸਾਡੇ ਸਾਹਮਣੇ ਇਕ ਜੁੜਵੇਂ ਅਤੇ ਕਿਸੇ ਹਦ ਤੀਕਰ ਸੰਤੁਲਿਤ ਸ਼ਾਸਕ ਵਰਗ ਦਾ ਚਿਤਰ ਪੇਸ਼ ਹੁੰਦਾ ਹੈ। ਸਾਰੇ ਮਹੱਤਵਪੂਰਨ ਜਾਗੀਰਦਾਰਾਂ ਬਾਰੇ ਉਪਲਬਧ ਜਾਣਕਾਰੀ ਤੋਂ ਸਾਨੂੰ ਇਕ ਬਹੁਤ ਰੋਚਕ ਅਤੇ ਬਹੁਤ ਅਰਥ-ਭਰਪੂਰ ਬਣਤਰ (ਪੈਟਰਨ) ਦਾ ਪਤਾ ਲਗਦਾ ਹੈ। ਉਨ੍ਹਾਂ ਵਿਚੋਂ 60 ਪ੍ਰਤੀਸ਼ਤ ਸਿਖ ਸਨ। ਅਸੀਂ ਪਹਿਲਾਂ ਵੇਖ ਚੁਕੇ ਹਾਂ ਕਿ ਸਿੱਖ, ਸਮੁੱਚੀ ਜਨਸੰਖਿਆ ਦਾ ਲਗਭਗ 6 ਪ੍ਰਤੀਸ਼ਤ ਸਨ। ਸਿੱਖਾਂ ਵਿਚ ਬਹੁ-ਗਿਣਤੀ ਜੱਟਾਂ ਦੀ ਸੀ, ਜੋ ਵਧੇਰੇ ਕਰ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ ਅਤੇ ਗੁਰਦਾਸਪੁਰ ਦੇ ਜ਼ਿਲਿਆਂ ਤੋਂ ਸਨ। ਗੈਰ-ਜੱਟ ਸਿੱਖਾਂ ਵਿਚ ਸਿਰਫ ਖਤਰੀ ਅਤੇ ਬ੍ਰਾਹਮਣ ਹੀ ਨਹੀਂ, ਸਗੋਂ ਤਰਖਾਣ ਅਤੇ ਨਾਈ ਵੀ ਸ਼ਾਮਲ ਸਨ। ਸ਼ਾਸਕ ਵਰਗ ਦਾ ਲਗਭਗ ਚੌਥਾ ਹਿੱਸਾ ਹਿੰਦੂ ਸਨ, ਜਿਨ੍ਹਾਂ ਦੀ ਜਨ-ਸੰਖਿਆ ਵਿਚ ਅਨੁਪਾਤ ਵੀ ਏਨਾ ਹੀ ਸੀ। ਪਰ ਇਨ੍ਹਾਂ ਵਿਚ ਬਹੁਗਿਣਤੀ ਖਤਰੀਆਂ ਅਤੇ ਬ੍ਰਾਹਮਣਾਂ ਦੀ ਸੀ ਜੋ ਕਿ ਮੁਖ (ਕੇਂਦਰੀ) ਖੇਤਰ ਨਾਲ ਸੰਬੰਧ ਰਖਦੇ ਸਨ। ਸ਼ਾਸਕ ਵਰਗ ਵਿਚ ਦਰਜਨ ਕੁ ਮੁਸਲਮਾਨ ਵੀ ਸ਼ਾਮਲ ਸਨ। ਇਨ੍ਹਾਂ ਵਿਚੋਂ ਸਭ ਤੋਂ ਵਧ ਪ੍ਰਭਾਵਸ਼ਾਲੀ ਅਤੇ ਮਸ਼ਹੂਰ, ਲਾਹੌਰ ਦੇ 'ਫਕੀਰ ਭਰਾ' ਸਨ। ਏਦਾਂ ਅਸੀਂ ਕੇਂਦਰੀ ਖੇਤਰ ਦੀ ਬਾਹਰੀ ਇਲਾਕਿਆਂ ਦੇ ਮੁਕਾਬਲੇ ਚੌਧਰ ਅਤੇ ਸ਼ਾਸਕ ਵਰਗ ਵਿਚ ਇਕ ਤਕੜੇ ਜੱਟ-ਖਤਰੀ ਗਠਨ ਦੀ ਹੋਂਦ ਨੂੰ ਵੇਖ ਸਕਦੇ ਹਾਂ।

ਹੇਠਲੇ ਪਧਰ ਤੇ, ਇਕ ਵਧੇਰੇ ਉਘੜਵਾਂ ਸੰਤੁਲਣ ਸੀ। ਸਿੱਖ ਅਤੇ ਹਿੰਦੂ 'ਅਦਾਲਤੀ', ਕਾਜ਼ੀਆਂ ਦੀ ਥਾਂ ਨਹੀਂ ਸਨ ਲੈ ਸਕੇ। ਕਿਲੇਦਾਰਾਂ (ਕੁਮੇਦਾਨਾਂ), 'ਕਾਰਦਾਰਾਂ', ਕਾਨੂੰਨਗੋਆਂ ਦੇ ਅਹੁਦਿਆਂ ਤੇ ਮੁਸਲਮਾਨ ਅਤੇ ਹਿੰਦੂ, ਮੁਕਾਬਲਤਨ ਵਧੇਰੇ ਗਿਣਤੀ ਵਿਚ ਸਨ। ਇਹ ਗਲ ਸਹਿਜੇ ਹੀ ਸਮਝ ਵਿਚ ਆਉਂਦੀ ਹੈ ਕਿ 'ਚੌਧਰੀ' ਅਤੇ 'ਮੁਕੱਦਮ' ਦੇ ਤੌਰ ਤੇ ਕੰਮ ਕਰਨ ਵਾਲੇ ਮੁਸਲਮਾਨਾਂ ਦੀ ਗਿਣਤੀ, ਉਨ੍ਹਾਂ ਦੀ ਆਬਾਦੀ ਦੇ ਹਿਸਾਬ ਠੀਕ ਅਨੁਪਾਤ ਵਿਚ ਸੀ। ਸਿਰਫ ਰਾਜਨੀਤਕ ਤੌਰ ਤੇ ਹਾਵੀ ਕਬੀਲਿਆਂ ਦੇ ਤਾਕਤਵਰ ਆਗੂਆਂ ਨੂੰ ਸੱਤਾ ਤੋਂ ਹਟਾ ਦਿਤਾ ਗਿਆ ਸੀ ਅਤੇ ਉਨ੍ਹਾਂ ਨੂੰ

ਮਿਲਦੀਆਂ ਆਰਥਕ ਸਹੂਲਤਾਂ ਨੂੰ ਸਹਿਜੇ ਸਹਿਜੇ ਤਿਆਗਣ ਤੇ ਮਜਬੂਰ ਕਰ ਦਿਤਾ ਗਿਆ ਸੀ। ਉਨ੍ਹਾਂ ਦੀ ਹਾਲਤ ਉਨ੍ਹਾਂ ਹਟਾਏ ਗਏ ਸਿੱਖ ਸ਼ਾਸਕਾਂ (ਹੁਕਮਰਾਨਾਂ) ਵਰਗੀ ਹੀ ਸੀ, ਜਿਨ੍ਹਾਂ ਨੂੰ ਗੁਜ਼ਾਰੇ ਲਈ ਦਿਤੀਆਂ ਜਾਗੀਰਾਂ ਨੂੰ ਸਮੇਂ ਨਾਲ ਨਿਰੰਤਰ ਘਟਾਇਆ ਜਾਂਦਾ ਰਿਹਾ। ਮੁਸਲਮ 'ਚਹਾਰਮੀ', ਅਤੇ ਸਿੱਖ 'ਪੱਤੀਦਾਰ' ਵੀ ਆਖਰਕਾਰ ਗੁਜ਼ਾਰਾ-ਭੱਤਾ ਲੈਣ ਵਾਲੇ 'ਜਾਗੀਰਦਾਰ' ਹੀ ਬਣ ਕੇ ਰਹਿ ਗਏ।

ਰਣਜੀਤ ਸਿੰਘ ਦੀਆਂ ਜ਼ਰਾਇਤੀ-ਨੀਤੀਆਂ ਅਸਲ ਕਾਸ਼ਤਕਾਰ ਦੇ ਹੱਕ ਵਿਚ ਸਨ। ਸਿੱਟੇ ਵਜੋਂ, ਬਹੁਤ ਸਾਰੇ ਭੂਪਤੀ (ਜ਼ਿਮੀਂਦਾਰ), ਜ਼ਮੀਨ ਉਪਰ ਸਿਧੇ ਨਿਯੰਤਰਣ (ਕੰਟਰੋਲ) ਤੋਂ ਬਿਨਾ ਇਕ 'ਤਾਅੱਲੁਕਦਾਰ' ਬਣ ਗਏ; ਅਤੇ ਬਹੁਤ ਸਾਰੇ ਅਜਿਹੇ ਤਾਅੱਲੁਕਦਾਰ ਆਪਣੀ ਤਾਅੱਲੁਕਦਾਰੀ ਆਮਦਨ ਲੈਣ ਦਾ ਹੱਕ ਵੀ ਗਵਾ ਬੈਠੇ। ਪਹਿਲਾਂ ਮੁਜ਼ਾਰਾ ਰਹਿ ਚੁਕੇ ਕੁਝ ਬੰਦੇ ਜ਼ਮੀਨਾਂ ਦੇ ਮਾਲਕ ਬਣ ਗਏ। ਕੁਝ ਆਜੜੀ ਕਾਸ਼ਤਕਾਰ ਬਣ ਗਏ। ਕੁਝ ਸ਼ਿਲਪੀ ਅਤੇ ਕਾਰੀਗਰ ਅਤੇ ਹੋਰ ਸੇਵਾ-ਕਰਮੀ (ਕੰਮੀ) ਛੋਟੇ ਛੋਟੇ ਟੋਟਿਆਂ ਦੇ ਮਾਲਕ ਹੋ ਗਏ। ਖਤਰੀਆਂ ਅਤੇ ਅਰੋੜਿਆਂ, ਬਾਣੀਆਂ ਅਤੇ ਭਾਬੜਿਆਂ, ਖੋਜਿਆਂ ਅਤੇ ਪਰਾਚਿਆਂ ਨੇ, ਜਿਨ੍ਹਾਂ ਨੇ ਵਪਾਰ ਵਿਚ ਜਾਂ ਸਰਕਾਰੀ ਨੌਕਰੀ ਵਿਚ ਪੈਸਾ ਕਮਾਇਆ ਸੀ, ਆਪਣੀ ਕੁਝ ਬਚਤ-ਪੂੰਜੀ ਜ਼ਮੀਨਾਂ ਵਿਚ, ਖਾਸਕਰ ਸ਼ਹਿਰਾਂ ਅਤੇ ਕਸਬਿਆਂ ਦੇ ਬਾਹਰਲੇ ਇਲਾਕਿਆਂ ਵਿਚਲੀਆਂ ਜ਼ਮੀਨਾਂ ਵਿਚ ਲਾ ਦਿੱਤੀ।

ਰਾਜਕੀ ਸਰਪ੍ਰਸਤੀ ਵੀ ਕਿਸੇ ਹਦ ਤੀਕਰ ਸਮਾਜਕ ਪਰਿਵਰਤਣ ਲਈ ਜ਼ਿੰਮੇਵਾਰ ਸਾਬਤ ਹੋਈ। ਮੁਗਲ ਹੁਕਮਰਾਨਾਂ ਦੁਆਰਾ ਮੁਸਲਮਾਂ ਅਤੇ ਗੈਰ-ਮੁਸਲਮਾਂ ਨੂੰ ਦਿਤੀਆਂ ਜਾਣ ਵਾਲੀਆਂ ਕਰ-ਮੁਕਤ ਗਰਾਂਟਾਂ (ਅਨੁਦਾਨ) ਨੂੰ ਪ੍ਰਾਰੰਭਕ ਸਿਖ ਹੁਕਮਰਾਨਾਂ ਨੇ ਪੱਕਿਆਂ ਕਰ ਦਿਤਾ ਸੀ, ਅਤੇ ਰਣਜੀਤ ਸਿੰਘ ਨੇ ਵੀ ਪੁਰਾਣੀਆਂ ਗਰਾਂਟਾਂ ਨੂੰ ਪੱਕਿਆਂ ਕਰਨ ਦੀ ਨੀਤੀ ਦੀ ਪਾਲਨਾ ਕਰਨੀ ਜਾਰੀ ਰਖੀ। ਪਰ ਉਸ ਨੇ ਆਪਣੀ ਤਰਫੋਂ ਸ਼ੇਖਾਂ ਅਤੇ ਸਯੱਦਾਂ, ਜੋਗੀਆਂ ਅਤੇ ਬੈਰਾਗੀਆਂ, ਸਾਧਾਂ ਅਤੇ ਸੰਤਾਂ ਨੂੰ ਨਵੀਆਂ ਗਰਾਂਟਾਂ ਵੀ ਪ੍ਰਦਾਨ ਕੀਤੀਆਂ। ਐਪਰ, ਏਦਾਂ ਜਾਪਦੈ, ਜਿਵੇਂ ਵੈਸ਼ਨਵ ਸੰਸਥਾਵਾਂ (ਮੱਠਾਂ) ਨੂੰ ਜੋਗੀਆਂ ਦੇ ਮੱਠਾਂ ਤੋਂ ਵਧ ਸਰਪ੍ਰਸਤੀ ਹਾਸਲ ਹੋਈ ਅਤੇ ਉਦਾਸੀਆਂ ਨੂੰ ਇਨ੍ਹਾਂ ਦੋਹਾਂ ਤੋਂ ਵੀ ਵਧ। ਉਦਾਸੀਆਂ ਨੂੰ ਮਿਲਣ ਵਾਲੀਆਂ ਗਰਾਂਟਾਂ ਦੀ ਰਕਮ ਸਮਾਂ ਪਾ ਕੇ ਦੋ ਲੱਖ ਰੁਪਏ ਸਾਲਾਨਾ ਹੋ ਗਈ। ਸੋਢੀਆਂ ਅਤੇ ਬੇਦੀਆਂ ਨੂੰ ਮਿਲਾ ਕੇ ਇਨ੍ਹਾਂ ਤੋਂ ਚਾਰ-ਗੁਣਾਂ ਵਧ ਗਰਾਂਟਾਂ ਮਿਲੀਆਂ। ਅਸਲ ਵਿਚ, ਤਰੇਹਨ ਅਤੇ ਭੱਲੇ ਅਤੇ ਇਨ੍ਹਾਂ ਦੇ ਨਾਲ ਬੇਦੀ ਅਤੇ ਸੋਢੀ ਨਾ ਸਿਰਫ ਸਿੱਖ ਗੁਰੂਆਂ ਨਾਲ ਸੰਬੰਧਤ ਹੋਣ ਕਾਰਨ, ਸਗੋਂ ਭਰਪੂਰ ਸਰਪ੍ਰਸਤੀ ਮਿਲਣ ਕਾਰਨ ਖਤਰੀਆਂ ਦੀਆਂ ਜ਼ਾਤਾਂ ਵਿਚੋਂ ਸਭ ਤੋਂ ਵਧ ਸਨਮਾਨਯੋਗ ਮੰਨੇ ਜਾਂਦੇ ਸਨ। ਮਹੱਤਵਪੂਰਨ ਗੁਰਦਵਾਰਿਆਂ ਦੀ ਸਾਂਭ-ਸੰਭਾਲ ਕਰਨ ਵਾਲੇ 'ਭਾਈਆਂ' ਅਤੇ 'ਗਰੰਥੀਆਂ' ਨੂੰ ਮਾਲੀਆ-ਮੁਕਤ ਗਰਾਂਟਾਂ ਧਰਮਾਰਥ ਦਿਤੀਆਂ ਗਈਆਂ। ਮੁਕਦੀ ਗਲ, ਸਿੱਖਾਂ ਨੂੰ ਇਨ੍ਹਾਂ ਮਾਲੀਆ-ਮੁਕਤ ਗਰਾਟਾਂ ਦਾ ਅਧੇ ਤੋਂ ਵਧ ਹਿੱਸਾ ਪ੍ਰਾਪਤ ਹੋਇਆ। ਏਦਾਂ ਉਨ੍ਹਾਂ ਦਾ ਦਰਜਾ (ਸਥਿਤੀ) ਇਕ ਢੰਗ ਨਾਲ ਸ਼ਾਸਕ ਵਰਗ ਦੇ ਸਿੱਖਾਂ ਦੇ ਬਰਾਬਰ ਸੀ। ਇਸ ਵਿਚ ਭੋਰਾ ਵੀ ਸ਼ਕ ਦੀ ਗੁੰਜਾਇਸ਼ ਨਹੀਂ ਕਿ ਸਿੱਖ ਸੰਸਥਾਵਾਂ (ਅਦਾਰਿਆਂ) ਅਤੇ ਵਿਅਕਤੀਆਂ ਨੂੰ ਰਾਜਕੀ ਸਰਪ੍ਰਸਤੀ ਤੋਂ ਸਭ ਤੋਂ ਵਧ ਲਾਭ ਪ੍ਰਾਪਤ ਹੋਇਆ। ਵਰਨਣਯੋਗ ਗਲ ਇਹ ਹੈ ਕਿ ਰਣਜੀਤ ਸਿੰਘ ਦੇ ਚਿਤਰਕਾਰਾਂ

ਦੇ ਸਰਪ੍ਰਸਤ ਦੇ ਰੂਪ ਵਿਚ ਸਾਹਵੇਂ ਆਉਣ ਤੋਂ ਪਹਿਲਾਂ ਹੀ ਸਿੱਖ ਸਰਦਾਰ (ਹੁਕਮਰਾਨ) ਉਨ੍ਹਾਂ ਨੂੰ ਸਰਪ੍ਰਸਤੀ ਦਿੰਦੇ ਆ ਰਹੇ ਸਨ।

ਪ੍ਰਾਰੰਭਕ 19ਵੀਂ ਸਦੀ ਵਿਚਲੀਆਂ ਬੌਧਿਕ ਰੁਚੀਆਂ (ਪ੍ਰਵਿਰਤੀਆਂ), ਸਮਾਜਕ ਰੁਝਾਨਾਂ (ਮਨੋਬਿਰਤੀਆਂ) ਅਤੇ ਸੌਂਦਰਯਬੋਧੀ ਅਭਿਵਿਅਕਤੀਆਂ (ਪੇਸ਼ਕਾਰੀਆਂ) ਨੂੰ ਸਮਾਜਕ ਪਰੀਵਰਤਣ ਅਤੇ ਸਮਾਜਕ ਢਾਂਚੇ ਦੇ ਸੰਦਰਭ ਵਿਚ ਹੀ ਵੇਖਿਆ ਜਾਣਾ ਚਾਹੀਦਾ ਹੈ। ਰਣਜੀਤ ਸਿੰਘ ਦੇ ਸਮਕਾਲੀਆਂ ਦੀਆਂ ਦਿਲਚਸਪੀਆਂ ਦੇ ਘੇਰੇ ਵਿਚ ਨਿਆਂ-ਸ਼ਾਸਤਰ, ਫਲਸਫਾ (ਦਰਸ਼ਨ), ਗਣਿਤ, ਇਤਿਹਾਸ, ਕਵਿਤਾ, ਲੇਖਨ (ਸਾਹਿਤ ਰਚਨਾ), ਖੁਸ਼ਨਵੀਸੀ (ਸੁਲੇਖਨ) ਅਤੇ ਹਿਕਮਤ (ਔਸ਼ਧੀ ਵਿਗਿਆਨ) ਆਏ। ਇਨ੍ਹਾਂ ਬਹੁਤ ਸਾਰੇ ਵਿਗਿਆਨਾਂ ਅਤੇ ਗਿਆਨ ਦੀਆਂ ਸ਼ਾਖਾਂ ਵਿਚ ਕੋਈ ਮੌਲਿਕ ਗੁਣਾਤਮਕ ਕਿਰਤ ਸਾਹਮਣੇ ਨਹੀਂ ਆਈ, ਅਰਥਾਤ, ਕੋਈ ਮੌਲਿਕ ਸ੍ਰੇਸ਼ਟ ਰਚਨਾ ਨਹੀਂ ਰਚੀ ਗਈ। ਅਰਥਚਾਰੇ (ਅਰਥ-ਨੀਤੀ) ਜਾਂ ਸਮਾਜ ਦਾ ਕੋਈ ਸਿਧਾਂਤ ਨਹੀਂ ਸੀ, ਭਾਵ, ਅਜਿਹੇ ਕਿਸੇ ਸਿਧਾਂਤ ਦੀ ਅਣਹੋਂਦ ਸੀ। ਰਾਜਨੀਤੀ ਦੇ ਇਕੋ ਇਕ ਉਘੇ ਲੇਖਕ ਨੇ ਬਾਦਸ਼ਾਹਾਂ ਅਤੇ ਦਰਬਾਰੀਆਂ ਵਾਸਤੇ ਇਕ ਫਾਰਸੀ ਕਲਾਸਕ 'ਤੇ 'ਆਧਾਰਤ' ਇਕ ਰਚਨਾ ਪੇਸ਼ ਕੀਤੀ, ਜਿਸ ਵਿਚ ਜੱਟਾਂ ਸਮੇਤ, ਆਮ ਲੋਕਾਂ (ਜੰਤਾ) ਨੂੰ ਘਿਰਣਾ ਦੀ ਨਜ਼ਰ ਨਾਲ ਨਕਾਰਿਆ ਗਿਆ ਸੀ। ਹਿੰਦੂਆਂ ਅਤੇ ਮੁਸਲਮਾਨਾਂ ਦੇ ਧਾਰਮਕ ਸਾਹਿਤ ਵਿਚ, ਨਵੇਂ ਵਿਚਾਰਾਂ ਦੀ ਪੇਸ਼ਕਾਰੀ ਦੀ ਥਾਂ ਪਰੰਪਰਾ ਦੀ ਨਿਰੰਤਰਤਾ ਹੀ ਵਿਦਮਾਨ ਸੀ।

ਇਹੋ ਗਲ ਸਿੱਖਾਂ ਦੇ ਧਾਰਮਕ ਅਤੇ ਅਰਧ-ਧਾਰਮਕ ਸਾਹਿਤ ਬਾਰੇ ਵੀ ਸੱਚ ਹੈ। ਗੁਰਬਾਣੀ ਦੀ ਵਿਆਖਿਆ ਉਦਾਸੀਆਂ ਦਾ ਮੁਖ ਸਰੋਕਾਰ ਸੀ। ਉਨ੍ਹਾਂ ਨੇ ਗੁਰੂ ਨਾਨਕ ਪ੍ਰਤੀ ਪੂਰੀ ਸ਼ਰਧਾ ਤੇ ਆਸਥਾ ਪ੍ਰਗਟ ਕਤਿੀ, ਪਰ ਉਹ ਅਜਿਹਾ 'ਗਿਆਨ' ਪੇਸ਼ ਕਰਦੇ, ਵਖਾਣਦੇ ਰਹੇ ਜੋ ਸਿੱਖ ਹੋਣ ਨਾਲੋਂ ਵੇਦਾਂਤਕ ਵਧੇਰੇ ਸੀ। ਸਿੱਖ ਲੇਖਕ ਆਮ ਤੌਰ 'ਤੇ ਗੁਰੂ-ਗ੍ਰੰਥ ਦੀ ਸਿਖਿਆ (ਮਤ, ਸਿਧਾਂਤ) 'ਤੇ ਜ਼ੋਰ ਦਿੰਦੇ ਰਹੇ। ਇਹ ਸੀਮਿਤ ਸਮਾਨਤਾਵਾਦ (ਸਾਂਝੀਵਾਲਤਾ) ਦਾ, ਸਪਸ਼ਟ ਤੌਰ ਤੇ ਦਰਜਾਬੰਦ ਸਿੱਖ ਸਮਾਜਕ ਗਠਨ ਨਾਲ, ਸੁਮੇਲ ਸੀ। ਗੁਰੂ-ਗ੍ਰੰਥ ਦਾ ਵਿਚਾਰ ਪ੍ਰਚਲੱਤ ਤਾਂ ਸੀ, ਪਰ ਓਨਾ ਮਹੱਤਵਪੂਰਨ ਨਹੀਂ ਸੀ।

ਧਰਮ ਨਿਰਪੇਖ ਪੰਜਾਬੀ ਸਾਹਿਤ ਵਿਚ, ਪ੍ਰਥਮ ਮੁਖ ਵਿਸ਼ੇਸ਼ਤਾ ਇਸ ਦਾ ਵਡ-ਆਕਾਰ ਹੈ। ਦੂਜੇ, ਲੇਖਕ ਤਿੰਨਾਂ ਧਰਮਾਂ 'ਚੋਂ ਸਨ ਅਤੇ ਲਗਭਗ ਸਾਰੇ ਹੀ ਕੇਂਦਰੀ (ਮੁਖ) ਇਲਾਕੇ 'ਚੋਂ ਸਨ। ਇਸ ਸਾਹਿਤ ਦਾ ਕਾਫੀ ਹਿੱਸਾ ਮਹਾਰਾਜੇ ਅਤੇ ਸ਼ਾਸਕ ਵਰਗ ਤੋਂ ਇਨਾਮ ਹਾਸਲ ਕਰਨ ਦੀ ਆਸ ਨਾਲ ਲਿਖਿਆ ਗਿਆ ਸੀ। ਸਪਸ਼ਟ ਹੈ ਕਿ ਮੁਗਲਾਂ ਦੇ ਉਲਟ, ਪੰਜਾਬ ਦੇ ਨਵੇਂ ਸ਼ਾਸਕ ਵਰਗ (ਹੁਕਮਰਾਨ ਤਬਕੇ) ਦੀ ਪੰਜਾਬੀ ਸਾਹਿਤ ਵਿਚ ਦਿਲਚਸਪੀ (ਰੁਚੀ) ਸੀ। ਪ੍ਰਾਰੰਭਕ 19ਵੀਂ ਸਦੀ ਦੇ ਲੇਖਕਾਂ ਲਈ ਇਹ ਸਥਿਤੀ ਕਿਸੇ ਹਦ ਤੀਕਰ ਵਿਸ਼ੇ ਦੀ ਚੋਣ ਕਰਨ ਅਤੇ ਉਸ ਦੇ ਨਿਰੂਪਣ ਵਿਚ ਨਿਰਣਾਇਕ ਰੋਲ ਅਦਾ ਕਰਦੀ ਸੀ। ਮਿਸਾਲ ਦੇ ਤੌਰ ਤੇ, 'ਸਾਵਣਯਾਰ' ਨੇ 'ਸਿਹਰਫੀ ਸਰਕਾਰ ਕੀ' ਵਿਚ ਅਧਿਰਾਜ (ਸਮਰਾਟ) ਦੀ ਸਿਆਣਪ, ਸ਼ਕਤੀ, ਇੰਨਸਾਫ-ਪਸੰਦੀ ਅਤੇ ਸਰਪ੍ਰਸਤੀ ਨੂੰ ਜ਼ੋਰਦਾਰ ਸ਼ਬਦਾਂ ਵਿਚ ਬਿਆਨਦੇ ਹੋਏ, ਰਣਜੀਤ ਸਿੰਘ ਦੇ ਸ਼ਾਸਨ ਦੀ ਉਸਤਤ ਕੀਤੀ ਹੈ।

ਅਹਿਮਦ ਯਾਰ, ਪੰਜਾਬ ਵਿਚ 'ਸ਼ਾਹਨਾਮਾ ਰਣਜੀਤ ਸਿੰਘ' ਲਿਖਣਾ ਚਾਹੁੰਦਾ ਸੀ, ਪਰ ਉਸ ਨੇ ਛੇਕੜ ਉਹ ਫਾਰਸੀ ਵਿਚ ਹੀ ਲਿਖਿਆ। ਕਵੀ ਪੂਰਨ ਸਿੰਘ ਨੇ ਰਣਜੀਤ ਸਿੰਘ ਦੀਆਂ ਫੌਜੀ ਜਿੱਤਾਂ ਨੂੰ ਵਡਿਆਇਆ; ਜਾਫਰ ਬੇਗ ਨੇ ਉਸ ਦੇ ਦੇਹਾਂਤ 'ਤੇ ਇਕ 'ਸਿਹਰਫੀ' ਲਿਖੀ। ਹਾਕਮ ਸਿੰਘ ਦਰਵੇਸ਼ ਨੇ ਹਰੀ ਸਿੰਘ ਨਲਵੇ 'ਤੇ ਇਕ 'ਸਿਹਰਫੀ' ਲਿਖੀ।

ਪੰਜਾਬੀ ਦੀਆਂ ਸਮੁੱਚੀਆਂ ਸਾਹਿਤਕ ਰਚਨਾਵਾਂ, ਹੁਕਮਰਾਨਾਂ (ਸ਼ਾਸਕਾਂ) ਅਤੇ ਸ਼ਾਸਕ ਵਰਗ ਦੇ ਮੈਂਬਰਾਂ ਲਈ ਨਹੀਂ ਸਨ ਲਿਖੀਆਂ ਗਈਆਂ। ਮਿਸਾਲ ਵਜੋਂ, ਕਾਦਰ ਯਾਰ ਨੇ ਆਪਣਾ 'ਮਿਅਰਾਜਨਾਮਾ', ਜਿਸ ਵਿਚ ਪੈਗੰਬਰ ਮੁਹੰਮਦ ਦੀ ਮਿਅਰਾਜ (ਆਕਾਸ਼-ਉਡਾਰੀ) ਦਾ ਜ਼ਿਕਰ ਕੀਤਾ ਗਿਆ ਸੀ, ਸਪਸ਼ਟ ਹੈ ਕਿ ਮੁਸਲਮ ਪਾਠਕਾਂ ਅਤੇ ਸਰੋਤਿਆਂ ਲਈ ਹੀ ਲਿਖਿਆ ਸੀ। ਉਸ ਦਾ 'ਕਿੱਸਾ ਸੋਹਣੀ ਮਹੀਂਵਾਲ' ਵੀ ਮੁਖ ਰੂਪ ਵਿਚ ਮੁਸਲਮ ਸਰੋਤਿਆਂ ਵਾਸਤੇ ਹੀ ਲਿਖਿਆ ਗਿਆ ਸੀ, ਪਰ ਉਸ ਦੇ ਵਿਸ਼ੇ ਦਾ ਪ੍ਰਭਾਵ ਕਿਤੇ ਵਧ ਵਿਆਪਕ ਸੀ। ਉਸ ਦਾ 'ਪੂਰਨ ਭਗਤ' ਵੀ ਵਿਆਪਕ ਸਰੋਤਿਆਂ/ਪਾਠਕਾਂ ਲਈ, ਖ਼ਾਸਕਰ ਹਿੰਦੂਆਂ ਵਾਸਤੇ ਹੀ, ਰਚਿਆ ਗਿਆ ਸੀ। ਉਸ ਦਾ 'ਰਾਜਾ ਰਸਾਲੂ' ਵੀ ਆਮ ਜੰਤਾ ਲਈ ਸੀ। ਪ੍ਰਾਰੰਭਕ 19ਵੀਂ ਸਦੀ ਵਿਚ, ਲੇਖਕ ਅਤੇ ਸਰੋਤਿਆਂ ਵਿਚਕਾਰ ਸੰਬੰਧ ਗੂੜ੍ਹੇ ਹੁੰਦੇ ਵਖਾਲੀ ਦਿੰਦੇ ਹਨ। ਕਾਦਰ ਯਾਰ ਨੇ ਹਰੀ ਸਿੰਘ ਨਲਵੇ 'ਤੇ ਵੀ ਇਕ 'ਸਿਹਰਫੀ' ਲਿਖੀ, ਜਿਸ ਵਿਚ ਉਹ ਆਪਣੇ ਆਪ ਨੂੰ ਅਫਗਾਨਾਂ ਵਿਰੁਧ, ਸਿੱਖਾਂ ਜਾਂ ਪੰਜਾਬੀ ਸ਼ਾਸਕ ਵਰਗ ਦੇ ਸਮਰੂਪ ਪੇਸ਼ ਕੀਤਾ ਹੈ। ਕਾਦਰ ਯਾਰ ਨੇ ਜਾਣ ਬੁਝ ਕੇ ਤਿੰਨਾਂ ਫਿਰਕਿਆਂ ਲਈ ਲਿਖਿਆ। ਇਸ ਨੂੰ ਇਕ ਬਿਹਤਰ ਪਰਸਪਰ ਸੂਝ, ਮੇਲ ਮਿਲਾਪ ਅਤੇ ਵਧ ਰਹੀ ਅੰਤਰ-ਸੰਪਰਦਾਇਕ ਇਕਜੁਟਤਾ ਦੇ ਲੱਛਣ (ਸੰਕੇਤ) ਵਜੋਂ ਵੀ ਲਿਆ ਜਾ ਸਕਦਾ ਹੈ। ਏਦਾਂ ਹੀ ਇਸ ਨੂੰ ਰਾਜਕੀ ਮਾਮਲਿਆਂ ਵਿਚ ਸਮੁੱਚੇ ਤਿੰਨਾਂ ਫਿਰਕਿਆਂ ਦੇ ਲੋਕਾਂ ਦੀ ਸਰਗਰਮ ਭਾਗੀਦਾਰੀ ਦਾ ਚਿੰਨ੍ਹ ਵੀ ਮੰਨਿਆ ਜਾ ਸਕਦਾ ਹੈ।

ਮੁਢਲੀ 19ਵੀਂ ਸਦੀ ਦੇ ਪੰਜਾਬੀ ਸਾਹਿਤ ਵਿਚ ਭੂਗੋਲ ਬਾਰੇ ਇਕ ਤੀਖਣ ਚੇਤਨਾ ਵਖਾਲੀ ਦਿੰਦੀ ਹੈ। ਇਸ ਸੁਚੇਤਨਾ ਨੂੰ ਰਣਜੀਤ ਸਿੰਘ ਦੇ ਅਧੀਨ ਫੈਲਰ ਰਹੇ ਰਾਜ-ਖੇਤਰ ਦੇ ਪਰਤੌ ਵਜੋਂ ਵੀ ਵੇਖਿਆ ਜਾ ਸਕਦਾ ਹੈ। ਪਾਤਰਾਂ ਦੁਆਰਾ ਜੋ ਕੁਝ ਅਸਲ ਵਿਚ ਕੀਤਾ ਜਾਂਦਾ ਹੈ, ਅਤੇ ਉਨ੍ਹਾਂ ਦੀ ਪੇਸ਼ਕਾਰੀ ਦੇ ਵੇਰਵਿਆਂ ਵਿਚ ਦਿਲਚਸਪੀ ਵੀ ਇਕ ਵਧੀ ਹੋਈ ਅਨੁਭਵ-ਸਿੱਧ ਸੂਝ ਦੀ ਲਖਾਇਕ ਹੈ। ਇਹ ਵਧੀ ਹੋਈ ਅਨੁਭਵ-ਸਿਧ ਸੂਝ (ਬੋਧ) ਮਹੱਤਵਪੂਰਨ ਢੰਗ ਨਾਲ ਉਸ ਜੁਗ ਦੇ ਇਤਿਹਾਸਕ ਸਾਹਿਤ ਵਿਚ ਪ੍ਰਤੀਬਿੰਬਤ ਹੋਇਆ ਹੈ। ਸੋਹਨ ਲਾਲ ਸੂਰੀ ਦੀ 'ਉਮਦਤ-ਉਤ ਤਵਾਰੀਖ਼' ਦੇ ਤੱਥਾਤਮਕ ਵਿਸਥਾਰਪੂਰਵਕ ਬਿਓਰੇ, ਉਸ ਨੂੰ ਫਾਰਸੀ ਦੀਆਂ ਪਹਿਲਾਂ ਲਿਖੀਆਂ ਗਈਆਂ ਕਿਰਤਾਂ ਤੋਂ ਵਖੇਰਿਆਉਂਦੇ ਹਨ। ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਉਸ ਦੀ ਇਹ ਲਿਖਤ (ਕਿਰਤ) ਇਕ ਕਿਸਮ ਦੀ 'ਡਾਇਰੀ' ਹੈ। ਪਰ ਇਸ ਤੋਂ ਇਹ ਗਲ ਸਗੋਂ ਪ੍ਰਮਾਣਤ ਹੀ ਹੋਏਗੀ। ਰਾਮ ਸੁਖ ਰਾਓ ਦੀਆਂ ਰਚਨਾਵਾਂ ਵਿਚ, ਜੋ ਉਸ ਨੇ ਫਤਿਹ ਸਿੰਘ ਆਹਲੂਵਾਲੀਆ ਦੀ ਸਰਪ੍ਰਸਤੀ ਅਧੀਨ ਗੁਰਮੁਖੀ ਵਿਚ ਲਿਖੀਆਂ, 'ਉਮਦਤ-ਉਤ ਤਵਾਰੀਖ਼' ਤੋਂ ਵੀ ਕਿਤੇ ਵਧ ਵਿਸਤ੍ਰਿਤ ਬਿਓਰੇ ਮਿਲਦੇ ਹਨ।

ਸੋਹਨ ਲਾਲ ਸੂਰੀ ਅਤੇ ਰਾਮ ਸੁਖ ਰਾਓ ਨੇ ਫਾਰਸੀ ਦੇ ਰੋਜ਼ਨਾਮਚਿਆਂ, ਅਰਥਾਤ, ਬਿਰਤਾਂਤਾਂ

ਦੀ ਪਰੰਪਰਾ ਵਿਚ ਲਿਖਿਆ ਹੈ। ਇਕ ਵਖਰੀ ਕਿਸਮ ਦੇ ਇਤਿਹਾਸ ਲਈ ਸਾਨੂੰ ਰਤਨ ਸਿੰਘ ਭੰਗੂ ਦੇ 'ਪੰਥ ਪ੍ਰਕਾਸ਼' ਵੱਨੀ ਮੂੰਹ ਕਰਨਾ ਪਏਗਾ। ਇਹ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿਛੋਂ ਲਿਖਿਆ ਗਿਆ ਸੀ, ਪਰ ਇਸ ਨੂੰ ਲਿਖਣ ਦਾ ਕਾਰਜ ਬਹੁਤ ਪਹਿਲਾਂ ਸ਼ੁਰੂ ਹੋ ਚੁੱਕਾ ਸੀ ਅਤੇ ਰਣਜੀਤ ਸਿੰਘ ਦੀ ਹਕੂਮਤ ਦੇ ਪਿਛੋਕੜ ਤੋਂ ਬਿਨਾਂ ਇਹ ਲਿਖਿਆ ਹੀ ਨਹੀਂ ਸੀ ਜਾ ਸਕਦਾ। ਰਤਨ ਸਿੰਘ ਭੰਗੂ ਲਈ ਰਣਜੀਤ ਸਿੰਘ, ਇਕ ਨਿਹੰਗ ਗੁਰਬਖ਼ਸ਼ ਸਿੰਘ ਦਾ ਅਵਤਾਰ ਸੀ, ਜਿਸ ਨੇ ਹਰਿਮੰਦਰ ਸਾਹਿਬ ਦੀ ਸੁਰੱਖਿਆ ਹਿਤ ਸ਼ਹੀਦੀ ਪ੍ਰਾਪਤ ਕੀਤੀ ਸੀ। ਉਸ ਦੀ ਬਾਦਸ਼ਾਹਤ (ਪ੍ਰਭੁਸੱਤਾ) ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਤੋਂ ਵਿਉਤਪੰਨ (ਹਾਸਲ) ਹੋਈ ਸੀ। ਇਸ ਲਈ ਇਸ ਪ੍ਰਭੂਸੱਤਾ ਸੰਪੰਨ-ਰਾਜ ਦੀ ਰਾਖੀ ਕਰਨੀ ਹਰੇਕ 'ਗੁਰੂ ਦੇ ਸਿੱਖ' ਦਾ ਫਰਜ਼ ਹੈ।

ਰਣਜੀਤ ਸਿੰਘ ਦੀ ਪ੍ਰਸੰਸਾ ਕਰਦੇ ਹੋਏ, ਚਾਰਲਜ਼ ਹਿਊਗਲ ਨੇ ਟਿਪਣੀ ਕੀਤੀ ਕਿ ਉਸ ਦੁਆਰਾ ਸਥਾਪਤ ਰਾਜ, 'ਸਮੁੱਚੀ ਦੁਨੀਆ ਵਿਚ ਸਭ ਤੋਂ ਸ਼ਾਨਦਾਰ' ਸੀ'; ਇਕ ਮਾਹਰ (ਤਾਕ) ਉਸਰਈਏ ਵਾਂਙ ਉਸ ਨੇ ਕਈ ਨਿਗੂਣੇ ਅਤੇ ਖਸਤਾ-ਹਾਲ ਟੋਟਿਆਂ ਤੋਂ ਇਕ 'ਆਲੀਸ਼ਾਨ ਇਮਾਰਤ' ਦੀ ਸਿਰਜਨਾ ਕੀਤੀ। ਸਚਮੁਚ ਹੀ, ਰਣਜੀਤ ਸਿੰਘ ਨੇ ਇਕ ਅਜਿਹੀ ਸੱਤਾ (ਸ਼ਕਤੀ) ਦਾ ਗਠਨ ਕੀਤਾ, ਜਿਸ ਨਾਲ ਲਗਭਗ ਸਭ ਜਣੇ ਉਸ ਦੀ ਅਧੀਨਗੀ ਕਬੂਲ ਕਰਨ ਲਈ ਮਜਬੂਰ ਹੋਏ ਅਤੇ ਉਸ ਦੀ ਪਰਜਾ ਨੂੰ ਉਸਦੀ ਪੁਰਜੋਸ਼ ਹਿਮਾਇਤ ਕਰਨ ਲਈ ਉਤਸ਼ਾਹ ਮਿਲਿਆ। ਆਰਥਕ ਖੇਤਰ ਵਿਚ ਉਸ ਨੇ ਖੁਸ਼ਹਾਲੀ ਲਿਆਂਦੀ ਅਤੇ ਦਮਨ-ਚਕਰਾਂ ਦਾ ਖ਼ਾਤਮਾ ਕੀਤਾ। 'ਜਿਉਂ ਦੀ ਤਿਉਂ' ਹਾਲਤ ਨੂੰ ਕਾਇਮ ਰਖਦੇ ਹੋਏ, ਸਮਾਜ ਦੇ ਵਿਭਿੰਨ ਵਰਗਾਂ ਦੇ ਬਹੁਤ ਸਾਰੇ ਮੈਂਬਰਾਂ ਲਈ ਉਸ ਨੇ ਉਪਰਗਾਮੀ ਸਮਾਜਕ ਗਤੀਸ਼ੀਲਤਾ ਦੇ ਅਵਸਰ ਪ੍ਰਦਾਨ ਕੀਤੇ। ਉਸ ਦੀਆਂ ਪ੍ਰਾਪਤੀਆਂ ਬਿਨਾ ਸ਼ਕ ਮਹਾਨ ਸਨ; ਉਹ ਸ਼ਾਇਦ ਦੇਸ਼ ਦੇ ਜਾਣੇ-ਪਛਾਣੇ ਕਿਸੇ ਵੀ ਹੁਕਮਰਾਨ (ਸ਼ਾਸਕ) ਨਾਲੋਂ ਵਧੇਰੇ ਤਾਕਤਵਰ ਸੀ। ਪਰ ਉਹ ਇਤਿਹਾਸਕ ਸਥਿਤੀ ਜਿਸ ਵਿਚ ਉਹ ਵਿਚਰਿਆ, ਵਧੇਰੇ ਸ਼ਕਤੀਸ਼ਾਲੀ (ਪ੍ਰਬਲ) ਸਾਬਤ ਹੋਈ।

ਉਹ 'ਆਲੀਸ਼ਾਨ ਇਮਾਰਤ' (ਰੂਪਾਕਾਰ), ਉਸ ਦੀ ਮੌਤ ਦੇ ਦਸ ਵਰ੍ਹਿਆਂ ਅੰਦਰ ਹੀ ਛਹਿ-ਢੇਰੀ ਹੋ ਗਈ। ਉਸ ਦੇ ਇਤਿਹਾਸਕਾਰਾਂ ਨੇ ਇਸ ਪਤਨ ਦੀ ਵਿਆਖਿਆ ਵਿਅਕਤੀਗਤ, ਕੂਟਨੀਤਕ, ਰਾਜਨੀਤਕ ਅਤੇ ਸੈਨਿਕ ਦ੍ਰਿਸ਼ਟੀ ਤੋਂ ਪੇਸ਼ ਕੀਤੀ ਹੈ, ਪਰ ਸਮਾਜ-ਆਰਥਕ ਢਾਂਚੇ ਅਤੇ ਸੱਤਾ-ਗਠਨ ਦੇ ਆਧਾਰ 'ਤੇ ਇਸ ਨੂੰ ਸਮਝਣ ਦੇ ਜਤਨ ਨਹੀਂ ਹੋਏ। ਰਣਜੀਤ ਸਿੰਘ ਨੇ ਸਮਾਜ-ਰਾਜਨੀਤਕ ਅਤੇ ਸਮਾਜ-ਆਰਥਕ ਵਿਵਸਥਾ (ਗਠਨ) ਨੂੰ ਉਤਸ਼ਾਹਜਨਕ ਸਜੀਵ ਜੀਵਨ ਵਿਚ ਲੈ ਆਂਦਾ ਸੀ, ਜੋ ਕਿ ਮੂਲ ਰੂਪ ਵਿਚ 'ਫਿਊਡਲ' (ਜਾਗੀਰੂ, ਸਾਮੰਤੀ) ਸੀ। ਸਰੋਤਾਂ ਅਤੇ ਗਿਆਨ ਦੀ ਦ੍ਰਿਸ਼ਟੀ ਤੋਂ ਬਹੁਤ ਤਾਕਤਵਰ, ਨਵੀਂ ਤਕਨਾਲੋਜੀ, ਇੰਡਸਟਰੀ (ਉਦਯੋਗ) ਅਤੇ ਵਣਜ-ਵਪਾਰ ਦੀ ਬੁਨਿਆਦ 'ਤੇ ਉਸਰੇ ਇਕ ਵਡੇ ਧੱਕੜ ਸਾਮਰਾਜ ਸਾਹਵੇਂ, ਰਣਜੀਤ ਸਿੰਘ ਦੁਆਰਾ ਸਿਰਜੀ ਸਲਤਨਤ ਦੇ ਬਚੇ ਰਹਿਣ ਦੀ ਸੰਭਾਵਨਾ ਨਾਂ-ਮਾਤਰ ਹੀ ਸੀ।

ਫੇਰ ਵੀ, ਪ੍ਰਾਚੀਨ ਅਤੇ ਮੱਧ-ਕਾਲ ਦੇ ਸੰਦਰਭ ਵਿਚ, ਉਸ ਦਾ ਸ਼ਾਸਨ, ਪੰਜਾਬ ਦੇ ਇਤਿਹਾਸ ਦਾ ਸਭ ਤੋਂ ਸ਼ਾਨਦਾਰ ਜੁਗ ਸੀ। ਉਸ ਨੇ ਬਹੁ-ਗਿਣਤੀ ਲੋਕਾਂ ਵਿਚ ਪੰਜਾਬੀ ਚੇਤਨਾ ਨੂੰ

ਜਗਾਇਆ। ਇਹ ਚੇਤਨਾ, ਪ੍ਰਾਰੰਭਕ 19ਵੀਂ ਸਦੀ ਦੀ ਕਵਿਤਾ ਅਤੇ ਗਲਪ ਵਿਚ ਪ੍ਰਤੀਬਿੰਬਤ ਹੋਈ। ਇਸੇ ਹੀ ਸੰਦਰਭ ਵਿਚ ਅਸੀਂ ਸ਼ਾਹ ਮੁਹੰਮਦ ਦੀ ਵਾਰ ਦੀ ਸਲਾਹੁਤਾ ਕਰ ਸਕਦੇ ਹਾਂ, ਜਿਸ ਵਿਚ ਐਂਗਲੋ-ਸਿੱਖ ਜੁਧ ਨੂੰ 'ਜੰਗ ਹਿੰਦ ਪੰਜਾਬ' ਦਾ ਕਿਹਾ ਗਿਆ ਹੈ ਅਤੇ ਉਸ ਵਿਚ ਪੰਜਾਬ ਨੂੰ ਪੰਜਾਬੀਆਂ ਦੇ ਰਾਜ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸ਼ਾਹ ਮੁਹੰਮਦ ਵਿਚ 'ਸਿੱਖ ਕੌਮੀਅਤ', 'ਪੰਜਾਬੀ ਕੌਮੀਅਤ' ਦਾ ਰੂਪ ਅਖਤਿਆਰ ਕਰ ਲੈਂਦੀ ਹੈ। ਏਦਾਂ ਇਹ ਰਣਜੀਤ ਸਿੰਘ ਦੀਆਂ ਪ੍ਰਾਪਤੀਆਂ ਸੰਬੰਧੀ ਸਭ ਤੋਂ ਵਧ ਪ੍ਰਭਾਵਸ਼ਾਲੀ ਟਿਪਣੀ ਬਣ ਨਿਬੜਦੀ ਹੈ।

# ਪੁਸਤਕ-ਸੂਚੀ

## (ਬਿਬਲਿਔਗ੍ਰਫ਼ਿ)

## ਸਮਕਾਲੀ ਸਰੋਤ


### 1. ਫ਼ਾਰਸੀ

1. ਅਹਿਮਦ ਸ਼ਾਹ, *ਤਾਰੀਖ਼-ਏ-ਹਿੰਦ* (ਖਰੜਾ) ਐਸ.ਐਚ. ਆਰ, 1291, ਖ਼ਾਲਸਾ ਕਾਲਜ, ਅੰਮ੍ਰਿਤਸਰ.
2. ਅਹਿਮਦ ਯਾਰ, *ਸ਼ਾਹਨਾਮਾ-ਏ-ਮਹਾਰਾਜਾ ਰਣਜੀਤ ਸਿੰਘ* (ਸੰਪਾ. : ਗੰਡਾ ਸਿੰਘ), ਸਿਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 1951.
3. ਅਮਰ ਨਾਥ, ਦੀਵਾਨ, *ਜ਼ਫ਼ਰਨਾਮਾ-ਏ-ਰਣਜੀਤ ਸਿੰਘ* (ਸੰਪਾ. ਸੀਤਾ ਰਾਮ ਕੋਹਲੀ), ਪੰਜਾਬ ਯੂਨੀਵਰਸਿਟੀ, ਲਾਹੌਰ, 1928.
4. ਅਲੀਉਦੀਨ, ਮੁਫ਼ਤੀ, *ਇਬਰਤਨਾਮਾ* (ਖਰੜਾ) ਐਸ.ਐਚ. ਆਰ 1277, ਖ਼ਾਲਸਾ ਕਾਲਜ, ਅੰਮ੍ਰਿਤਸਰ.
5. ਸੂਰੀ, ਸੋਹਣ ਲਾਲ, *ਉਮਦਤ-ਉਤ-ਤਵਾਰੀਖ਼*, ਦਫ਼ਤਰ I-V, ਨਿਊ ਇਮਪੀਰੀਅਲ ਪ੍ਰੈਸ, ਲਾਹੌਰ, 1887-89.
6. ਖ਼ਾਲਸਾ ਦਰਬਾਰ ਰਿਕਾਰਡਜ਼, ਪੰਜਾਬ ਸਟੇਟ ਆਰਕਾਈਵਜ਼, ਸੈਕਟਰ 38, ਚੰਡੀਗੜ.
7. ਖ਼ੁਸ਼ਵਕਤ ਰਾਏ, *ਤਾਰੀਖ਼-ਏ-ਸਿੱਖਾਂ* (ਖਰੜਾ) ਐਸ. ਐਚ. ਆਰ. 1274, ਖ਼ਾਲਸਾ ਕਾਲਜ, ਅੰਮ੍ਰਿਤਸਰ.
8. ਗਣੇਸ਼ ਦਾਸ, *ਚਾਰ ਬਾਗ਼-ਏ-ਪੰਜਾਬ* (ਸੰਪਾ. ਕਿਰਪਾਲ ਸਿੰਘ), ਖ਼ਾਲਸਾ ਕਾਲਜ, ਅੰਮ੍ਰਿਤਸਰ, 1965.
9. ਬਖ਼ਤ ਮਲ, *ਖ਼ਾਲਸਾ ਨਾਮਾ* (ਖਰੜਾ) ਐਸ.ਐਚ. ਆਰ 1659, ਖ਼ਾਲਸਾ ਕਾਲਜ, ਅੰਮ੍ਰਿਤਸਰ.
10. ਬੂਟੇ ਸ਼ਾਹ, *ਤਾਰੀਖ਼-ਏ-ਪੰਜਾਬ* (ਖਰੜਾ) ਐਚ.ਐਚ. ਆਰ 1288, (ਦਫ਼ਤਰ I-IV) ਅਤੇ, ਐਸ. ਐਚ. ਆਰ 2289, (ਦਫ਼ਤਰ-V) ਖ਼ਾਲਸਾ ਕਾਲਜ, ਅੰਮ੍ਰਿਤਸਰ.

### 2. ਪੰਜਾਬੀ (ਮੌਲਿਕ ਅਤੇ ਅਨੁਵਾਦਿਤ)

1. ਅਮਰਵੰਤ ਸਿੰਘ (ਅਨੁ.) *ਉਮਦਤ-ਉਤ-ਤਵਾਰੀਖ਼*, ਦਫ਼ਤਰ II (ਸੰਪਾ. ਜੇ.ਐਸ.ਗਰੇਵਾਲ ਅਤੇ ਇੰਦੂ ਬਾਂਗਾ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1985.
2. —, *ਮੁਢਲੀ ਉਨ੍ਹੀਵੀਂ ਸਦੀ ਦਾ ਪੰਜਾਬ* (ਗਣੇਸ਼ ਦਾਸ ਦੀ *ਚਾਰ ਬਾਗ਼-ਏ-ਪੰਜਾਬ* ਦਾ ਇਕ ਹਿੱਸਾ, ਸੰਪਾ. ਜੇ. ਐਸ. ਗਰੇਵਾਲ ਅਤੇ ਇੰਦੂ ਬਾਂਗਾ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1985.
3. ਸਾਵਨ ਯਾਰ, *ਸੀ ਹਰਫ਼ੀ ਸਰਦਾਰ ਕੀ*, ਖਰੜਾ, ਐਮ.ਐਸ. 853, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ.
4. ਹਾਕਮ ਸਿੰਘ ਦਰਵੇਸ਼, *'ਸੀਹਰਫ਼ੀ ਜੰਗਨਾਮਾ ਹਰੀ ਸਿੰਘ ਕੀ'*, *ਪੰਜਾਬੀ ਦੁਨੀਆ*, ਜੂਨ 1951.
5. ਕਾਦਰ ਯਾਰ, *ਸੀ-ਹਰਫ਼ੀਆਂ ਸਰਦਾਰ ਹਰੀ ਸਿੰਘ ਨਲਵਾ*, ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1969 (ਦੂਜੀ ਛਾਪ—ਪ੍ਰਥਮ ਪ੍ਰਕਾਸ਼ਨ, 1925).
6. ਕਿਰਪਾਲ ਸਿੰਘ (ਅਨੁ.) *ਜ਼ਫ਼ਰਨਾਮਾ-ਏ-ਰਣਜੀਤ ਸਿੰਘ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983.
7. ਗਣੇਸ਼ ਦਾਸ (ਪਿੰਗਲ), *ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ*, (ਸੰਪਾ. ਸੀਤਾ ਰਾਮ ਕੋਹਲੀ), ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1970.

8. ਗਿਆਨੀ ਗਿਆਨ ਸਿੰਘ, *ਰਾਜ ਖਾਲਸਾ*, III, ਪੰਜਾਬੀ ਭਾਸ਼ਾ ਵਿਭਾਗ, ਪਟਿਆਲਾ, 1970 (ਦੂਸਰੀ ਛਾਪ).
9. —, *ਤਵਾਰੀਖ ਗੁਰੂ ਖਾਲਸਾ*, ਭਾਗ 2, ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1970, (ਦੂਸਰੀ ਛਾਪ - ਪ੍ਰਥਮ ਪ੍ਰਕਾਸ਼ਨ 1878).
10. ਗੁਰਬਖਸ਼ ਸਿੰਘ (ਅਨੁ.) *ਤਾਰੀਖ-ਏ-ਪੰਜਾਬ* (ਅਹਿਮਦ ਸ਼ਾਹ ਦੀ *ਤਾਰੀਖ-ਏ-ਹਿੰਦ* 'ਚੋਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.
11. ਜਾਫਰ ਬੇਗ, *'ਬੈਤਾਂ ਰਣਜੀਤ ਸਿੰਘ ਕੀਆਂ'*, *ਪੰਜਾਬੀ ਦੁਨੀਆ*, ਜੂਨ 1952.
12. ਪੀਰ ਮੁਹੰਮਦ, *ਚਠਿਆਂ ਦੀ ਵਾਰ* (ਸੰਪਾ. ਸੀਤਾ ਰਾਮ ਕੋਹਲੀ), ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1968.
13. ਰਾਓ, ਰਾਮ ਸੁਖ, *ਸ੍ਰੀ ਫਤਿਹ ਸਿੰਘ ਪਰਤਾਪ ਪ੍ਰਭਾਕਰ* (ਸੰਪਾ. ਜੋਗਿੰਦਰ ਕੌਰ), ਪਟਿਆਲਾ, 1980.

## 3. ਅੰਗ੍ਰੇਜ਼ੀ (ਮੌਲਿਕ ਅਤੇ ਅਨੁਵਾਦਿਤ)

1. ਆਰਲਿਚ, ਕੈਪਟਨ ਲਿਓਪੋਲਡ ਵੌਨ, *ਟਰੈਵਲਜ਼ ਇਨ ਇੰਡੀਆ, ਇਨਕਲੂਡਿੰਗ ਸਿੰਧ ਐਂਡ ਦੀ ਪੰਜਾਬ*, 2 ਜਿਲਦਾਂ, ਲੌਂਗਮੈਨਜ਼, ਲੰਡਨ, 1845.
2. ਐਡਨ, ਐਮਿਲੀ, *ਅਪ ਦਾ ਕੰਟਰੀ*, 2 ਜਿਲਦਾਂ, ਰਿਚਰਡ ਬੈਂਟਲੇ, ਲੰਡਨ, 1866 (ਤੀਜਾ ਐਡੀਸ਼ਨ).
3. ਔਸਬਰਨ, ਡਬਲੀਊ. ਜੀ., *ਦੀ ਕੋਰਟ ਐਂਡ ਕੈਂਪ ਆੱਫ ਰਣਜੀਤ ਸਿੰਘ, ਵਿਦ ਐਨ ਇੰਟਰੋਡਕਟਰੀ ਸਕੈਚ ਆੱਫ ਦੀ ਓਰਿਜਨ ਐਂਡ ਰਾਈਜ਼ ਆੱਫ ਦ ਸਿਖ ਸਟੇਟ*, ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1970 (ਦੂਜੀ ਛਾਪ - ਪ੍ਰਥਮ ਪ੍ਰਕਾਸ਼ਨ 1840).
4. ਸਚੋਨਬਰਗ, ਬੈਰੋਨ ਐਰਿਕ ਵੌਨ, *ਟਰੈਵਲਜ਼ ਇਨ ਇੰਡੀਆ ਐਂਡ ਕਸ਼ਮੀਰ*, 2 ਜਿਲਦਾਂ, ਹਯੂਰੈਸਟ ਐਂਡ ਬਲੈਕੈੱਟ, ਲੰਡਨ, 1853.
5. ਸੂਰੀ, ਵਿਦਿਆ ਸਾਗਰ (ਅਨੁ.) *ਉਮਦਤ ਉਤ-ਤਵਾਰੀਖ*, ਦਫਤਰ III, 1831-39, ਐਸ.ਚਾਂਦ ਐਂਡ ਕੰਪਨੀ, ਦਿਲੀ, 1961.
6. —, (ਅਨੁ.), *ਉਮਦਤ ਉਤ-ਤਵਾਰੀਖ*, ਦਫਤਰ IV, 1839-45, ਪੰਜਾਬ ਇਤਿਹਾਸ ਪ੍ਰਕਾਸ਼ਨ, ਚੰਡੀਗੜ੍ਹ, 1972.
7. ਸ਼ਹਿਮਤ ਅਲੀ, *ਦ ਸਿਖਸ ਐਂਡ ਅਫਗਾਨਜ਼ ਇਨ ਕੁਨੈਕਸ਼ਨ ਵਿਦ ਇੰਡੀਆ ਐਂਡ ਪਰਸ਼ੀਆ*, ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1970 (ਦੂਜੀ ਛਾਪ - ਪ੍ਰਥਮ ਪ੍ਰਕਾਸ਼ਨ 1847).
8. ਹਸਰਤ, ਬੀ.ਜੇ. (ਸੰਪਾ.), *ਦ ਪੰਜਾਬ ਪੇਪਰਜ਼ : ਸੀਲੈਕਸ਼ਨਜ਼ ਫਰੌਮ ਦੀ ਪਰਾਈਵੇਟ ਪੇਪਰਜ਼ ਆੱਫ ਲਾਰਡ ਆੱਕਲੈਂਡ, ਲਾਰਡ ਐਲਨਬਰੋ, ਵਾਈਕਾਊਂਟ ਹਾਰਡਿੰਗ, ਐਂਡ ਦਾ ਮਾਰਕਵਿਸ ਆਫ ਡਲਹੌਜ਼ੀ, 1836-1849 ਆਨ ਦਾ ਸਿਖਸ*, ਵਿਸ਼ਵੇਸ਼ਵਰਾ ਨੰਦ ਵੇਦਿਕ ਰੀਸਰਚ ਇਨਸਟੀਟਿਊਟ, ਹੁਸ਼ਿਆਰਪੁਰ, 1970.
9. ਹਾਰਲਾਨ, ਜੋਸੀਅਹ, *ਏ ਮੈਮੋਇਰ ਆੱਫ ਇੰਡੀਆ ਐਂਡ ਅਫਗਾਨਿਸਤਾਨ*, ਐਚ. ਬੌਸੈਂਜੇ, ਪੈਰਿਸ, 1842.
10. ਹਿਊਗਲ, ਚਾਰਲਜ਼ ਫਰੇਹੈਰੋਨ ਵੋਨ, ਬੈਰੋਨ ਚਾਰਲਜ਼, *ਟਰੈਵਲਜ਼ ਇਨ ਕੈਸ਼ਮਿਰ ਐਂਡ ਦਾ ਪੰਜਾਬ, ਕਨਟੇਨਿੰਗ ਏ ਪਾਰਟੀਕੂਲਰ ਅਕਾਊਂਟ ਆੱਫ ਦ ਗਵਰਨਮੈਂਟ ਐਂਡ ਕੈਰੈਕਟਰ ਆੱਫ ਦਾ ਸਿਖਸ*, (ਮੇਜਰ ਟੀ.ਬੀ. ਜਰਵਿਸ ਦਾ ਜਰਮਨ ਤੋਂ ਅਨੁਵਾਦ) ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1970, (ਦੂਸਰੀ ਛਾਪ - ਪ੍ਰਥਮ ਪ੍ਰਕਾਸ਼ਨ 1845).
11. ਹੌਨਿਗਬਰਗਰ, ਜੇ.ਐਮ., *ਥਰਟੀ-ਫਾਈਵ ਯੀਅਰਜ਼ ਇਨ ਦਾ ਈਸਟ ਐਂਡ ਹਿਸਟਾਰੀਕਲ ਸਕੈਚਿਜ਼ ਰੀਲੇਟਿੰਗ ਟੂ ਦਾ ਪੰਜਾਬ ਐਂਡ ਕੈਸ਼ਮੀਰ*, ਜਿਲਦ ਪਹਿਲੀ, ਲੰਡਨ/ਕਲਕਤਾ, 1852.
12. ਕ੍ਰਿਸ਼ਨ, ਇੰਦੂ (ਸੰਪਾ.), *ਐਨ ਇੰਟਰਪ੍ਰੈਟੇਸ਼ਨ ਆਫ ਦੀ ਕਾਰਸਪੌਨਡੈਂਸ ਆੱਫ ਸਰ ਜਾੱਰਜ ਰਸਲ ਕਲਾਰਕ*, 1831-43, ਗੁਲਾਬ ਚੰਦ ਕਪੂਰ ਐਂਡ ਸੰਜ਼, ਦਿਲੀ, 1952.
13. ਕੋਹਲੀ, ਸੀਤਾ ਰਾਮ (ਸੰਪਾ.), *ਕੈਟਾਲਾਗ ਆਫ ਖਾਲਸਾ ਦਰਬਾਰ ਰੀਕਾਰਡਜ਼*, 2 ਜਿਲਦਾਂ, ਲਾਹੌਰ, 1919 ਅਤੇ 1927.
14. ਗਰੇਵਾਲ, ਜੇ.ਐਸ., *ਇਨ ਦ ਬਾਈਲੈਨਜ਼ ਔਫ ਹਿਸਟਰੀ : ਸਮ ਪਰਸ਼ੀਅਨ ਡਾਕਯੂਮੈਂਟਸ ਫਰੌਮ ਏ ਪੰਜਾਬ ਟਾਊਨ*, ਇੰਡੀਅਨ ਇੰਨਸਟੀਟਿਊਟ ਆੱਫ ਐਡਵਾਂਸਡ ਸਟੱਡੀ, ਸ਼ਿਮਲਾ, 1975.

15. ਗਰੇਵਾਲ, ਜੇ.ਐਸ. ਅਤੇ ਇੰਦੂ ਬਾਂਗਾ (ਅਨੁ.), *ਸਿਵਲ ਐਂਡ ਮਿਲਟਰੀ ਅਫੇਅਰਜ਼ ਆੱਫ ਮਹਾਰਾਜਾ ਰਣਜੀਤ ਸਿੰਘ: ਏ ਸਟੱਡੀ ਆਫ 450 ਆੱਰਡਰਜ਼ ਇਨ ਪਰਸ਼ੀਅਨ* (ਸੀਤਾ ਰਾਮ ਕੋਹਲੀ ਸੰਗ੍ਰਹਿ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987.

16. ਗਰੇਵਾਲ, ਜੇ.ਐਸ. ਅਤੇ ਇੰਦੂ ਬਾਂਗਾ (ਅਨੁ.), *ਅਰਲੀ ਨਾਈਨਟੀਨਥ ਸੈਂਚੁਰੀ ਪੰਜਾਬ* (ਗਣੇਸ਼ ਦਾਸ ਦੀ ਚਾਰ ਬਾਗ-ਏ-ਪੰਜਾਬ ਤੇ ਆਧਾਰਤ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975.

17. ਗੈਰੈਂਟ, ਐਚ.ਐਲ.ਓ. ਅਤੇ ਚੋਪੜਾ, ਜੀ.ਐਲ. (ਅਨੁ.) *ਈਵੈਂਟਸ ਐਟ ਦਾ ਕੋਰਟ ਆੱਫ ਰਣਜੀਤ ਸਿੰਘ* (1810-1817), ਪੰਜਾਬ ਸਰਕਾਰ ਰਿਕਾਰਡ ਆੱਫਿਸ ਪ੍ਰਕਾਸ਼ਨ, ਮੋਨੋਗਰਾਫ ਨੰ. 17, ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1970, (ਦੂਜੀ ਛਾਪ).

18. ਗੋਸਵਾਮੀ, ਬੀ.ਐਨ. (ਅਨੁ.) *ਪੰਟਰਜ਼ ਐਟ ਦਾ ਸਿਖ ਕੋਰਟ : ਸਟੱਡੀ ਬੇਸਡ ਔਨ ਟਵੈਂਟੀ ਡਾਕੂਮੈਂਟਸ* (ਡਾਕੂਮੈਂਟਸ ਬੀਲੌਂਗਿੰਗ ਟੂ ਦਾ ਆਰਟਿਸਟ ਫੈਮਿਲੀ ਆੱਫ ਰਾਜੌਲ), ਫਰੈਂਜ਼ ਸਟੀਨਰ ਵਾਰਲੈਗ, ਵਾਇਸਬੇਡਨ, 1975.

19. ਗੋਸਵਾਮੀ, ਬੀ.ਐਨ. ਅਤੇ ਜੇ.ਐਸ. ਗਰੇਵਾਲ (ਅਨੁ.) *ਦਾ ਮੁਗਲ ਐਂਡ ਸਿਖ ਰੂਲਰਜ਼ ਐਂਡ ਦਾ ਵੈਸ਼ਨਵਾਜ਼ ਆੱਫ ਪਿੰਡੋਰੀ*, ਇੰਡੀਅਨ ਇੰਨਸਟੀਟਿਯੂਟ ਆੱਫ ਐਡਵਾਂਸਡ ਸਟੱਡੀ, ਸ਼ਿਮਲਾ, 1969.

20. ਜਾਕਮੋਂਟ, ਵਿਕਟਰ, *ਲੈਟਰਜ਼ ਫਰੌਮ ਇੰਡੀਆ : ਡਿਸਕ੍ਰਾਈਬਿੰਗ ਏ ਜਰਨੀ ਇਨ ਦਾ ਬ੍ਰਿਟਿਸ਼ ਡੋਮੀਨੀਅਨਸ ਆੱਫ ਇੰਡੀਆ, ਤਿਬਤ, ਲਾਹੌਰ ਐਂਡ ਕੈਸ਼ਮੀਰ ਡਿਊਰਿੰਗ ਦਾ ਯੀਅਰਜ਼ 1828, 1829, 1830, 1831, ਅੰਡਰ ਦਾ ਆਰਡਰ ਆੱਫ ਦੀ ਫਰੈਂਚ ਗਵਰਨਮੈਂਟ*, (ਫਰਾਂਸੀਸੀ ਤੋਂ ਅਨੁਵਾਦ), 2 ਜਿਲਦਾਂ, ਐਡਵਰਡ ਚਰਟਨ, ਲੰਡਨ, 1834.

21. ਜਾਕਮੋਂਟ, ਵੀ. ਅਤੇ ਏ. ਸੋਲਤੀਕੋਂਫ, *ਦੀ ਪੰਜਾਬ - ਏ ਹੰਡਰਡ ਯੀਅਰਜ਼ ਅਗੋ* (ਸੰਪਾ. ਐਚ.ਐਲ.ਓ. ਗੈਰੈਟ), ਪੰਜਾਬ ਸਰਕਾਰ ਰੀਕਾਰਡ ਆਫਿਸ, ਮੋਨੋਗਰਾਫ ਨੰ. 18, ਲਾਹੌਰ, 1935.

21. ਪ੍ਰਿੰਸੇਪ, ਹੈਨਰੀ ਟੀ., *ਓਰਿਜਨ ਆੱਫ ਦ ਸਿਖ ਪਾਵਰ ਇਨ ਦੀ ਪੰਜਾਬ ਐਂਡ ਪੋਲਿਟੀਕਲ ਲਾਈਫ ਆੱਫ ਮਹਾਰਾਜਾ ਰਣਜੀਤ ਸਿੰਘ ਵਿਦ ਐਨ ਅਕਾਊਂਟ ਆੱਫ ਦ ਪ੍ਰੈਜ਼ੇਂਟ ਕੰਡੀਸ਼ਨ, ਰੀਲਿਜਨ, ਲਾਅਜ਼ ਐਂਡ ਕਸਟਮਜ਼ ਆੱਫ ਦ ਸਿਖਸ*, ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1971 (ਦੂਜੀ ਛਾਪ - ਪ੍ਰਥਮ ਪ੍ਰਕਾਸ਼ਨ 1834).

22. ਫੇਨ, ਹੈਨਰੀ, *ਫਾਈਵ ਯੀਅਰਸ ਇਨ ਇੰਡੀਆ* 1835-1839, ਦੋ ਜਿਲਦਾਂ, ਹੈਨਰੀ ਕੋਲਬਰਨ, ਲੰਡਨ, 1842.

23. ਬਰਨਜ਼ ਅਲੈਗਜ਼ੈਂਡਰ, *ਟਰੈਵਲਜ਼ ਇੰਟੂ ਬੁਖਾਰਾ*, 3 ਜਿਲਦਾਂ, ਆੱਕਸਫੋਰਡ ਯੂਨੀਵਰਸਿਟੀ ਪ੍ਰੈਸ, ਲੰਡਨ, 1973, (ਦੂਸਰੀ ਛਾਪ - ਪ੍ਰਥਮ ਪ੍ਰਕਾਸ਼ਨ, 1834).

24. ਮੂਰਕਰੋਫਟ, ਡਬਲਿਊ. ਅਤੇ ਜੀ. ਟਰੈਬੈਕ, *ਟਰੈਵਲਜ਼ ਇਨ ਦੀ ਹਿਮਾਲਾਇਨ ਪ੍ਰੋਵਿਨਸਿਜ਼ ਆਫ ਹਿੰਦੁਸਤਾਨ ਐਂਡ ਦੀ ਪੰਜਾਬ, ਇਨ ਲਦਾਖ ਐਂਡ ਕਾਸ਼ਮੀਰ ਇਨ ਪੇਸ਼ਾਵਰ, ਕਾਬਲ ਐਂਡ ਕੁੰਦੂਜ਼ ਐਂਡ ਬੋਖਾਰਾ ਫਰੌਮ 1819 ਟੂ 1825*, ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1970 (ਦੁਬਾਰਾ ਛਾਪ - ਪ੍ਰਥਮ ਪ੍ਰਕਾਸ਼ਨ 1837).

25. ਮੈਸਨ, ਚਾਰਲਸ, *ਨੈਰੇਟਿਵ ਆੱਫ ਵੇਰੀਅਸ ਜਰਨੀਜ਼ ਇਨ ਬਲੋਚਿਸਤਾਨ, ਅਫਗਾਨਸਤਾਨ ਐਂਡ ਦ ਪੰਜਾਬ ਫਰੌਮ 1826 ਟੂ 1838*, ਤਿੰਨ ਜਿਲਦਾਂ, ਰਿਚਰਡ ਬੈਂਟਲੇ, ਲੰਡਨ, 1848.

26. ਮੋਹਨ ਲਾਲ, ਮੁਨਸ਼ੀ, *ਜਰਨਲ ਆੱਫ ਦਾ ਟੂਅਰ ਥਰੂ ਦ ਪੰਜਾਬ, ਅਫਗਾਨਿਸਤਾਨ, ਤੁਰਕਸਤਾਨ, ਖ਼ੁਰਾਸਾਨ ਐਂਡ ਪਾਰਟ ਆੱਫ ਪਰਸ਼ੀਆ*, ਕਲਕੱਤਾ, 1834.

27. —, *ਟਰੈਵਲ ਇਨ ਦਾ ਪੰਜਾਬ, ਅਫਗਾਨਿਸਤਾਨ, ਐਂਡ ਤੁਰਕਸਤਾਨ ਟੂ ਬਲਖ, ਬੁਖਾਰਾ ਐਂਡ ਹੈਰਾਤ, ਐਟਸੈਟਰਾ*, (ਸੰਪਾ. ਐਸ.ਹਸਨ ਅਹਿਮਦ), ਕੇ.ਪੀ. ਬਾਗਚੀ ਐਂਡ ਕੰਪਨੀ, ਕਲਕੱਤਾ, 1977 (ਪ੍ਰਥਮ ਪ੍ਰਕਾਸ਼ਨ 1846).

28. ਵਿਗਨੇ, ਜੀ.ਟੀ., *ਏ ਪਰਸਨਲ ਨੈਰੇਟਿਵ ਆਫ ਏ ਵਿਜ਼ਿਟ ਟੂ ਗਜ਼ਨੀ, ਕਾਬਲ ਐਂਡ ਅਫਗਾਨਿਸਤਾਨ*, ਵ੍ਹਿਟਕਰ ਐਂਡ ਕੋ., ਲੰਡਨ, 1840.

# ਉੱਤਰਕਾਲੀਨ ਕਿਰਤਾਂ

## 1. ਕਿਤਾਬਾਂ


1. ਆਹਲੂਵਾਲੀਆ,ਐਮ.ਐਲ.(ਸੰਪਾ.), *ਮਹਾਰਾਜਾ ਰਣਜੀਤ ਸਿੰਘ'ਜ਼ ਨੈਗੋਸ਼ੀਏਸ਼ਨਜ਼ ਵਿਦ ਦ ਬ੍ਰਿਟਿਸ਼ ਐਨਵੌਏ ਚਾਰਲਜ਼ ਥੀਓਫਾਈਲਸ ਮੈਟਕਾਫ 1808-1809*, ਅਸ਼ੋਕਾ ਇੰਟਰਨੈਸ਼ਨਲ ਪਬਲਿਸ਼ਰਜ਼, ਨਵੀਂ ਦਿੱਲੀ, 1982
2. ਆਰਚਰ, ਡਬਲੀਊ.ਜੀ., *ਪੇਂਟਿੰਗਜ਼ ਆਫ ਦ ਸਿਖਸ*, ਹਰ ਮੈਜਸਟੀਜ਼ ਆੱਫਿਸ, ਲੰਡਨ, 1966.
3. ਐਜਾਜ਼ੁਦੀਨ, ਐਫ.ਐਸ., *ਪਹਾੜੀ ਪੇਂਟਿੰਗਜ਼ ਐਂਡ ਸਿਖ ਪੋਰਟਰੇਟਸ ਇਨ ਦਾ ਲਾਹੌਰ ਮਿਊਜ਼ਿਅਮ*, ਸਦੇਬਾਈ ਪਾਰਕ ਬਰਨੈਟ, ਲੰਡਨ, 1977
4. —, *ਸਿਖ ਪੋਰਟਰੇਟਸ ਬਾਈ ਯੋਰੋਪਿਅਨ ਆਰਟਿਸਟਸ*, ਸਦੇਬਾਈ ਪਾਰਕ ਬਰਨੈਟ, ਲੰਡਨ, 1979.
5. ਇਬੈਟਸਨ, ਡੈਨਜ਼ਿਲ ਚਾਰਲਜ਼ ਜੈਲਫ, *ਰੀਪੋਰਟ ਆਫ ਦ ਸੈਨਸਸ ਔਂਫ ਦਾ ਪੰਜਾਬ 1881*, ਜਿਲਦ I, ਭਾਗ II, ਲਾਹੌਰ, 1883.
6. ਸਟਰੌਂਜ, ਸੂਸਨ (ਸੰਪਾ.), *ਦ ਆਰਟਸ ਔਂਫ ਦ ਸਿਖ ਕਿੰਗਡਮਜ਼*, ਵੀ ਐਂਡ ਏ ਪਬਲੀਕੇਸ਼ਨਜ਼, ਲੰਡਨ, 1999.
7. ਸਪੇਟ, ਓ.ਐਚ.ਕੇ. ਅਤੇ ਏ.ਟੀ.ਏ. ਲੀਅਰਮੰਥ, *ਇੰਡੀਆ ਐਂਡ ਪਾਕਿਸਤਾਨ*, ਮੇਥੂਐਨ ਐਂਡ ਕੰ., ਲੰਡਨ, 1967 (ਤੀਜੀ ਐਡੀਸ਼ਨ).
8. ਸਿਨਹਾ, ਐਨ.ਕੇ., *ਰਣਜੀਤ ਸਿੰਘ*, ਏ. ਮੁਕਰਜੀ ਐਂਡ ਕੰ., ਕਲਕੱਤਾ, 1968 (ਤੀਜੀ ਐਡੀਸ਼ਨ).
9. ਸੇਠੀ, ਆਰ.ਆਰ., *ਦ ਲਾਹੌਰ ਦਰਬਾਰ : ਇਨ ਦ ਲਾਈਟ ਔਂਫ ਦਾ ਕੌਰਸਪੌਂਡੈਨਸ ਆਫ ਸਰ ਸੀ.ਐਮ. ਵੇਡ (1823-40)*, ਦ ਪੰਜਾਬ ਗਵਰਨਮੈਂਟ ਰਿਕਾਰਡ ਆੱਫਿਸ ਪਬਲੀਕੇਸ਼ਨ, ਮੋਨੋਗਰਾਫ ਨੰ. 1, ਸ਼ਿਮਲਾ, 1950.
10. ਸ਼ਰਮਾ, ਰਾਧਾ, *ਪੈਜ਼ੈਂਟਰੀ ਐਂਡ ਦ ਸਟੇਟ : ਅਰਲੀ ਨਾਈਨਟੀਨਥ ਸੈਂਚੁਰੀ ਪੰਜਾਬ*, ਕੇ. ਕੇ. ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼, ਨਵੀਂ ਦਿੱਲੀ, 2000.
11. ਹਸਰਤ, ਬਿਕਰਮਾਜੀਤ, *ਐਂਗਲੋ-ਸਿਖ ਰੀਲੇਸ਼ਨਜ਼ (1799-1849)*, ਵਿਸ਼ਵੇਸ਼ਵਰਾਨੰਦ ਵੇਦਿਕ ਰੀਸਰਚ ਇੰਸਟੀਟਿਊਟ, ਹੋਸ਼ਿਆਰਪੁਰ, 1968.
12. —, *ਲਾਈਫ ਐਂਡ ਟਾਈਮਜ਼ ਆਫ ਮਹਾਰਾਜਾ ਰਣਜੀਤ ਸਿੰਘ*, ਨਾਭਾ, 1977.
13. ਹਚਿਨਸਨ, ਜੇ. ਅਤੇ ਜੇ.ਪੀਐਚ. ਵੋਗੈਲ, *ਹਿਸਟਰੀ ਆਫ ਦ ਪੰਜਾਬ ਹਿੱਲ ਸਟੇਟਸ*, 2 ਜਿਲਦਾਂ, ਗਵਰਨਮੈਂਟ ਪ੍ਰਿੰਟਿੰਗ, ਲਾਹੌਰ, 1933.
14. ਹਰਬੰਸ ਸਿੰਘ, *ਮਹਾਰਾਜਾ ਰਣਜੀਤ ਸਿੰਘ*, ਸਟਰਲਿੰਗ ਪਬਲਿਸ਼ਰਜ਼, ਨਵੀਂ ਦਿੱਲੀ, 1980.
15. ਕਾਇਰਨੌਨ, ਵਿਕਟਰ ਜੀ., *ਮੈਟਕਾਫ'ਜ਼ ਮਿਸ਼ਨ ਟੂ ਲਾਹੌਰ*, (1808-1809), ਪੰਜਾਬ ਗਵਰਨਮੈਂਟ ਰਿਕਾਰਡ ਆੱਫਿਸ, ਲਾਹੌਰ, 1943.
16. ਕਿਰਪਾਲ ਸਿੰਘ, *ਦ ਹਿਸਟੌਰੀਕਲ ਸਟੱਡੀ ਆਫ ਮਹਾਰਾਜਾ ਰਣਜੀਤ ਸਿੰਘ'ਜ਼ ਟਾਈਮਜ਼*, ਨੈਸ਼ਨਲ ਬੁਕ ਸ਼ਾਪ, ਦਿੱਲੀ, 1994.
17. ਕੋਹਲੀ, ਸੀਤਾ ਰਾਮ, *ਮਹਾਰਾਜਾ ਰਣਜੀਤ ਸਿੰਘ* (ਪੰਜਾਬੀ), ਆਤਮਾ ਰਾਮ ਐਂਡ ਸਨਜ਼, ਦਿੱਲੀ, 1953.
18. —, *ਮਹਾਰਾਜਾ ਰਣਜੀਤ ਸਿੰਘ* (ਉਰਦੂ), ਹਿੰਦੁਸਤਾਨੀ ਅਕੈਡਮੀ, ਅਲਾਹਾਬਾਦ, 1933.
19. ਕੈਸਿੰਗਰ, ਟੌਮ ਜੀ., *ਵਿਲਾਇਤਪੁਰ, 1848-1968*, ਯੰਗ ਏਸ਼ੀਆ ਪਬਲੀਕੇਸ਼ਨਜ਼, ਨਵੀਂ ਦਿੱਲੀ, 1979, (ਪ੍ਰਥਮ ਭਾਰਤੀ ਐਡੀਸ਼ਨ).
20. ਕੰਨਿਘਮ, ਜੋਜ਼ਫ ਡੇਵੇ *ਏ ਹਿਸਟਰੀ ਆਫ ਦ ਸਿਖਸ*, ਐਸ. ਚਾਂਦ ਐਂਡ ਕੰ. ਦਿੱਲੀ, 1966 (ਦੂਸਰੀ ਛਾਪ-ਪ੍ਰਥਮ ਪ੍ਰਕਾਸ਼ਨ 1849).
21. ਖ਼ਾਨ ਅਹਿਸਾਨ ਰਜ਼ਾ, *ਚੀਫਟੇਨਸ ਇਨ ਦਾ ਮੁਗਲ ਐਂਪਾਇਰ ਡਿਊਰਿੰਗ ਦ ਰੇਨ ਔਂਫ ਅਕਬਰ*, ਇੰਡੀਅਨ ਇੰਸਟੀਟਿਊਟ ਔਂਫ ਐਡਵਾਂਸਡ ਸਟੱਡੀ, ਸ਼ਿਮਲਾ, 1977.
22. ਖੁਸ਼ਵੰਤ ਸਿੰਘ, *ਰਣਜੀਤ ਸਿੰਘ : ਮਹਾਰਾਜਾ ਔਂਫ ਦੀ ਪੰਜਾਬ*, ਜਾਰਜ ਐਲਨ ਐਂਡ ਅਨਵਿਨ, ਲੰਡਨ, 1962.

23. ਗ੍ਰੇ, ਸੀ., *ਯੂਰੋਪੀਅਨ ਐਡਵੈਂਚਰਰਜ਼ ਆੱਫ ਨਾਰਦਰਨ ਇੰਡੀਆ 1785 ਟੂ 1849*, ਸੁਪਰਿਨਟੈਂਡੈਂਟ ਗਵਰਨਮੈਂਟ ਪ੍ਰਿੰਟਿੰਗ, ਲਾਹੌਰ, 1929.
24. ਗ੍ਰਿਫਨ, ਸਰ ਲੈਪਲ, *ਰਣਜੀਤ ਸਿੰਘ*, ਐਸ. ਚਾਂਦ ਐਂਡ ਕੰ., ਦਿੱਲੀ 1957, (ਦੂਸਰੀ ਛਾਪ).
25. ਗ੍ਰਿਫੱਨ, ਲੈਪਲ, *ਪੰਜਾਬ ਚੀਫਸ*, ਲਾਹੌਰ, 1865.
26. ਗ੍ਰਿਫਨ, ਲੈਪਲ ਅਤੇ ਚਾਰਲਜ਼ ਫਰਾਂਸਿਸ ਮੈਸੀ, *ਚੀਫਸ ਐਂਡ ਫੈਮਿਲੀਜ਼ ਆੱਫ ਨੋਟ ਇਨ ਦ ਪੰਜਾਬ*, ਦੋ ਜਿਲਦਾਂ, ਲਾਹੌਰ, 1909.
27. ਗਰੇਵਾਲ, ਜੇ.ਐਸ., *ਫਰੋਮ ਗੁਰੂ ਨਾਨਕ ਟੂ ਮਹਾਰਾਜਾ ਰਣਜੀਤ ਸਿੰਘ : ਐਸੇਜ਼ ਇਨ ਸਿਖ ਹਿਸਟਰੀ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1972.
28. —, *ਸਿਖ ਆਈਡੀਆਲੋਜੀ, ਪੋਲਿਟੀ ਐਂਡ ਸੋਸ਼ਲ ਆਰਡਰ*, ਮਨੋਹਰ, ਨਵੀਂ ਦਿੱਲੀ, 1996.
29. —, *ਦ ਰੇਨ ਆਫ ਮਹਾਰਾਜਾ ਰਣਜੀਤ ਸਿੰਘ : ਸਟ੍ਰਕਚਰ ਆਫ ਪਾਵਰ, ਇਕੌਨਮੀ ਐਂਡ ਸੋਸਾਇਟੀ*, ਸੀਤਾ ਰਾਮ ਕੋਹਲੀ ਮੈਮੋਰੀਅਲ ਲੈਕਚਰਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981.
30. ਗਰੇਵਾਲ, ਜੇ.ਐਸ. ਅਤੇ ਇੰਦੂ ਬਾਂਗਾ (ਸੰਪਾ.), *ਮਹਾਰਾਜਾ ਰਣਜੀਤ ਸਿੰਘ ਐਂਡ ਹਿਜ਼ ਟਾਈਮਜ਼*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980.
31. ਗੁਪਤਾ, ਹਰੀ ਰਾਮ, *ਟਰਾਂਸ-ਸਤਲੁਜ ਰਣਜੀਤ ਸਿੰਘ*, ਤੀਜੀ ਜਿਲਦ, ਮਿਨਰਵਾ ਬੁਕ ਸ਼ਾਪ, ਲਾਹੌਰ, 1944.
32. ਗੋਸਵਾਮੀ, ਬੀ.ਐਨ. ਅਤੇ ਐਬਰਹਾਰਡ, ਫਿਸ਼ਰ, *ਪਹਾੜੀ ਮਾਸਟਰਜ਼ : ਕੋਰਟ ਪੇਂਟਰਜ਼ ਆੱਫ ਨਾਰਦਰਨ ਇੰਡੀਆ*, ਆਰਤੀਬਸ ਏਸ਼ਆਏ, ਜ਼ਿਊਰਿਚ, 1992.
33. ਗੋਸਵਾਮੀ, ਬੀ.ਐਨ., *ਪਾਇਅਟਿ ਐਂਡ ਸਪਲੈਂਡਰ : ਸਿਖ ਹੈਰੀਟੇਜ ਇਨ ਆਰਟ*, ਨੈਸ਼ਨਲ ਮਿਊਜ਼ੀਅਮ, ਨਵੀਂ ਦਿੱਲੀ, 2000.
34. ਚੋਪੜਾ, ਜੀ.ਐਲ., *ਦੀ ਪੰਜਾਬ ਐਜ਼ ਏ ਸੋਵਰਿਨ ਸਟੇਟ*, ਵਿਸ਼ਵੇਸ਼ਵਰਾਨੰਦ ਵੈਦਿਕ ਰੀਸਰਚ ਇੰਨਸਟੀਟਿਊਟ, ਹੋਸ਼ਿਆਰਪੁਰ, 1960 (ਦੂਜਾ ਐਡੀਸ਼ਨ).
35. ਤੇਜਾ ਸਿੰਘ ਅਤੇ ਗੰਡਾ ਸਿੰਘ (ਸੰਪਾ.), *ਮਹਾਰਾਜਾ ਰਣਜੀਤ ਸਿੰਘ : ਫਸਟ ਡੈਥ ਸੈਂਟੇਨਰੀ ਮੈਮੋਰੀਅਲ ਵਾਲਿਊਮ*, ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1970, (ਦੂਸਰੀ ਛਾਪ - ਪ੍ਰਥਮ ਪ੍ਰਕਾਸ਼ਨ 1939).
36. ਪਾਲ, ਸੁਵਰਚਾ, *ਸਿਖ ਮਿਨੀਏਚਰਜ਼ ਇਨ ਦ ਚੰਡੀਗੜ੍ਹ ਮਿਊਜ਼ਿਅਮ*, ਚੰਡੀਗੜ ਮਿਊਜ਼ੀਅਮ, ਚੰਡੀਗੜ, 1985.
37. ਫੌਜਾ ਸਿੰਘ, *ਮਿਲਿਟਰੀ ਸਿਸਟਮ ਆੱਫ ਦ ਸਿਖਸ (1799-1849)*, ਮੋਤੀ ਲਾਲ ਬਨਾਰਸੀ ਦਾਸ, ਦਿੱਲੀ, 1964.
38. —, *ਸਮ ਆਸਪੈਕਟਸ ਆਫ ਸਟੇਟ ਐਂਡ ਸੋਸਾਇਟੀ ਅੰਡਰ ਰਣਜੀਤ ਸਿੰਘ*, ਮਾਸਟਰ ਪਬਲਿਸ਼ਰਜ਼, ਨਵੀਂ ਦਿੱਲੀ, 1982.
39. —, *ਦ ਸਿਟੀ ਔਫ ਅੰਮ੍ਰਿਤਸਰ*, ਓਰੀਐਂਟਲ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼, ਨਵੀਂ ਦਿੱਲੀ, 1978.
40. ਫੌਜਾ ਸਿੰਘ ਅਤੇ ਏ.ਸੀ. ਅਰੋੜਾ (ਸੰਪਾ.), *ਮਹਾਰਾਜਾ ਰਣਜੀਤ ਸਿੰਘ : ਪਾਲਿਟਿਕਸ, ਸੋਸਾਇਟੀ ਐਂਡ ਇਕੌਨਮੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.
41. ਬਾਵਾ, ਸਤਿੰਦਰ ਸਿੰਘ, *ਦ ਜੰਮੂ ਟੌਕਸ : ਏ ਬਾਇਓਗ੍ਰਾਫੀ ਆੱਫ ਮਹਾਰਾਜਾ ਗੁਲਾਬ ਸਿੰਘ ਆਫ ਕਸ਼ਮੀਰ (1792-1857)*, ਸਦਰਨ ਇਲੀਨੋਇ ਯੂਨੀਵਰਸਿਟੀ ਪ੍ਰੈਸ, ਕਾਰਬਨਡੇਲ ਐਡਵਰਡਜਵਿਲੇ, 1974.
42. ਬਾਂਗਾ, ਇੰਦੂ, *ਐਗ੍ਰੇਰੀਅਨ ਸਿਸਟਮ ਆੱਫ ਦ ਸਿਖਸ : ਲੇਟ ਏਟੀਨਥ ਐਂਡ ਅਰਲੀ ਨਾਈਨਟੀਨਥ ਸੈਂਚੁਰੀ*, ਮਨੋਹਰ ਪਬਲੀਕੇਸ਼ਨਜ਼, ਨਵੀਂ ਦਿੱਲੀ, 1978.
43. ਬੈਨਰਜੀ, ਅਨਿਲ ਚੰਦਰਾ, *ਐਂਗਲੋ-ਸਿਖ ਰਿਲੇਸ਼ਨਜ਼*, ਏ. ਮੁਖਰਜੀ ਐਂਡ ਕੋ. ਕਲਕੱਤਾ, 1947.
44. ਰੋਜ਼, ਐਚ. ਏ., *ਏ ਗਲੌਸਰੀ ਆੱਫ ਕਾਸਟਸ ਐਂਡ ਟਰਾਈਬਜ਼ ਆਫ ਦਾ ਪੰਜਾਬ ਐਂਡ ਐਨ. ਡਬਲੀਊ. ਐਫ. ਪੀ.*, ਤਿੰਨ ਜਿਲਦਾਂ, ਪੰਜਾਬ ਭਾਸ਼ਾ ਵਿਭਾਗ, ਪਟਿਆਲਾ, 1970 (ਦੂਸਰੀ ਛਾਪ).
45. ਲਾਫੋਂਤ, ਜੀਨ-ਮੌਰੀ, *ਫਰੈਂਚ ਐਡਮਨਿਸਟ੍ਰੇਟਰਜ਼ ਆੱਫ ਮਹਾਰਾਜਾ ਰਣਜੀਤ ਸਿੰਘ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1988 (ਸੋਧਿਆ ਐਡੀਸ਼ਨ).

46. ਵਹੀਦੁਦੀਨ, ਫ਼ਕੀਰ ਸਯੱਦ, *ਦ ਰੀਅਲ ਰਣਜੀਤ ਸਿੰਘ,* ਲਾਇਨ ਆਰਟ ਪ੍ਰੈਸ, ਕਰਾਚੀ, 1965 (ਚੌਥੀ ਐਡੀਸ਼ਨ).
47. ਵਾਲੀਆ, ਜਗਜੀਵਨ ਮੋਹਨ, *ਪਾਰਟੀਜ਼ ਐਂਡ ਪਾਲਿਟਿਕਸ ਐਟ ਦ ਸਿਖ ਕੋਰਟ 1799-1849,* ਮਾਸਟਰ ਪਬਲਿਸ਼ਰਜ਼, ਨਵੀਂ ਦਿਲੀ, 1982.

## 2. ਨਿਬੰਧ (ਆਰਟੀਕਲਜ਼/ਲੇਖ)

1. ਆਹਲੂਵਾਲੀਆ, ਐਮ.ਐਸ., *ਦ ਰੀਲੇਸ਼ਨਜ਼ ਆਫ ਰਣਜੀਤ ਸਿੰਘ ਵਿਦ ਦ ਹਿੱਲ ਚੀਫਸ ਆਫ ਹਿਮਾਚਲ*, '*ਦ ਪੰਜਾਬ ਪਾਸਟ ਐਂਡ ਪ੍ਰੈਜ਼ੈਂਟ,* ਜਿਲਦ XIV-II, ਨੰ. 28, ਅਕਤੂਬਰ 1980, 156-67.
2. ਸੁਲੱਖਣ ਸਿੰਘ, *'ਉਦਾਸੀਜ਼ ਇਨ ਦ ਰੇਨ ਆਫ ਮਹਾਰਾਜਾ ਰਣਜੀਤ ਸਿੰਘ', ਜਰਨਲ ਆਫ ਰਿਜਨਲ ਹਿਸਟਰੀ,* II, 1982, 37-42.
3. ਸ਼ਰਮਾ, ਰਾਧਾ, 'ਲੈਂਡ ਟੈਨਿਉਅਰਜ਼ ਇਨ ਅੰਮ੍ਰਿਤਸਰ ਡਿਸਟ੍ਰਿਕਟ ਇਨ ਦ ਅਰਲੀ ਨਾਈਨਟੀਨਥ ਸੈਂਚੁਅਰੀ', *ਪ੍ਰੋਸੀਡਿੰਗਜ਼ ਪੰਜਾਬ ਹਿਸਟਰੀ ਕਾਨਫਰੰਸ,* ਪਟਿਆਲਾ, 1980, 170-73.
4. ਕਿਰਪਾਲ ਸਿੰਘ, 'ਹਿਸਟਾਰੀਕਲ ਇੰਪਾਰਟੈਂਸ ਆਫ ਜ਼ਫਰਨਾਮਹ—ਰਣਜੀਤ ਸਿੰਘ', *ਪ੍ਰੋਸੀਡਿੰਗਜ਼ ਪੰਜਾਬ ਹਿਸਟਰੀ ਕਾਨਫਰੰਸ,* ਪਟਿਆਲਾ, 1982, 97-100.
5. ਕੋਹਲੀ, ਸੀਤਾ ਰਾਮ, 'ਏ ਬੁਕ ਆਫ ਮਿਲਿਟਰੀ ਪਰਵਾਨਾਜ਼', *ਪ੍ਰੋਸੀਡਿੰਗਜ਼ ਇੰਡੀਅਨ ਹਿਸਟਰੀ ਕਾਂਗਰਸ* 1940, II, 367-71.
6. —, 'ਲੈਂਡ ਰੈਵੀਨਿਉ ਐਡਮਨਿਸਟ੍ਰੇਸ਼ਨ ਅੰਡਰ ਮਹਾਰਾਜਾ ਰਣਜੀਤ ਸਿੰਘ, *ਜਰਨਲ ਆਫ ਦੀ ਪੰਜਾਬ ਹਿਸਟਾਰੀਕਲ ਸੋਸਾਇਟੀ,* VII-I, 1918, 74-90.
7. ਖੁਰਾਨਾ, ਜੀ., 'ਜੇ.ਡੀ. ਕਨਿੰਘਮ'ਜ਼ ਰੀਪੋਰਟ ਆਨ ਦ ਸਿਖ ਕਿੰਗਡਮ', *ਹਿਸਟਰੀ ਐਂਡ ਆਈਡੀਆਲੋਜੀ : ਦ ਖ਼ਾਲਸਾ ਓਵਰ 300 ਯੀਅਰਜ਼* (ਸੰਪਾ. ਜੇ.ਐਸ. ਗਰੇਵਾਲ ਅਤੇ ਇੰਦੂ ਬਾਂਗਾ), ਇੰਡੀਅਨ ਹਿਸਟਰੀ ਕਾਂਗਰਸ, ਤੁਲਿਕਾ, ਨਵੀਂ ਦਿਲੀ, 1999, 88-93.
8. ਗਰੇਵਾਲ, ਜੇ.ਐਸ., 'ਹਿਸਟਾਰੀਕਲ ਜਯੋਗਰਾਫੀ ਆਫ ਦ ਪੰਜਾਬ', *ਜਰਨਲ ਆਫ ਰਿਜਨਲ ਹਿਸਟਰੀ,* ਜਿਲਦ ਪਹਿਲੀ (1980), 1-14.
9. ਗਰੇਵਾਲ, ਜੇ.ਐਸ. ਅਤੇ ਇੰਦੂ ਬਾਂਗਾ, 'ਰਣਜੀਤ ਸਿੰਘ, ਦ ਸੁਜ਼ਰੇਨ', *ਪ੍ਰੋਸੀਡਿੰਗਸ ਪੰਜਾਬ ਹਿਸਟਰੀ ਕਾਨਫਰੰਸ,* ਪਟਿਆਲਾ, 1970, 70-89.
10. ਗੋਸਵਾਮੀ, ਬੀ.ਐਨ., 'ਏ ਮੈਟਰ ਔਫ ਟੇਸਟ : ਸਮ, ਨੋਟਜ਼ ਆਨ ਦ ਕੰਟੈਕਸਟ ਆਫ ਪੇਂਟਿੰਗ ਇਨ ਸਿਖ ਪੰਜਾਬ'; *ਮਾਰਗ,* ਜਿਲਦ XXXIV, ਨੰ. 1, 1981, 45-62.
11. —, 'ਸਿਖ ਪੇਂਟਿੰਗ : ਐਨ ਅਨੈਲਿਸਿਸ ਆਫ ਸਮ ਆਸਪੈਕਟਸ ਆਫ ਪੈਟਰਿਨੇਜ', *ਓਰੀਐਂਟਲ ਆਰਟ,* ਨਿਊ ਸੀਰੀਜ਼, ਜਿਲਦ 15, ਨੰ. 1, 1969.
12. ਗੰਡਾ ਸਿੰਘ, 'ਸਨਜ਼ ਆਫ ਮਹਾਰਾਜਾ ਰਣਜੀਤ ਸਿੰਘ : ਕੰਟਰੋਵਰਸੀਜ਼ ਸਕਰੂਟਨਾਈਜ਼ਡ', *ਦ ਪੰਜਾਬ ਪਾਸਟ ਐਂਡ ਪ੍ਰੈਜ਼ੈਂਟ,* ਜਿਲਦ XIV-II, ਨੰ. 28, ਅਕਤੂਬਰ 1980, 255-65.
13. ਜੋਹਲ, ਦਲਜਿੰਦਰ ਸਿੰਘ, 'ਲਿਟਰੇਰੀ ਐਵੀਡੈਂਸ ਆਨ ਸੋਸ਼ਲ ਸਟ੍ਰਕਚਰ ਇਨ ਦਾ ਪੰਜਾਬ (1750-1850)', *ਜਰਨਲ ਆਫ ਰਿਜਨਲ ਹਿਸਟਰੀ,* ਜਿਲਦ I (1980). 51-69.
14. —, 'ਐਵੀਡੈਂਸ ਆਨ ਰੀਲਿਜਨ ਐਂਡ ਰੀਲਿਜਅਸ ਗਰੁੱਪਸ ਇਨ ਹੀਰ ਵਾਰਸ ਸ਼ਾਹ', *ਪ੍ਰੋਸੀਡਿੰਗਸ ਪੰਜਾਬ ਹਿਸਟਰੀ ਕਾਨਫਰੰਸ,* ਪਟਿਆਲਾ, 1981, 121-27.
15. ਬਲ, ਐਸ.ਐਸ., ਕੈਰੈਕਟਰ ਔਫ ਰਣਜੀਤ ਸਿੰਘ 'ਜ਼ ਕਿੰਗਡਮ ਐਜ਼ ਸੀਨ ਬਾਈ ਦ ਬ੍ਰਿਟਿਸ਼, *ਦ ਪੰਜਾਬ ਪਾਸਟ ਐਂਡ ਪ੍ਰੈਜ਼ੈਂਟ,* ਜਿਲਦ XVII-I ਨੰ. 43, ਅਪ੍ਰੈਲ 1988, 1-18.
16. ਬਾਂਗਾ, ਇੰਦੂ, 'ਅਗ੍ਰੇਰੀਅਨ ਸਿਸਟਮ ਔਫ ਰਣਜੀਤ ਸਿੰਘ', *ਹਿਸਟਰੀ ਐਂਡ ਆਈਡੀਓਲੋਜੀ : ਦ ਖ਼ਾਲਸਾ ਓਵਰ 300 ਯੀਅਰਜ਼,* (ਸੰਪਾ. ਜੇ.ਐਸ. ਗਰੇਵਾਲ ਅਤੇ ਇੰਦੂ ਬਾਂਗਾ), ਇੰਡੀਅਨ ਹਿਸਟਰੀ ਕਾਂਗਰਸ, ਤੁਲਿਕਾ, ਨਵੀਂ ਦਿਲੀ, 1999, 77-81.

17. —, 'ਦ ਜਾਗੀਰਦਾਰੀ ਸਿਸਟਮ ਔਂਫ ਰਣਜੀਤ ਸਿੰਘ', *ਉਹੀ*, 82-87.

18. —, 'ਫਾਰਮੇਸ਼ਨ ਔਂਫ ਦ ਸਿਖ ਸਟੇਟ, 1765-1845', *ਫਾਈਵ ਪੰਜਾਬੀ ਸੈਂਚੁਅਰੀਜ਼ : ਪਾਲਿਟੀ, ਇਕੋਨਮੀ, ਸੋਸਾਇਟੀ ਐਂਡ ਕਲਚਰ, 1500-1990 ਦੇ ਲਾਗੇ ਚਾਗੇ*, (ਸੰਪਾ. ਇੰਦੂ ਬਾਂਗਾ), ਮਨੋਹਰ, ਨਵੀ ਦਿਲੀ, 1997, 84-111.

19. —, *'ਦ ਖਾਲਸਾ ਆਈਡਿਔਲੋਜੀ ਐਂਡ ਦ ਖਾਲਸਾ ਰਾਜ', ਰੈਲੇਵੈਂਸ ਔਂਫ ਖਾਲਸਾ ਵੈਲੀਊ ਸਿਸਟਮ ਇਨ ਦ ਟਵੰਟੀ ਫਸਟ ਸੈਂਚੁਇਰੀ*, ਆਨੰਦਪੁਰ ਸਾਹਿਬ ਫਾਊਂਡੇਸ਼ਨ, ਚੰਡੀਗੜ੍ਹ, 2000, 82-106.

20. —, 'ਦ ਰੂਲਿੰਗ ਕਲਾਸ ਇਨ ਦ ਕਿੰਗਡਮ ਔਂਫ ਲਾਹੌਰ', *ਜਰਨਲ ਆਫ ਰਿਜਨਲ ਹਿਸਟਰੀ*, ਜਿਲਦ III, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982, 15-24.

21. —, 'ਰੀਲਿਜਅਸ ਲੈਂਡ ਗਰਾਂਟਸ ਅੰਡਰ ਸਿਖ ਰੂਲ', *ਪ੍ਰੋਸੀਡਿੰਗਜ਼ ਪੰਜਾਬ ਹਿਸਟਰੀ ਕਾਨਫਰੰਸ*, ਪਟਿਆਲਾ, 1971, 144-51.

22. —, 'ਸਿਖ ਰੈਵੀਨਿਊ ਐਡਮਨਿਸਟ੍ਰੇਸ਼ਨ : ਦ ਫਰੇਮਵਰਕ', *ਸਟੱਡੀਜ਼ ਇਨ ਲੋਕਲ ਐਂਡ ਰਿਜਨਲ ਹਿਸਟਰੀ*, (ਸੰਪਾ. ਜੇ.ਐਸ. ਗਰੇਵਾਲ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974, 55-85.

23. —, 'ਸੋਸਾਇਟੀ, ਇਕੋਨਮੀ ਐਂਡ ਅਰਬਨਾਈਜ਼ੇਸ਼ਨ ਇਨ ਦ ਅਪਰ ਬਾਰੀ ਦੁਆਬ, 1700-1947', *ਸਟੱਡੀਜ਼ ਇਨ ਅਰਬਨ ਹਿਸਟਰੀ*, (ਸੰਪਾ. ਜੇ.ਐਸ. ਗਰੇਵਾਲ ਅਤੇ ਇੰਦੂ ਬਾਂਗਾ), ਗੁ. ਨਾ. ਦੇ. ਯੂ., 1981, 192-205.

24. ਰੋਜਰਜ, ਸੀ.ਜੇ., 'ਆਨ ਦ ਕਾਇਨਜ਼ ਆਫ ਦ ਸਿਖਸ', *ਜਰਨਲ ਆਫ ਦ ਏਸ਼ਿਆਟਕ ਸੋਸਾਇਟੀ ਆਫ ਬੈਂਗਾਲ*, I-I, 1881, 71-93.

25. ਰੰਧਾਵਾ, ਐਮ.ਐਸ., 'ਸਿਖ ਪੇਂਟਿੰਗਸ', *ਰੂਪਲੇਖਾ*, ਜਿਲਦ 39, ਨੰ. 1.

26. ਲਾਫੋਂਤ, ਜੀਨ-ਮੇਰੀ, 'ਬਾਨੌਐ ਪਾਨ ਦੇਆਈ ਐਲਾਰਡ ਐਂਡ ਦ ਫੈਮਲੀ ਆਫ ਜਨਰਲ ਐਲਾਰਡ', *ਦ ਪੰਜਾਬ ਪਾਸਟ ਐਂਡ ਪ੍ਰੈਜੈਂਟ*, ਜਿਲਦ XV-I, ਨੰ. 29, ਅਪ੍ਰੈਲ 1981, 28-63.

27. —, 'ਫਰੈਂਚ ਪੈਟਰਿਨੇਜ ਆਫ ਆਰਟ ਇਨ ਦ ਪੰਜਾਬ ਕਿੰਗਡਮ, 1822-1849 : ਦ ਕੇਸ ਆਫ ਜਨਰਲ ਐਲਾਰਡ', *ਇੰਡੀਕਾ : ਐਸੇਜ਼ ਇਨ ਇੰਡੋ-ਫਰੈਂਚ ਰੀਲੇਸ਼ਨਜ਼*, 1630-1976, ਮਨੋਹਰ, ਨਵੀ ਦਿਲੀ, 2000, 250-86.

28. —, 'ਦ ਕਾਮਰਸ ਆਫ ਪੰਜਾਬ ਐਂਡ ਕਸ਼ਮੀਰ ਇਨ 1832 : ਸੀ.ਐਮ. ਵੇਡ'ਸ ਰੀਪੋਰਟ ਟੂ ਦ ਈਸਟ ਇੰਡੀਆ ਕੰਪਨੀ; *ਉਹੀ*, 343-82.